ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 51 | 25 December 2019 to 31 December 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਪੰਜਾਬੀਆਂ ਨੂੰ ਸੰਤੁਸ਼ਟ ਨਾ ਕਰ ਸਕੀਆਂ ਸਿਆਸੀ ਪਾਰਟੀਆਂ

**ਚੰਡੀਗੜ੍ਹ/ਬਲਵਿੰਦਰ ਪਾਲ ਸਿੰਘ:** ਅਲਵਿਦਾ ਆਖ ਗਿਆ 2019 ਪੰਜਾਬ ਦੀਆਂ ਰਾਜਸੀ-ਪਾਰਟੀਆਂ ਲਈ ਨਿਘਾਰ ਦੇ ਵਰੇ ਵਜੋਂ ਚੇਤੇ ਰੱਖਿਆ ਜਾਵੇਗਾ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਤਿੰਨ ਸਾਲ ਪਹਿਲਾਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਨੇ ਪੰਜਾਬੀਆਂ ਨਾਲ ਵੱਡੇ ਵਾਅਦੇ ਕੀਤੇ। ਪੰਜਾਬੀਆਂ ਨੇ ਹੁੰਗਾਰ ਭਰ ਕੇ ਵੱਡੀ ਬਹੁਮਤ ਨਾਲ ਉਨਾਂ ਨੂੰ ਸਰਕਾਰ ਬਣਾਉਣ ਦਾ ਮੌਕਾ ਦਿੱਤਾ। ਪੰਜਾਬੀਆਂ ਵਿਚ ਵੱਡੀ ਨਰਾਜ਼ਗੀ ਹੈ ਕਿ ਕੈਪਟਨ ਅਮਰਿੰਦਰ ਦੀ ਸਰਕਾਰ ਤਿੰਨ ਸਾਲ ਵਿਚ ਵਾਅਦੇ ਪੂਰੇ ਨਹੀਂ ਕਰ ਸਕੀ।




ਕੈਪਟਨ ਸਰਕਾਰ ਦਾ ਫਲਾਪ ਚਿਹਰਾ

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਬਾਅਦ ਕਾਂਗਰਸ ਨੂੰ ਸਤਾ ਵਿਚ ਆਉਣ ਦਾ ਉਸ ਵੇਲੇ ਚੰਗਾ ਮੌਕਾ ਮਿਲਿਆ ਜਦੋਂ ਕੌਮੀ ਪੱਧਰ 'ਤੇ ਕਾਂਗਰਸ ਦਾ ਬੁਰਾ ਹਾਲ ਸੀ ਅਤੇ ਮੋਦੀ ਦੀ ਅਗਵਾਈ ਹੇਠ ਕੇਂਦਰ ਵਿਚ ਬਣੀ ਭਾਜਪਾ ਸਰਕਾਰ ਦੀ ਚੜਤ ਸੀ। ਕੈਪਟਨ ਨੇ ਸੂਬੇ ਦੀ ਕਿਸਾਨੀ ਨੂੰ ਭਰੋਸਾ ਦਿੱਤਾ ਕਿ ਕਿਸਾਨੀ ਦੇ ਕਰਜ਼ੇ ਮਾਫ ਕਰਕੇ ਕਿਸਾਨਾਂ ਨੂੰ ਆਰਥਿਕ ਸੰਕਟ ਤੋਂ ਬਾਹਰ ਲਿਆਂਦਾ ਜਾਵੇਗਾ। ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਗਿਆ। ਸੂਬੇ ਦੀ ਆਰਥਿਕ ਹਾਲਤ ਸੁਧਾਰਨ, ਸੂਬੇ ਦੀ ਸਨਅਤ ਨੂੰ ਮਜ਼ਬੂਤ ਬਣਾਉਣ ਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਗਿਆ। ਕੈਪਟਨ ਸਰਕਾਰ ਦੀ ਸਥਿਤੀ ਇਹ ਹੈ ਕਿ ਇੱਕ ਵੀ ਵਾਅਦਾ ਸਿਰੇ ਨਹੀਂ ਚੜਿਆ। ਕਿਸਾਨੀ ਅੱਜ ਵੀ ਖੁਦਕੁਸ਼ੀਆਂ ਕਰ ਰਹੀ ਹੈ ਅਤੇ ਕਿਸਾਨ ਜਥੇਬੰਦੀਆਂ ਅੰਦੋਲਨ ਦੇ ਰਾਹ ਪਈਆਂ ਹੋਈਆਂ ਹਨ। ਨਸ਼ਿਆਂ ਦੇ ਕਾਰੋਬਾਰ ਨੂੰ ਠੱਲ ਤਾਂ ਨਹੀਂ ਪਈ ਸਗੋਂ ਅਕਾਲੀ ਦਲ ਅਤੇ ਕਾਂਗਰਸ ਦੇ ਨੇਤਾ ਇੱਕ-ਦੂਜੇ ਵਿਰੁੱਧ ਦੋਸ਼ ਲਾਉਣ ਦੀ ਖੇਡ ਵਿਚ ਰੁਝੇ ਹੋਏ ਹਨ। ਅਮਨ ਕਾਨੂੰਨ ਦੀ ਸਥਿਤੀ ਇਹ ਹੈ ਕਿ ਗੈਂਗਸਟਰਵਾਦ ਵਿਚ ਮੰਤਰੀ ਅਤੇ ਅਕਾਲੀ ਨੇਤਾ ਇੱਕ-ਦੂਜੇ ਦੀ ਪਗੜੀ ਨੂੰ ਹੱਥ ਪਾਉਣ ਲੱਗੇ ਹੋਏ ਹਨ। ਲੋਕ ਦਿਨ ਦਿਹਾੜੇ ਗੋਲੀਆਂ ਨਾਲ ਮਰ ਰਹੇ ਹਨ। ਰਿਹਾ ਮਾਮਲਾ ਰੁਜ਼ਗਾਰ ਦਾ, ਹਰ ਸਾਲ ਇੱਕ ਲੱਖ ਤੋਂ ਵਧੇਰੇ ਨੌਜਵਾਨ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਪੱਛਮੀ ਮੁਲਕਾਂ ਨੂੰ ਜਾ ਰਹੇ ਹਨ। ਇੰਝ ਜਾਪਦਾ ਹੈ ਜਿਵੇਂ ਕੈਪਟਨ ਸਰਕਾਰ ਦੀ ਸੋਚ ਇਹ ਰਹੀ ਹੋਵੇ ਸੂਬੇ ਵਿਚ ਜੁਆਨੀ ਨਾ ਰਹੀ ਤਾਂ ਰੁਜ਼ਗਾਰ ਦੀ ਸਮੱਸਿਆ ਆਪਣੇ-ਆਪ ਖਤਮ ਹੋ ਜਾਵੇਗੀ।

ਪੰਜਾਬ ਸਰਕਾਰ ਲਈ 2018 ਤੇ 2019 ਆਰਥਿਕ ਤੰਗੀ ਵਿਚ ਹੀ ਲੰਘ ਗਿਆ, ਜਿਸ ਦੇ ਚਲਦੇ ਜਿਥੇ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰ ਸਕੀ, ਉਥੇ ਕਈ ਵਿਕਾਸ ਯੋਜਨਾਵਾਂ ਲਈ ਵੀ ਸਰਕਾਰ ਦਾ ਇਹ ਵਿੱਤੀ ਸੰਕਟ ਵੱਡਾ ਅੜਿੱਕਾ ਬਣ ਕੇ ਮੂਹਰੇ ਖੜਾ ਰਿਹਾ। ਵਾਅਦੇ ਨਾ ਪੂਰੇ ਹੋਣ ਦੇ ਚਲਦੇ ਜਿਥੇ ਸਰਕਾਰ ਨੂੰ ਵਿਰੋਧੀ ਧਿਰਾਂ, ਅਧਿਆਪਕਾਂ ਅਤੇ ਮੁਲਾਜ਼ਮ ਜਥੇਬੰਦੀਆਂ ਦੇ ਵਿਦਰੋਹ ਦਾ ਸਾਹਮਣਾ ਕਰਨਾ ਪਿਆ, ਉਥੇ ਸਰਕਾਰ ਪੂਰਾ ਸਾਲ ਖ਼ਜ਼ਾਨਾ ਖ਼ਾਲੀ ਹੋਣ ਦੀ ਦੁਹਾਈ ਦਿੰਦੀ ਹੀ ਦਿਖਾਈ ਦਿੱਤੀ। ਜਾਣਕਾਰੀ ਅਨੁਸਾਰ ਸਰਕਾਰ ਨੇ ਸਾਲ 2018 ਦੌਰਾਨ ਵੀ ਜੋ ਮਾਲੀਆ ਇਕੱਠਾ ਕਰਨ ਦਾ ਟੀਚਾ ਮਿੱਥਿਆ ਸੀ, ਉਸ ਨੂੰ ਵੀ ਪੂਰਾ ਨਾ ਕਰ ਸਕੀ । ਇਸ ਦੇ ਇਲਾਵਾ ਜੀ.ਐੱਸ.ਟੀ. ਤੋਂ ਹੋਣ ਵਾਲੀ ਕਮਾਈ ਤੋਂ ਵੀ ਸੰਤੁਸ਼ਟ ਨਜ਼ਰ ਨਹੀਂ ਆ ਰਹੀ। ਦੂਜੇ ਪਾਸੇ ਸੂਬੇ ਦੇ ਇਸ ਵਿੱਤੀ ਸੰਕਟ ਦਾ ਕਾਰਨ ਅਕਾਲੀ ਦਲ ਅਤੇ ਕਾਂਗਰਸ ਦੋਵੇਂ ਇਕ ਦੂਜੇ ਨੂੰ ਦੱਸਦੇ ਆ ਰਹੇ ਹਨ। ਸਰਕਾਰ ਨੇ ਇਸ ਸਾਲ ਵਿੱਤੀ ਸੰਕਟ ਦਾ ਵੱਡਾ ਕਾਰਨ ਕੇਂਦਰ ਵਲੋਂ ਜੀ.ਐੱਸ.ਟੀ. ਦਾ ਰਿਫੰਡ ਸਮੇਂ ਸਿਰ ਅਦਾ ਨਾ ਕਰਨ ਨੂੰ ਵੀ ਦੱਸਿਆ, ਜਦਕਿ ਪਿਛਲੀ ਅਕਾਲੀ ਭਾਜਪਾ ਸਰਕਾਰ ਦੇ ਖ਼ਜ਼ਾਨਾ ਮੰਤਰੀ ਪਰਮਿੰਦਰ ਸਿੰਘ

ਬਾਕੀ ਸਫ਼ਾ 33 'ਤੇ

## ਮੋਗਾ ਜ਼ਿਲੇ ਦੇ ਮਾਛੀਕੇ ਪਿੰਡ 'ਚ ਸਿੱਖ ਪਰਿਵਾਰ ਨੇ ਮਸਜਿਦ ਲਈ ਜ਼ਮੀਨ ਦਾਨ ਕੀਤੀ



**ਮੋਗਾ/ ਏ.ਟੀ. ਨਿਊਜ਼:** ਇੱਥੋਂ ਨੇੜਲੇ ਪਿੰਡ ਮਾਛੀਕੇ ਵਿੱਚ ਇੱਕ ਸਿੱਖ ਪਰਿਵਾਰ ਨੇ ਆਪਣੀ 16 ਮਰਲੇ ਜ਼ਮੀਨ ਮੁਸਲਮਾਨ ਭਾਈਚਾਰੇ ਨੂੰ ਦਾਨ ਕਰ ਦਿੱਤੀ ਹੈ ਤਾਂ ਕਿ ਮੁਸਲਮਾਨ ਉੱਥੇ ਆਪਣੀ ਇਬਾਦਤ ਦੀ ਥਾਂ ਮਸਜਿਦ ਬਣਾ ਸਕਣ। ਟਾਈਮਜ਼ ਆਫ ਇੰਡੀਆ ਅਖਬਾਰ ਦੀ ਰਿਪੋਰਟ ਮੁਤਾਬਿਕ ਬਰਨਾਲਾ ਮੋਗਾ ਮੁੱਖ ਮਾਰਗ 'ਤੇ ਪਹਿਲਾਂ 200 ਸਾਲ ਪੁਰਾਣੀ ਮਸਜਿਦ ਬਣੀ ਹੋਈ ਸੀ। ਪਰ ਸੜਕ ਚੌੜੀ ਹੋਣ ਕਾਰਨ ਇਸ ਮਸਜਿਦ ਨੂੰ ਢਾਹੁਣ ਦੇ ਹੁਕਮ ਜਾਰੀ ਹੋ ਗਏ ਹਨ।

ਜ਼ਮੀਨ ਦੀ ਚਲਦੀ ਕੀਮਤ ਮੁਤਾਬਿਕ ਸਿੱਖ ਪਰਿਵਾਰ ਵੱਲੋਂ ਦਿੱਤੀ ਗਈ ਜ਼ਮੀਨ ਦੀ ਕੀਮਤ 8 ਲੱਖ ਰੁਪਏ ਬਣਦੀ ਹੈ। ਜਾਣਕਾਰੀ ਮੁਤਾਬਿਕ ਜਦੋਂ

ਬਾਕੀ ਸਫ਼ਾ 33 'ਤੇ

## ਸਿਆਟਲ ਵਿਚ ਸਾਹਿਬਜ਼ਾਦਿਆਂ ਤੇ ਮਾਤਾ ਗੁਜ਼ਰੀ ਜੀ ਦੇ ਸ਼ਹੀਦੀ ਸਮਾਗਮ



ਕੀਰਤਨੀ ਜਥਾ ਭਾਈ ਜਸਵਿੰਦਰ ਸਿੰਘ, ਭਾਈ ਮੋਹਣ ਸਿੰਘ ਤੇ ਭਾਈ ਮਨਿੰਦਰ ਸਿੰਘ ਅਤੇ ਭਾਈ ਦਵਿੰਦਰਪਾਲ ਸਿੰਘ ਕੀਰਤਨ ਕਰਦੇ ਸਮੇਂ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿਆਟਲ ਦੇ ਵੱਖ ਵੱਖ ਗੁਰੂਘਰਾਂ ਅਤੇ ਆਸ ਪਾਸ ਦੇ ਗੁਰਦੁਆਰੇ ਬੋਥਲ, ਮੈਰੀਸਵੈਲ, ਸਪੋਕੇਨ, ਬੈਲਗਹਿਮ, ਟਰਾਈਸਿਟੀਜ਼, ਪੋਰਟਲੈਂਡ, ਸੈਲਮਤੇ ਟਾਕੋਮਾ ਵਿਖੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਦੇ ਸ਼ਹੀਦੀ ਸਮਾਗਮ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਗਏ, ਜਿੱਥੇ ਸੰਗਤਾਂ ਨੇ ਭਾਰੀ ਗਿਣਤੀ ਵਿਚ ਪਹੁੰਚ ਕੇ ਗੁਰੂਘਰਾਂ ਵਿਚ ਹਾਜ਼ਰੀ ਲਗਵਾਈ। ਫਤਹਿਗੜ ਸਾਹਿਬ ਦੀ ਸੰਗਤ ਨੇ ਤਿੰਨੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਤੇ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਨਾਲ ਨਿਭਾਈ। ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਖ਼ੂਨਦਾਨ ਕੈਂਪ ਤੇ ਕਵੀ ਦਰਬਾਰ ਕਰਵਾ ਕੇ ਸੇਵਾ ਕੀਤੀ। ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਾਰੇ ਸਾਹਿਬਜ਼ ਦੀ ਲਾਸਾਨੀ ਸ਼ਹਾਦਤ ਨੂੰ ਕੀਰਤਨੀ ਜਥਿਆਂ ਤੇ ਕਥਾ ਵਾਚਕਾਂ ਨੇ ਬੜੇ ਸੁਚੱਜੇ ਢੰਗ ਨਾਲ ਪੇਸ਼ ਕਰਕੇ ਸੰਗਤਾਂ ਨੂੰ ਜਾਣੂ ਕਰਵਾਇਆ।

## ਨਗਰ ਕੀਰਤਨ ਸਜਾਉਣ 'ਤੇ ਲੱਗੀਆਂ ਰੋਕਾਂ

### 55 ਸਿੱਖਾਂ ਖਿਲਾਫ ਕੇਸ ਦਰਜ

**ਪੀਲੀਭੀਤ/ਏ.ਟੀ. ਨਿਊਜ਼:** ਉੱਤਰ ਪ੍ਰਦੇਸ਼ ਅੰਦਰ ਪੀਲੀਭੀਤ ਦੇ ਪਿੰਡ ਖੇੜੀ ਨੌਬਰਾਮਾਦ ਵਿਚ ਸਿੱਖ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਦੇ ਸਾਹਿਬਜਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਕੱਢਣ ਤੋਂ ਰੋਕਦਿਆਂ ਪੁਲਿਸ ਨੇ 55 ਸਿੱਖਾਂ ਖਿਲਾਫ ਕੇਸ ਦਰਜ ਕਰ ਦਿੱਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਜਿਨਾਂ ਪਿੰਡਾਂ ਵਿੱਚ ਨਗਰ ਕੀਰਤਨ ਸਜਾਇਆ ਜਾ ਰਿਹਾ ਸੀ ਉੱਥੇ ਧਾਰਾ 144 ਲੱਗੀ ਹੋਈ ਸੀ ਜਿਸ ਮੁਤਾਬਿਕ ਚਾਰ ਜਾਂ ਚਾਰ ਤੋਂ ਵੱਧ ਲੋਕਾਂ ਦੇ ਇਕੱਠੇ ਹੋਣ 'ਤੇ ਰੋਕ ਹੁੰਦੀ ਹੈ। ਪਰ ਇਸ ਧਾਰਾ ਦੇ ਬਹਾਨੇ ਉੱਤਰ ਪ੍ਰਦੇਸ਼ ਪੁਲਿਸ ਵੱਲੋਂ ਸਿੱਖਾਂ ਦੇ ਧਾਰਮਿਕ ਹੱਕਾਂ ਦਾ ਘਾਣ ਕੀਤਾ ਗਿਆ ਅਤੇ ਗੁਰੂ ਪਾਤਸ਼ਾਹ ਦੀ ਹਜ਼ੂਰੀ 'ਚ ਸਜਾਏ ਜਾ ਰਹੇ ਨਗਰ ਕੀਰਤਨ ਨੂੰ ਰੋਕ ਕੇ ਸਿੱਖਾਂ ਨੂੰ ਜ਼ਲੀਲ ਕੀਤਾ ਗਿਆ।

ਮੀਡੀਆ ਨਾਲ ਗੱਲ ਕਰਦਿਆਂ ਖੇੜੀ ਨੌਬਰਾਮਾਦ ਦੇ ਸਿੱਖ ਆਗੂ ਰਣਜੀਤ ਸਿੰਘ ਨੇ ਦੱਸਿਆ ਕਿ ਸੰਗਤਾਂ ਵਲੋਂ ਕਾਲੀਨਗਰ ਖੇਤਰ ਦੇ ਸਬ-ਡਵੀਜ਼ਨਲ ਮੈਜਿਸਟ੍ਰੇਟ ਨੂੰ ਨਗਰ ਕੀਰਤਨ ਬਾਰੇ ਅਗਾਊਂ ਜਾਣਕਾਰੀ ਦਿੱਤੀ



ਗਈ ਸੀ ਪਰ ਉਨਾਂ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਸੀ। ਪਰ ਸੰਗਤਾਂ ਨੇ ਫੈਸਲਾ ਕੀਤਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਨਗਰ ਕੀਰਤਨ ਸਜਾਇਆ ਜਾਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪੁਲਿਸ ਦੀ ਇਸ ਕਾਰਵਾਈ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਸਿੱਖਾਂ ਦੀ ਧਾਰਮਿਕ ਅਜ਼ਾਦੀ 'ਤੇ ਸਿੱਧਾ ਹਮਲਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਇਸ ਘਟਨਾ ਨੂੰ ਸ਼੍ਰੋਮਣੀ ਕਮੇਟੀ ਨੇ ਨਾਦਰਸ਼ਾਹੀ ਫੈਸਲਾ ਕਰਾਰ ਦਿੱਤਾ ਹੈ ਅਤੇ ਇਸ ਦੀ ਘੋਰ ਨਿਖੇਧੀ ਕੀਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੇ ਆਖਿਆ ਹੈ ਕਿ ਸਿੱਖ ਸੰਗਤਾਂ ਦੇਸ਼ ਦੁਨੀਆ ਅੰਦਰ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜਿਆਂ ਮੌਕੇ ਨਗਰ ਕੀਰਤਨ ਸਜਾ ਕੇ ਸ਼ਰਧਾ ਪ੍ਰਗਟਾਉਂਦੀਆਂ ਹਨ ਪ੍ਰੰਤੂ ਦੁੱਖ ਦੀ ਗੱਲ ਹੈ ਕਿ ਉੱਤਰ ਪ੍ਰਦੇਸ਼ ਅੰਦਰ ਪੀਲੀਭੀਤ ਦੇ ਇੱਕ ਪਿੰਡ ਵਿਚ ਪੁਲਿਸ ਵੱਲੋਂ ਨਗਰ ਕੀਰਤਨ ਸਜਾ ਰਹੇ ਸਿੱਖਾਂ ਵਿਰੁੱਧ ਕੇਸ ਦਰਜ ਕਰ ਦਿੱਤਾ ਗਿਆ।

ਭਾਈ ਲੌਂਗੋਵਾਲ ਨੇ ਕਿਹਾ

ਬਾਕੀ ਸਫ਼ਾ 33 'ਤੇ
















ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1, 2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# ਜੀਤ ਸਿੰਘ ਆਲੋਆਰਖ ਦੇ ਮਾਤਾ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ



**ਸੰਗਰੂਰ/ਮੱਖਣ ਸਿੰਘ ਕਲੇਰ:** ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਰਨਲ ਸਕੱਤਰ ਸ. ਜੀਤ ਸਿੰਘ ਆਲੋਆਰਖ ਦੇ ਮਾਤਾ ਬੀਬੀ ਅੰਗਰੇਜ ਕੌਰ ਜੋ ਬੀਤੇ 28 ਦਸੰਬਰ ਨੂੰ ਅਕਾਲ ਚਲਾਣਾ ਕਰ ਗਏ ਸਨ 'ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਯੂਨਿਟ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ । ਮਾਤਾ ਜੀ 96 ਸਾਲਾਂ ਦੀ ਉਮਰ ਭੋਗ ਕੇ ਇਸ ਸੰਸਾਰ ਤੋਂ ਅਕਾਲ ਚਲਾਣਾ ਕਰ ਗਏ। ਮਾਤਾ ਜੀ ਦੇ ਤਿੰਨ ਪੁੱਤਰ ਅਤੇ ਦੋ ਧੀਆਂ ਹਨ। ਇਸ ਦੁੱਖ ਦੀ ਘੜੀ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਸਮੁੱਚੀ ਜਥੇਬੰਦੀ ਸ. ਜੀਤ ਸਿੰਘ ਆਲੋਆਰਖ ਨਾਲ ਚਟਾਨ ਵਾਂਗ ਖੜੀ ਹੈ । ਵਾਹਿਗੁਰੂ ਸ. ਜੀਤ ਸਿੰਘ ਆਲੋਆਰਖ ਅਤੇ ਸਮੁੱਚੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । ਇਸ ਮੌਕੇ ਸ. ਬੂਟਾ ਸਿੰਘ ਖੜੌਦ ਕਨਵੀਨਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ, ਸ. ਸੁਰਜੀਤ ਸਿੰਘ ਕੁਲਾਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ, ਸ. ਮੱਖਣ ਸਿੰਘ ਕਲੇਰ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ, ਸ. ਰੁਪਿੰਦਰ ਸਿੰਘ ਬਾਠ ਸਕੱਤਰ ਜਰਨਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ।

**ਅੰਤਿਮ ਅਰਦਾਸ 5 ਤਾਰੀਖ ਨੂੰ ਦਿਨ ਐਤਵਾਰ ਨੂੰ ਹੋਵੇਗੀ**




# ਅਮਰੀਕਾ 'ਚ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਦੀਵਾਨਾਂ ਵਿਚ ਭਾਰੀ ਇਕੱਠ




**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)**

ਅੱਜ ਕੱਲ ਕੁਝ ਤਰਕ ਦੇ ਮੁੱਦਿਆਂ ਨੂੰ ਲੈ ਕੇ ਚਰਚਾ ਵਿਚ ਆਏ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਦੀਵਾਨ ਅਮਰੀਕਾ ਦੇ ਵੱਖ ਵੱਖ ਸੂਬਿਆਂ ਵਿਚ ਸਜਾਏ ਗਏ, ਜਿਥੇ ਉਨਾਂ ਤੋਂ ਭਾਰੀ ਗਿਣਤੀ ਵਿਚ ਬਿਨਾਂ ਮਤਭੇਦ ਤੋਂ ਸੁਣਨ ਆਈਆਂ ਸਿੱਖ ਸੰਗਤਾਂ ਨੇ ਗੁਰਬਾਣੀ ਦਾ ਲਾਹਾ ਲਿਆ। ਸ਼ਿਕਾਗੋ, ਸੈਕਰਾਮੈਂਟੋ ਤੋਂ ਇਲਾਵਾ ਉਹ ਵਾਲਟੀਮੋਰ ਦੇ ਵੱਖ-ਵੱਖ ਗੁਰਦੁਆਰਿਆਂ ਦੀਆਂ ਸੰਗਤਾਂ ਨਾਲ ਗੁਰਬਾਣੀ ਵਿਚਾਰ ਕਰਨਗੇ। ਸੈਕਰਾਮੈਂਟੋ ਦੇ ਦਸਮੇਸ਼ ਦਰਬਾਰ ਗੁਰਦੁਆਰਾ ਸਾਹਿਬ 'ਚ ਭਾਰੀ ਗਿਣਤੀ ਵਿਚ ਸੰਗਤਾਂ ਨੇ ਉਨਾਂ ਨੂੰ ਧਿਆਨ ਬਿਰਤੀ ਨਾਲ ਸੁਣਿਆ। ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਉਪਰ ਗੁਰਬਾਣੀ ਦੇ ਆਧਾਰ 'ਤੇ ਸਮੇਂ ਦੀ ਮੁਗਲ ਸਰਕਾਰ ਦੁਆਰਾ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਅਤੇ ਮੌਜੂਦਾ ਸਮੇਂ ਦੇ ਧਾਰਮਿਕ ਆਗੂਆਂ ਨੂੰ ਉਸ ਸਮੇਂ ਦੇ ਆਗੂਆਂ ਦੇ ਤੁਲਨਾਤਕ ਬਿਰਤਾਂਤਕ ਪੱਖ ਰਾਹੀਂ ਸੰਗਤਾਂ ਨੂੰ ਸੰਬੋਧਨ ਵੀ ਕੀਤਾ। ਉਨਾਂ ਕਥਾ ਦੇ ਨਾਲ ਨਾਲ ਆਪਣੇ ਉਪਰ ਲਗਾਏ ਗਏ ਇਲਜਾਮਾਂ ਨੂੰ ਨਿਰਧਾਰ ਦੱਸਦਿਆਂ ਇਹ ਵੀ ਕਿਹਾ ਕਿ ਮੈਂ ਅੱਜ ਤੱਕ ਕਦੇ ਵੀ ਸਿੱਖ ਸਿਧਾਂਤਾਂ ਅਤੇ ਗੁਰੂ ਸਾਹਿਬਾਨਾਂ ਦੇ ਫਲਸਫੇ ਤੋਂ ਕਦੇ ਬਾਹਰ ਨਹੀਂ ਗਿਆ ਅਤੇ ਮੈਨੂੰ ਸਰਕਾਰੀ ਤੰਤਰ ਕਥਾ ਕਰਨ ਤੇ ਪ੍ਰਚਾਰ ਕਰਨ ਤੋਂ ਰੋਕ ਰਿਹਾ ਹੈ ਤੇ ਜਦੋਂ ਤੱਕ ਸਿੱਖ ਸੰਗਤਾਂ ਉਨਾਂ ਨੂੰ ਪਿਆਰ ਕਰਦੀਆਂ ਹਨ ਉਹ ਸੰਭਵ ਨਹੀਂ ਹੋ ਸਕਦਾ ਅਤੇ ਦੂਸਰੇ ਪਾਸੇ ਮੈਂ ਕਥਾ ਅਤੇ ਪ੍ਰਚਾਰ ਬੰਦ ਕਰਨ ਲਈ ਕਿਸੇ ਵੇਲੇ ਵੀ ਤਿਆਰ ਹਾਂ। ਭਾਰੀ ਗਿਣਤੀ ਵਿਚ ਉਨਾਂ ਦੇ ਪ੍ਰਚਾਰ ਨੂੰ ਸੁਣਨ ਆਈ ਸਿੱਖ ਸੰਗਤ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਤੁਹਾਨੂੰ ਕੋਈ ਪ੍ਰਚਾਰ 'ਚ ਗਲਤ ਗੱਲ ਲੱਗੀ ? ਤਾਂ ਸੰਗਤਾਂ ਨੇ ਢੱਡਰੀਆਂ ਵਾਲੇ ਦੇ ਪ੍ਰਚਾਰ ਦੀ ਪ੍ਰੋੜਤਾ ਕੀਤੀ। ਦੂਸਰੇ ਪਾਸੇ ਕੁਝ ਲੋਕ ਗੁਰਦੁਆਰਾ ਸਾਹਿਬ ਦੇ ਬਾਹਰ ਬੱਚਿਆਂ ਨੂੰ ਅੱਗੇ ਕਰਕੇ ਵਿਰੋਧ ਕਰ ਰਹੇ ਸਨ ਪਰ ਉਨਾਂ ਨੂੰ ਭਾਰੀ ਗਿਣਤੀ ਵਿਚ ਆਈ ਸੰਗਤਾਂ ਨੇ ਅਣਸੁਣਿਆ ਕਰ ਦਿੱਤਾ, ਸਗੋਂ ਇਹ ਕਹਿੰਦੇ ਸੁਣੇ ਗਏ ਕਿ ਇਨਾਂ ਵਿਰੋਧ ਕਰਨ ਵਾਲੇ ਲੋਕਾਂ ਕਰਕੇ ਸਿੱਖਾਂ ਦੀ ਸ਼ਾਨ ਵਿਚ ਫਰਕ ਪੈਂਦਾ ਹੈ। ਜਦੋਂ ਉਨਾਂ ਦੇ ਹੱਥਾਂ ਵਿਚ ਫੜੇ ਬੈਨਰਾਂ ਬਾਰੇ ਪੁੱਛਿਆ ਤਾਂ ਉਨਾਂ ਨੇ ਕਿਹਾ ਸਾਨੂੰ ਤਾਂ ਬਣੇ ਬਣਾਏ ਹੱਥ 'ਚ ਫੜਾ ਦਿੱਤੇ ਗਏ ਤੇ ਉਨਾਂ ਨੂੰ ਵਿਰੋਧਤਾ ਦਾ ਮੁੱਖ ਕਾਰਨ ਵੀ ਨਹੀਂ ਸੀ ਪਤਾ। ਇਹੀ ਕੁਝ ਲੋਕ ਸਥਾਨਕ ਸਾਰੇ ਗੁਰਦੁਆਰਿਆਂ ਵਿਚ ਵਿਰੋਧ ਕਰਨ ਜਾਂਦੇ ਹਨ। ਪ੍ਰਬੰਧਕਾਂ ਵਲੋਂ ਪੁਲਿਸ ਸਕਿਓਰਿਟੀ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ।



## ਦੁਨੀਆ ਦੀ 5ਵੀਂ ਸਭ ਤੋਂ ਵੱਡੀ ਆਰਥਿਕਤਾ ਬਣਿਆ ਭਾਰਤ, ਫਰਾਂਸ-ਯੂਕੇ ਪਿੱਛੇ: ਰਿਪੋਰਟ

**ਨਵੀਂ ਦਿੱਲੀ-** ਬ੍ਰਿਟੇਨ ਸਥਿਤ ਸੈਂਟਰ ਫਾਰ ਇਕੋਨਾਮਿਕਸ ਐਂਡ ਬਿਜਨੈਸ ਰਿਸਰਚ (ਸੀਈਬੀਆਰ) ਦੀ ਰਿਪੋਰਟ 'ਵਰਲਡ ਇਕੋਨਾਮਿਕ ਲੀਗ ਟੇਬਲ 2020' ਮੁਤਾਬਿਕ ਭਾਰਤ 2019 ਵਿਚ ਬ੍ਰਿਟੇਨ ਅਤੇ ਫਰਾਂਸ ਦੋਹਾਂ ਨੂੰ ਪਛਾੜ ਕੇ ਦੁਨੀਆਂ ਦਾ 5ਵਾਂ ਸੱਭ ਤੋਂ ਵੱਡਾ ਅਰਥਚਾਰਾ ਬਣ ਗਿਆ ਹੈ। ਰਿਪੋਰਟ ਵਿਚ ਇਹ ਕਿਹਾ ਗਿਆ ਹੈ ਕਿ ਹੁਣ ਭਾਰਤ ਦੇ 2026 ਵਿਚ ਜਰਮਨੀ ਨੂੰ ਪਛਾੜ ਕੇ ਚੌਥਾ ਅਤੇ 2034 ਵਿਚ ਜਾਪਾਨ ਨੂੰ ਪਛਾੜ ਕੇ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣ ਜਾਣ ਦੀ ਸੰਭਾਵਨਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ 2026 ਤਕ 5000 ਅਰਬ ਡਾਲਰ ਦਾ ਅਰਥਚਾਰਾ ਬਣ ਸਕਦਾ ਹੈ। ਹਾਲਾਂਕਿ ਸਰਕਾਰ ਨੇ ਦੇਸ਼ ਨੂੰ 2024 ਤਕ 5000 ਅਰਬ ਡਾਲਰ ਦਾ ਅਰਥਚਾਰਾ ਬਣਾਉਣ ਦਾ ਟੀਚਾ ਮਿੱਥਿਆ ਹੋਇਆ ਹੈ। ਸੀਈਬੀਆਰ ਨੇ ਕਿਹਾ ਕਿ ਜਾਪਾਨ, ਜਰਮਨੀ ਅਤੇ ਭਾਰਤ ਵਿਚ ਅਗਲੇ 15 ਸਾਲ ਤਕ ਤੀਜੇ ਨੰਬਰ ਲਈ ਸਖਤ ਮੁਕਾਬਲਾ ਹੋਵੇਗਾ।

# ਫਰੀਮੌਂਟ 'ਚ ਨਾਗਰਿਕਤਾ ਸੋਧ ਬਿੱਲ ਵਿਰੁੱਧ ਜਬਰਦਸਤ ਪ੍ਰਦਰਸ਼ਨ







**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਭਾਰਤ ਸਰਕਾਰ ਵੱਲੋਂ ਬਣਾਏ ਗਏ ਨਾਗਰਿਕਤਾ ਸੋਧ ਕਾਨੂੰਨ ਤੇ ਐਨ.ਆਰ. ਸੀ ਵਿਰੁੱਧ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਪ੍ਰਦਰਸ਼ਨ ਹੋ ਰਹੇ ਹਨ। ਇਸੇ ਲੜੀ ਤਹਿਤ ਫਰੀਮੌਂਟ ਵਿਚ ਜਬਰਦਸਤ ਪ੍ਰਦਰਸ਼ਨ ਹੋਇਆ ਜਿਸ ਵਿਚ ਸਭ ਧਰਮਾਂ ਦੇ ਲੋਕਾਂ ਨੇ ਹਿੱਸਾ ਲਿਆ। ਪ੍ਰਦਰਸ਼ਨ ਵਿਚ ਬੱਚੇ, ਬੁੱਢੇ, ਔਰਤਾਂ ਤੇ ਮਰਦ ਸੈਂਕੜਿਆਂ ਦੀ ਗਿਣਤੀ ਵਿਚ ਸ਼ਾਮਿਲ ਹੋਏ। ਪ੍ਰਦਰਸ਼ਨਕਾਰੀਆਂ ਨੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਤੇ ਮਾਨਵਤਾ ਦੇ ਸਮਰਥਨ 'ਚ ਬੈਨਰ ਚੁੱਕੇ ਹੋਏ ਸਨ। ਕਈਆਂ ਨੇ ਹੱਥਾਂ ਵਿਚ ਭਾਰਤੀ ਤੇ ਅਮਰੀਕੀ ਝੰਡੇ ਫੜੇ ਹੋਏ ਸਨ। ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਇਕ ਬੁਲਾਰੇ ਸ਼ਾਂਤੀ ਨੇ ਕਿਹਾ ਕਿ ਅਸੀਂ ਚੁੱਪ ਨਹੀਂ ਬੈਠਾਂਗੇ ਤੇ ਸ਼ਾਂਤਮਈ ਢੰਗ ਨਾਲ ਇਹ ਯਕੀਨੀ ਬਣਾਵਾਂਗੇ ਕਿ ਭਾਰਤ ਧਰਮ ਨਿਰਪੱਖ ਦੇਸ਼ ਰਹੇ। ਦੱਖਣ ਏਸ਼ੀਆ ਦੇ ਇਤਿਹਾਸਕ ਤੇ ਮੌਜੂਦਾ ਮਾਮਲਿਆਂ ਦੇ ਵਿਸ਼ਲੇਸ਼ਣ ਮਾਹਿਰ ਪੀਟਰ ਫਰਾਈਡਰਿਚ ਨੇ ਕਿਹਾ ਕਿ ਉਹ ਭਾਰਤ ਦੀ ਮੌਜੂਦਾ ਸਰਕਾਰ ਦੀ ਤੁਲਨਾ ਜਰਮਨੀ ਦੇ ਨਾਜ਼ੀਆਂ ਨਾਲ ਕਰਦੇ ਹਨ। ਉਨ੍ਹਾਂ ਕਿਹਾ ਕਿ ਆਰ.ਐਸ.ਐਸ ਦੀ ਸਥਾਪਨਾ 1925 ਵਿਚ ਹੋਈ ਸੀ ਜਿਸ ਦਾ ਮਕਸਦ ਹਿੰਦੂ ਰਾਸ਼ਟਰ ਬਣਾਉਣਾ ਸੀ। ਹੁਣ ਆਰ.ਐਸ.ਐਸ ਦਾ ਸਰਕਾਰ ਉਪਰ ਸਿੱਧਾ ਨਿਯੰਤਰਣ ਹੈ। ਉਹ ਮੁਸਲਮਾਨਾਂ ਨਾਲ ਬਿਲਕੁੱਲ ਉਸ ਤਰ੍ਹਾਂ ਦਾ ਸਲੂਕ ਕਰਨਾ ਚਾਹੁੰਦੀ ਹੈ ਜਿਸ ਤਰ੍ਹਾਂ ਨਾਜ਼ੀਆਂ ਨੇ ਯਹੂਦੀਆਂ ਨਾਲ ਕੀਤਾ ਸੀ। ਇਕ ਹੋਰ ਬੁਲਾਰੇ ਨੇ ਕਿਹਾ 'ਮੈਂ ਹਿੰਦੂ ਹਾਂ ਤੇ ਇਕ ਧਰਮ ਨਿਰਪੱਖ ਸੋਸਾਇਟੀ ਵਿਚ ਵੱਡਾ ਹੋਇਆ ਹਾਂ। ਭਾਰਤ ਸਰਕਾਰ ਦੇਸ਼ ਦੇ ਧਰਮ ਨਿਰਪੱਖ ਸਵਰੂਪ ਨੂੰ ਬਦਲਣਾ ਚਹੁੰਦੀ ਹੈ। ਮੈਂ ਅਮਰੀਕਾ ਵਿਚ ਪੱਕੇ ਤੌਰ 'ਤੇ ਸੈਟਲ ਹੋਣ ਤੋਂ ਪਹਿਲਾਂ ਦੁਬਈ, ਜਰਮਨੀ, ਆਸਟ੍ਰੇਲੀਆ ਤੇ ਸਿੰਘਾਪੁਰ ਵਰਗੇ ਕਈ ਦੇਸ਼ਾਂ ਵਿਚ ਗਿਆ ਹਾਂ। ਮੈਂ ਆਪਣੇ ਨਿੱਜੀ ਤਜ਼ਰਬੇ ਦੇ ਆਧਾਰ 'ਤੇ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਭਾਰਤ ਨੇ ਪ੍ਰਗਤੀ ਕਰਨੀ ਹੈ ਤਾਂ ਸਭ ਧਰਮਾਂ ਦੇ ਲੋਕਾਂ ਵਿਚ ਸਦਭਾਵਨਾ ਤੇ ਸ਼ਾਂਤੀ ਹੋਣੀ ਜਰੂਰੀ ਹੈ ਤੇ ਇਹ ਤਾਂ ਹੀ ਸੰਭਵ ਹੈ ਜੇਕਰ ਭਾਰਤ ਸਭ ਧਰਮਾਂ ਦਾ ਬਰਾਬਰਤਾ ਨਾਲ ਸਤਿਕਾਰ ਕਰੇ। ਇਕ ਹੋਰ ਹਿੰਦੂ ਬੁਲਾਰੇ ਨੇ ਕਿਹਾ 'ਮੇਰਾ ਨਾਂ ਸੰਤੋਸ਼ ਹੈ ਤੇ ਮੈਂ ਸ਼ਹਿਰੀ ਨਕਸਲਬਾੜੀ ਨਹੀਂ ਹਾਂ ਪਰ ਮੈਂ ਜਿੰਨੀ ਨਫ਼ਰਤ ਮਜਲਿਸ-ਏ-ਇਤਹਾਦ-ਉਲ-ਮੁਸਲਿਮੀਨ ਨੂੰ ਕਰਦਾ ਹਾਂ ਓਨੀ ਨਫਰਤ ਹੀ ਭਾਜਪਾ ਨੂੰ ਕਰਦਾ ਹਾਂ। ਫਰੀਮੌਂਟ ਤੋਂ ਇਲਾਵਾ ਵਾਸ਼ਿੰਗਟਨ ਡੀ.ਸੀ, ਸ਼ਿਕਾਗੋ, ਫਿਲਾਡੈਲਫੀਆ, ਆਸਟਿਨ, ਲਾਸ ਏਂਜਲਸ ਤੇ ਸਨਫਰਾਂਸਿਸਕੋ ਵਿਚ ਵੀ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਪ੍ਰਦਰਸ਼ਨ ਹੋਏ।

## ਪਾਕਿਸਤਾਨੀ ਕੌਂਸਲੇਟ ਨੇ ਸਿੱਖ ਭਾਈਚਾਰੇ ਦੇ ਪਾਕਿ ਸਰਕਾਰ ਨਾਲ ਸੁਖਾਵੇਂ ਸੰਬੰਧਾਂ ਲਈ ਪੁੱਲ ਦਾ ਕੰਮ ਕੀਤਾ : ਯੂਨਾਈਟਡ ਫਰੰਟ ਆਫ ਸਿੱਖਸ



**ਨਿਊਯਾਰਕ, ਹੈਮਿਲਟਨ/ਰਾਜ ਗੋਗਨਾ :** ਬੀਤੇਂ ਦਿਨ ਪਾਕਿਸਤਾਨੀ ਕੋਸਲੇਟ ਜਨਰਲ ਇਮਰਾਨ ਅਹਿਮਦ ਸਦੀਕੀ ਦੀ ਵਿਦਾਇਗੀ ਤੇ ਬਾਬਾ ਬੁੱਢਾ ਜੀ ਗੁਰਦੁਆਰਾ ਸਾਹਿਬ ਹੈਮਿਲਟਨ (ਕੈਨੇਡਾ) ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਨੌਜੁਆਨ ਉਮਰ ਵਿੱਚ ਟੋਰਾਂਟੋ ਚ' ਸਥਿੱਤ ਪਾਕਿਸਤਾਨੀ ਕੋਸਲੇਟ ਦੀ ਪੁਜੀਸ਼ਨ ਤੇ ਸੇਵਾ ਨਿਭਾ ਰਹੇ ਕੌਂਸਲੇਟ ਸਦੀਕੀ ਇੱਕ ਦੂਰਅੰਦੇਸ਼ੀ ਵਿਅਕਤੀ ਹਨ ਜਿੰਨ੍ਹਾਂ ਨੇ ਆਪਣੇ ਸੇਵਾ ਕਾਲ ਦੌਰਾਨ ਕੈਨੇਡੀਅਨ ਸਿੱਖ ਕਮਿਊਨਟੀ ਨਾਲ ਰਿਸ਼ਤੇ ਮਜਬੂਤ ਕਰਨ ਵਿੱਚ ਇਕ ਅਹਿਮ ਭੂਮਿਕਾ ਨਿਭਾਈ ਹੈ। ਜਿੰਨਾਂ ਚ' ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਮੌਕੇ ਉਨ੍ਹਾਂ ਵਲੋਂ ਸਿੱਖ ਕਮਿਊਨਟੀ ਨਾਲ ਰਿਸ਼ਤੇ ਮਜਬੂਤ ਕਰਨ ਦੀ ਗੱਲ ਤੇ ਅਮਲ ਕਰਦਿਆਂ ਹਰ ਸਮਾਗਮ ਵਿੱਚ ਸ਼ਾਮਲ ਹੋਣ ਨੂੰ ਪਹਿਲ ਦਿੱਤੀ। ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਟੋਰਾਂਟੋ ਵਿੱਚ ਦਿੱਤੇ ਗਏ ਗੋਲਡ ਮੈਡਲ ਨੂੰ ਵੀ ਕੌਂਸਲੇਟ ਸਦੀਕੀ ਨੇ ਹਾਸਿਲ ਕੀਤਾ ਸੀ।ਕੈਨੇਡਾ ਦੇ ਹੈਮਿਲਟਨ ਗੁਰਦੁਆਰਾ ਸਾਹਿਬ ਵਿਖੇ ਬੋਲਦਿਆਂ ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਸਿੱਖ ਬਰਾਦਰੀ ਦੀ ਧਾਰਮਿਕ ਸਾਂਝ ਹੀ ਨਹੀਂ ਬਲਕਿ ਸੱਭਿਆਚਾਰਿਕ ਸਾਂਝ ਵੀ ਬਹੁਤ ਮਜਬੂਤ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਇੰਨੀ ਵੱਡੀ ਸਿੱਖ ਕਮਿਊਨਟੀ ਨੂੰ ਪਾਕਿਸਤਾਨ ਆਪਣੇ ਨੌਜੁਆਨ ਬੱਚਿਆਂ ਨੂੰ ਲਿਜਾ ਕੇ ਆਪਣੇ ਵਿਰਸੇ ਨਾਲ ਜੋੜਨਾ ਚਾਹੀਦਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਵਤਾਰ ਸਿੰਘ ਕਲੋਏ ਨੇ ਐਲਾਨ ਕੀਤਾ ਕਿ ਪਾਕਿਸਤਾਨ ਦੀ ਧਾਰਮਿਕ ਯਾਤਰਾ ਲਈ ਵੀਜਾ ਲੈਣ ਮੌਕੇ ਜੋ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਪਾਂਸਰਸ਼ਿਪ ਦੀ ਜ਼ਰੂਰਤ ਹੈ, ਉਹ ਹੁਣ ਬਾਬਾ ਬੁੱਢਾ ਜੀ ਗੁਰਦੁਆਰਾ ਹੈਮਿਲਟਨ ਵਲੋਂ ਦਿੱਤੀ ਜਾਇਆ ਕਰੇਗੀ। ਵੀਜ਼ਾ ਪ੍ਰਣਾਲੀ ਨੂੰ ਮੋਕਲਾ ਕਰਦਿਆਂ ਦੱਸਿਆ ਗਿਆ ਕਿ ਹੁਣ ਕੈਨੇਡਾ ਵਿੱਚ ਰਹਿੰਦੇ ਸਿੱਖ, ਜਿੰਨ੍ਹਾਂ ਕੋਲ ਭਾਰਤੀ ਪਾਸਪੋਰਟ ਹਨ, ਨੂੰ ਵੀ ਪਾਕਿਸਤਾਨ ਦਾ ਵੀਜ਼ਾ ਦਿੱਤਾ ਜਾ ਰਿਹਾ ਹੈ ਜੋ ਪਹਿਲਾਂ ਨਹੀਂ ਸੀ ਦਿੱਤਾ ਜਾਂਦਾ।ਇਸ ਸਨਮਾਨ ਸਮਾਰੋਹ ਵਿੱਚ ਟੋਰਾਂਟੋ ਤੋਂ ਯੂਨਾਈਟਡ ਫਰੰਟ ਆਫ ਸਿੱਖਸ ਦੇ ਸੁਖਮਿੰਦਰ ਸਿੰਘ ਹੰਸਰਾ, ਰਣਜੀਤ ਸਿੰਘ ਮਾਨ ਅਤੇ ਮਨਜੀਤ ਸਿੰਘ ਵੀ ਪਹੁੰਚੇ ਹੋਏ ਸਨ। ਇਸ ਮੌਕੇ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨ ਦੇ ਮੈਨੇਜਰ ਵੀ ਮੌਜੂਦ ਸਨ ਜਿੰਨ੍ਹਾਂ ਸਿੱਖ ਭਾਈਚਾਰੇ ਨੂੰ ਯਕੀਨ ਦੁਆਇਆ ਕਿ ਪੀ ਆਈ ਏ ਹਰ ਸਿੱਖ ਦੀ ਧਾਰਮਿਕ ਯਾਤਰਾ ਦਾ ਮੁਕੰਮਲ ਪ੍ਰਬੰਧ ਕਰਨ ਵਿੱਚ ਭੂਮਿਕਾ ਨਿਭਾਵੇਗੀ ਅਤੇ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਪਾਕਿਸਤਾਨ ਬਿਜਨੈਸ਼ ਐਸੋਸੀਏਸ਼ਨ ਆਫ ਹੈਮਿਲਟਨ ਦੇ ਜਫਰ ਚੌਧਰੀ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ।ਇਸ ਮੌਕੇ ਸਿਰੋਪਾਓ, ਸ਼ਾਲ ਅਤੇ ਪਲੈਕ ਦੇ ਕੇ ਕੌਂਸਲੇਟ ਇਮਰਾਨ ਅਹਿਮਦ ਸਦੀਕੀ ਦਾ ਸਨਮਾਨ ਕੀਤਾ ਗਿਆ।ਯੂਨਾਈਟਡ ਫਰੰਟ ਆਫ ਸਿੱਖਸ ਕੈਨੇਡਾ ਦੇ ਕੋਆਰਡੀਨੇਟਰ ਸੁਖਮਿੰਦਰ ਸਿੰਘ ਹੰਸਰਾ ਨੇ ਜਾਰੀ ਸਟੇਟਮੈਂਟ ਵਿੱਚ ਕਿਹਾ ਹੈ ਕਿ "ਕੌਂਸਲੇਟ ਇਮਰਾਨ ਅਹਿਮਦ ਸਦੀਕੀ ਨੇ ਸਿੱਖ ਭਾਈਚਾਰੇ ਦੇ ਪਾਕਿਸਤਾਨ ਸਰਕਾਰ ਨਾਲ ਸਬੰਧ ਸੁਖਾਵੇਂ ਬਣਾਉਣ ਵਿੱਚ ਪੁੱਲ ਦਾ ਕੰਮ ਕੀਤਾ ਹੈ"। ਉਨ੍ਹਾਂ ਕਿਹਾ ਕਿ ਕੌਂਸਲੇਟ ਸਦੀਕੀ ਦੇ ਸੇਵਾ ਕਾਲ ਦੌਰਾਨ ਬਹੁਤ ਕੈਨੇਡੀਅਨ ਸਿੱਖਾਂ ਨੂੰ ਪਾਕਿਸਤਾਨ ਦਾ ਵੀਜ਼ਾ ਹਾਸਿਲ ਕਰਨ ਵਿੱਚ ਦਿੱਕਤ ਨਹੀਂ ਆਈ। ਹੰਸਰਾ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਨੇ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦਾ ਨਿਰਮਾਣ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਹਰ ਸਿੱਖ ਨੂੰ ਪਾਕਿਸਤਾਨ ਵਿੱਚ ਮੌਜੂਦ ਗੁਰ ਅਸਥਾਨਾ ਦੇ ਦਰਸ਼ਨ ਕਰਨ ਲਈ ਜ਼ਰੂਰ ਜਾਣਾ ਚਾਹੀਦਾ ਹੈ। ਹੰਸਰਾ ਨੇ ਕਿਹਾ ਕਿ ਕਸ਼ਮੀਰ ਵਿੱਚ ਭਾਰਤੀ ਫੌਜ ਵਲੋਂ 5 ਅਗਸਤ 2019 ਤੋਂ ਲੈ ਕੇ ਹੁਣ ਤੱਕ ਲੋਕਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ। ਅਸੀਂ ਇਸ ਸੰਕਟਮਈ ਸਮ੍ਹੇਂ ਦੌਰਾਨ ਕਸ਼ਮੀਰ ਦੇ ਲੋਕਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੇ ਹਾਂ ਅਤੇ ਯੂ ਐਨ ਅਤੇ ਅੰਤਰਰਾਸ਼ਟਰੀ ਭਾਈਚਾਰੇ ਤੱਕ ਪਹੁੰਚ ਕਰ ਰਹੇ ਹਾਂ ਤਾਂ ਕਿ ਭਾਰਤ ਦੀ ਬੁਰਛਾਗਰਦੀ ਨੂੰ ਰੋਕਿਆ ਜਾ ਸਕੇ।ਅਤੇ ਪਾਕਿਸਤਾਨ ਬਾਰੇ ਭੁਲੇਖਾ ਪਾਊ ਪ੍ਰਚਾਰ ਤੋਂ ਬੱਚਣ ਦੀ ਲੋੜ ਹੈ। ਉਥੇ ਸਕਿਊਰਟੀ ਦੀ ਕੋਈ ਸਮੱਸਿਆ ਨਹੀਂ ਹੈ। ਇਹ ਵਿਚਾਰ ਰਣਜੀਤ ਸਿੰਘ ਮਾਨ ਨੇ ਦਿੱਤੇ। ਉਨ੍ਹਾਂ ਕਿਹਾ ਕਿ ਅਸੀਂ 14 ਦਿਨ ਲਾਹੌਰ ਵਿੱਚ ਰਹਿ ਕੇ ਆਏ ਹਾਂ ਅਤੇ ਦਿਨ ਰਾਤ ਟਰੈਵਲ ਕੀਤਾ ਹੈ। ਪਾਕਿਸਤਾਨ ਵਿੱਚ ਤਾਂ ਲੋਕ ਅਥਾਹ ਪਿਆਰ ਅਤੇ ਸਤਿਕਾਰ ਦਿੰਦੇ ਹਨ।

# 'ਚਮਕੌਰ ਦਾ ਯੁੱਧ' ਸਮਰਪਿਤ ਧਾਰਮਿਕ ਕਵੀ ਦਰਬਾਰ ਗੁਰਦੁਆਰਾ ਫਰੀਮੌਂਟ ਵਿਖੇ ਸਜਿਆ

**ਫਰੀਮੌਂਟ :ਪ੍ਰਮਿੰਦਰ ਸਿੰਘ ਪ੍ਰਵਾਨਾ**
ਅਮਰੀਕੀ ਪੰਜਾਬੀ ਕਵੀਆਂ ਵਲੋਂ 'ਚਮਕੌਰ ਦਾ ਯੁੱਧ' ਸਮਰਪਿਤ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦੁਆਰਾ ਫਰੀਮੌਂਟ 300 Gurdwara Road, Fremont CA 94536 ਵਿਖੇ ਸਜਾਇਆ ਗਿਆ। ਭਾਈ ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਇਤਿਹਾਸ ਤੇ ਰੋਸ਼ਨੀ ਪਾਈ ਗਈ ਕਿ ਚਮਕੌਰ ਦਾ ਯੁੱਧ ਸੰਸਾਰ ਪ੍ਰਸਿੱਧ ਯੁੱਧਾਂ ਵਿਚੋਂ ਇਕ ਹੈ ਜੋ ਕਿ ਅਸਾਵੀਂਆਂ ਫੌਜਾਂ ਵਿਚ ਲੜਿਆ ਗਿਆ। ਇਕ ਪਾਸੇ ਵੈਰੀ ਦੀ ਸਿਖਲਾਈ ਪ੍ਰਾਪਤ 10 ਲੱਖ ਫੌਜ, ਦੂਜੇ ਪਾਸੇ 40 ਸਿੰਘ ਭੁੱਖਣ ਭਾਣੇ ਸਰਦੀ ਅਤੇ ਲੰਮੀਆਂ ਜੰਗਾਂ ਦਾ ਸਤਾਏ ਸਿੰਘ। ਸਿੰਘਾਂ ਦੇ ਬਹਾਦਰੀ ਅਤੇ ਜੋਸ਼ ਅੱਗੇ ਦੁਸ਼ਮਣ ਟਿਕ ਨਾ ਸਕਿਆ। ਸਵਾ ਲਾਖ ਸੇ ਇਕ ਲੜਾਊਂ ਦਾ ਪ੍ਰਮਾਣ ਪ੍ਰਤੱਖ ਕਰ ਵਿਖਾਇਆ। ਚਮਕੌਰ ਦੀ ਗੜ੍ਹੀ ਤੋਂ ਖ਼ਾਲਸਾ ਦਾ ਸਾਹਸ ਬੀਰਤਾ ਅਤੇ ਜੰਗੀ ਹੁਨਰ ਦਾ ਇਤਿਹਾਸ ਲਿਖਿਆ ਗਿਆ। ਕਵਿਤਾਵਾਂ ਦੇ ਦੌਰ ਵਿਚ ਕਵੀ ਸ਼ਾਮਲ ਸਨ ਠਾਕੁਰ ਸਿੰਘ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁਮਨ, ਜਸਦੀਪ ਸਿੰਘ ਫਰੀਮੌਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ। ਜਿਨ੍ਹਾਂ ਨੇ ਵੀਰਰਸ ਕਵਿਤਾਵਾਂ ਨਾਲ ਸਾਂਝ ਪਾਈ। ਗੁਰਦੁਆਰਾ ਦੇ ਸਕੱਤਰ ਪਲਵਿੰਦਰ ਸਿੰਘ ਨੇ ਪ੍ਰੋਗਰਾਮ ਦੀ ਸਫ਼ਲਤਾ ਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਕਵੀਆਂ ਨੇ ਸਮੂਹ ਸ਼ਹੀਦਾਂ ਦੇ ਇਤਿਹਾਸ ਨਾਲ ਸੰਗਤਾਂ ਨੂੰ ਜੋੜਿਆ ਹੈ। ਜਿਸ ਉਕਤ ਲਈ ਵਧਾਈ ਦੇ ਪਾਤਰ ਹਨ। ਪ੍ਰਵਾਨਾ ਵਲੋਂ ਦ੍ਰਿੜ ਕਰਵਾਇਆ ਗਿਆ ਕਿ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਇਹ ਧਾਰਮਿਕ ਕਵੀ ਦਰਬਾਰ ਦੂਰ ਦਰਾਜ ਦੇ ਗੁਰਦੁਆਰਿਆਂ ਵਿਚ ਸਜਾਏ ਜਾਂਦੇ ਹਨ। ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਅਜਿਹੇ ਪ੍ਰੋਗਰਾਮ ਸਫ਼ਲ ਹੁੰਦੇ ਹਨ। ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਸੰਪਰਕ 510-415-9377 ਜਾਂ 408-528-4489 ਹੈ।

## ਦਸਮ ਪਾਤਸ਼ਾਹ ਦਾ 353ਵਾਂ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



**ਲਾਸ ਏਂਜਲਸ/ਏ.ਟੀ. ਨਿਊਜ਼ :** ਇੰਟਰਨੈਸ਼ਨਲ ਇੰਸਟੀਚਿਊਟ ਆਫ ਗੁਰਮਤਿ ਸਟੱਡੀ ਇੰਕ. ਵਲੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 353ਵੇਂ ਪ੍ਰਕਾਸ਼ ਪੁਰਬ ਨੂੰ ਸ਼ਰਧਾ ਤੇ ਉਤਸ਼ਾਹ ਤੇ ਖੁਸ਼ੀਆਂ ਖੇੜਿਆਂ ਨਾਲ ਮਨਾਇਆ ਗਿਆ। ਇਹ ਪ੍ਰਕਾਸ਼ ਪੁਰਬ ਸਮਾਗਮ ਸਾਊਥ ਕੈਲੀਫੋਰਨੀਆਂ ਵਿੱਚ ਸਿੱਖਾਂ ਦਾ ਮਹਾਨ ਅਤੇ ਖੂਬਸੂਰਤ ਸਮਾਗਮ ਹੋ ਨਿੱਬੜਿਆ। ਇਸ ਪ੍ਰਕਾਸ਼ ਪੁਰਬ ਸਮਾਗਮ 'ਚ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਗੁਰੂ ਸਾਹਿਬ ਨਾਲ ਪਿਆਰ ਦੀ ਗਵਾਹੀ ਭਰ ਰਿਹਾ ਸੀ। ਇਹ ਸਮਾਗਮ 25 ਦਸੰਬਰ ਦਿਨ ਬੁੱਧਵਾਰ ਨੂੰ ਸਵੇਰੇ 7 ਵਜੇ ਤੋਂ ਸ਼ਾਮ 3 ਵਜੇ ਤੱਕ Fairplex Pomona (LA County Fairgrounds), 1101 W. McKinley Ave., Pomona CA 91768 Gate: 17, Building: 6 ਵਿਖੇ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਰਸਮਈ ਆਸਾ ਦੀ ਵਾਰ ਦੇ ਪਾਠ ਉਪਰੰਤ ਕੀਰਤਨ ਆਰੰਭ ਹੋਇਆ। ਜਿਸ ਵਿੱਚ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਭਾਸ਼ਣਾਂ ਤੇ ਕਵਿਤਾਵਾਂ ਗਾਈਆਂ ਗਈਆਂ ਤੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ। ਇਸ ਮੌਕੇ ਐਵਾਰਡ ਵੀ ਪ੍ਰਦਾਨ ਕੀਤੇ ਗਏ। ਗੁਰੂਘਰ ਵਲੋਂ ਖਾਲਸਾ ਪਰੇਡ ਦਾ ਆਯੋਜਨ ਵੀ ਕੀਤਾ ਗਿਆ। ਜਿਸ ਵਿੱਚ ਸਮੁੱਚੀਆਂ ਸੰਗਤਾਂ ਨੇ ਹਾਜ਼ਰੀਆਂ ਭਰਕੇ ਗੁਰੂ ਜਸ ਸਰਵਣ ਕੀਤਾ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਦੌਰਾਨ ਖਾਲਸਾ ਬਜ਼ਾਰ ਸੰਗਤਾਂ ਦੀ ਖਿੱਚ ਦਾ ਕਾਰਨ ਬਣਿਆ। ਸਮੁੱਚੇ ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਭਾਈ ਢੱਡਰੀਆਂ ਵਾਲੇ ਦੇ ਸਾਥੀ ਹਰਿੰਦਰ ਸਿੰਘ ਦੇ ਅਸਥਾਨ ਕਾਵੈਂਟਰੀ ਵਿਖੇ ਹੋਇਆ ਸਿੰਘਾਂ ਦਾ ਇਕੱਠ

**ਲੰਡਨ/ਏ.ਟੀ. ਨਿਊਜ਼ :** ਬਰਤਾਨੀਆਂ ਦੀਆਂ ਸਮੂਹ ਸਿੱਖ ਜਥੇਬੰਧੀਆਂ ਅਤੇ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਵਲੋਂ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਉਸਦੇ ਸਾਥੀ ਹਰਿੰਦਰ ਸਿੰਘ ਨਿਵੈਰ ਖਾਲਸਾ ਜਥਾ ਯੂ.ਕੇ. ਤੇ ਮੁਕੰਮਲ ਪਾਬੰਦੀ ਆਇਦ ਕਰਨ ਅਤੇ ਦੋਹਾਂ ਦਾ ਸੰਪੂਰਨ ਬਾਈਕਾਟ ਕਰਨ ਦੇ ਫੈਸਲੇ ਨੂੰ ਬਕਾਇਦਾ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ। ਬੁੱਧਵਾਰ ਸ਼ਾਮ ਵਕਤ ਸੋਸ਼ਲ ਮੀਡੀਏ ਤੇ ਇਹ ਖਬਰ ਫੈਲ ਗਈ ਕਿ ਉਕਤ ਵਿਆਕਤੀ ਆਪਣੇ ਅਸਥਾਨ ਗੁਰਦਵਾਰਾ ਖਾਲਸਾ ਦਰਬਾਰ ਲਰਨਿੰਗ ਸੈਂਟਰ ਕਾਵੈਂਟਰੀ ਵਿਖੇ ਪ੍ਰਚਾਰ ਕਰ ਰਿਹਾ ਹੈ ਤਾਂ ਫਟਾ ਫਟ ਮਿੱਡਲੈਂਡ ਤੋਂ ਸਿੰਘਾਂ ਦੇ ਕਾਫਲਿਆਂ ਨੇ ਆਣ ਦਸਤਕ ਦਿੱਤੀ। ਵੱਖ ਵੱਖ ਸਿੱਖ ਜਥੇਬੰਦੀਆਂ ਦੇ ਮੌਕੇ ਤੇ ਪੁੱਜੇ ਇੱਕ ਸੌ ਤੋਂ ਵੱਧ ਨੁਮਾਇੰਦਿਆਂ ਨੇ ਪੜਤਾਲ ਕੀਤੀ ਤਾਂ ਪ੍ਰਬੰਧਕਾਂ ਨੇ ਸਪੱਸ਼ਟ ਕੀਤਾ ਕਿ ਉਸ ਨੇ ਕੋਈ ਵੀ ਪ੍ਰਚਾਰ ਨਹੀਂ ਕੀਤਾ। ਇਸ ਮੌਕੇ ਪੁਲਿਸ ਦੀਆਂ ਗੱਡੀਆਂ ਵੀ ਪੁੱਜ ਗਈਆਂ। ਜਿਨ੍ਹਾਂ ਨੂੰ ਸਿੱਖ ਨੁਮਾਇੰਦਿਆਂ ਵਲੋਂ ਸਾਰੀ ਸਥਿਤੀ ਬਾਰੇ ਜਾਣੂ ਕਰਵਾਇਆ ਗਿਆ ਕਿ ਯੂ.ਕੇ. ਭਰ ਦੀਆਂ ਸਿੱਖ ਜਥੇਬੰਦੀਆਂ ਅਤੇ ਪ੍ਰਬੰਧਕ ਕਮੇਟੀਆਂ ਸਰਬ ਸੰਮਤੀ ਨਾਲ ਇਹ ਫੈਸਲਾ ਲਿਆ ਹੈ ਕਿ ਇਸ ਦੇ ਪ੍ਰਚਾਰ ਤੇ ਮੁਕੰਮਲ ਰੋਕ ਲਗਾ ਦਿੱਤੀ ਗਈ ਹੈ ।

ਇਸ ਮੌਕੇ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ ਅਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਧਰਮਯੁੱਧ ਜਥਾ ਦਮਦਮੀ ਟਕਸਾਲ ਯੂ.ਕੇ. ਦੇ ਮੁਖੀ ਭਾਈ ਚਰਨ ਸਿੰਘ, ਪੰਥਕ ਆਗੂ ਭਾਈ ਰਣਧੀਰ ਸਿੰਘ, ਗੁਰਦਵਾਰਾ ਗੁਰੂ ਹਰਿ ਰਾਏ ਸਾਹਿਬ ਵੈਸਟ ਬ੍ਰਾਮਿਚ ਦੇ ਮੁੱਖ ਸੇਵਾਦਾਰ ਭਾਈ ਜਸਵੰਤ ਸਿੰਘ, ਭਾਈ ਦਇਆ ਸਿੰਘ, ਇੰਟਰਨੈਸ਼ਨਲ ਪੰਥਕ ਦਲ ਯੂ,ਕੇ ਦੇ ਆਗੂ ਭਾਈ ਪਰਮਜੀਤ ਸਿੰਘ ਢਾਡੀ, ਸਤਿਕਾਰ ਕਮੇਟੀ ਦੇ ਮੁਖੀ ਭਾਈ ਮਨਵੀਰ ਸਿੰਘ, ਗੁਰਦਵਾਰਾ ਬਾਬਾ ਸੰਗ ਸਮੈਦਿਕ ਦੇ ਮੁੱਖ ਸੇਵਾਦਾਰ ਭਾਈ ਰਘਬੀਰ ਸਿੰਘ ਬੀਰਾ, ਜਾਗੋਵਾਲੇ ਸਿੰਘਾਂ ਦਾ ਜਥਾ, ਗੁਰੂ ਨਾਨਕ ਗੁਰਦਵਾਰਾ ਸਮੈਦਿਕ ਦੇ ਨੁਮਾਇੰਦੇ ਅਤੇ ਸਿੱਖ ਨੌਜਵਾਨ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਵਿਵਾਦਪੂਰਨ ਡੇਰੇ ਦੇ ਮੁਖੀ ਬਾਬਾ ਪਿਆਰਾ ਸਿੰਘ ਭਨਿਆਰਾ ਵਾਲਾ ਦੀ ਹੋਈ ਮੌਤ

## *ਪੰਥ 'ਚੋਂ ਭਾਈ ਰਣਜੀਤ ਸਿੰਘ ਨੂੰ ਬਾਬੇ ਭਨਿਆਰੇ ਨੂੰ ਛੇਕਿਆ ਸੀ*

**ਰੋਪੜ/ਏ.ਟੀ. ਨਿਊਜ਼ :** ਵਿਵਾਦਪੂਰਨ ਡੇਰੇ ਦੇ ਮੁਖੀ ਬਾਬਾ ਪਿਆਰਾ ਸਿੰਘ ਭਨਿਆਰਾ ਵਾਲਾ ਦੀ ਬੀਤੇ ਸੋਮਵਾਰ ਨੂੰ ਇੱਥੋਂ ਦੇ ਨੇੜਲੇ ਪਿੰਡ ਧਮਾਣਾ ਵਿੱਚ ਉਨ੍ਹਾਂ ਦੇ ਡੇਰੇ ਵਿਚ ਮੌਤ ਹੋ ਗਈ। ਉਹ 61 ਸਾਲ ਦਾ ਸੀ। ਭਨਿਆਰਾ ਵਾਲਾ ਨੂੰ ਛਾਤੀ ਵਿਚ ਦਰਦ ਮਹਿਸੂਸ ਹੋਇਆ ਜਿਸ ਤੋਂ ਬਾਅਦ ਉਸ ਨੂੰ ਮੁਹਾਲੀ ਦੇ ਪ੍ਰਾਈਵੇਟ ਹਸਪਤਾਲ ਲਿਜਾਇਆ ਗਿਆ। ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਵਿਵਾਦਾਂ ਨਾਲ ਭਰਿਆ ਰਿਹਾ ਜੀਵਨ: ਭਨਿਆਰਾ ਵਾਲਾ ਇੱਕ ਨਿਮਨ ਪਿਛੋਕੜ ਤੋਂ ਆਇਆ ਕਿਉਂਕਿ ਉਸ ਦੇ ਪਿਤਾ ਦੋ 'ਮਜ਼ਾਰਾਂ' ਦੀ ਦੇਖਭਾਲ ਕਰਦੇ ਸੀ। ਉਸ ਦੀ ਮੌਤ ਤੋਂ ਬਾਅਦ ਭਨਿਆਰਾ ਵਾਲਾ ਨੇ ਬਾਗਬਾਨੀ ਵਿਭਾਗ ਵਿਚ ਨੌਕਰੀ ਛੱਡ ਦਿੱਤੀ, ਜਿੱਥੇ ਉਹ ਚਪੜਾਸੀ ਸੀ। ਬਾਅਦ ਵਿਚ ਉਸ ਨੇ ਆਪਣੇ ਪਿਤਾ ਵੱਲੋਂ ਦਿੱਤੀਆਂ ਸੇਵਾਵਾਂ ਸੰਭਾਲੀਆਂ। ਬਾਅਦ ਵਿਚ ਉਸ ਨੇ ਆਪਣੇ ਆਪ ਨੂੰ 'ਬਾਬਾ' ਐਲਾਨਿਆ। ਭਨਿਆਰਾ ਵਾਲਾ ਨੇ ਜੰਗਲਾਤ ਵਿਭਾਗ ਦੀ ਜ਼ਮੀਨ ਦੇ ਟੁਕੜੇ 'ਤੇ ਕਬਜ਼ਾ ਕਰ ਲਿਆ ਤੇ ਉੱਥੇ ਡੇਰਾ ਸਥਾਪਤ ਕੀਤਾ। ਰਾਜਨੀਤਕ ਨੇਤਾਵਾਂ ਨੂੰ



ਆਪਣੇ ਪੈਰੋਕਾਰਾਂ ਵਜੋਂ ਸ਼ਾਮਲ ਕਰਨ ਤੋਂ ਬਾਅਦ ਉਸ ਦੀ ਪ੍ਰਸਿੱਧੀ ਵਧਦੀ ਗਈ। ਇਨ੍ਹਾਂ ਵਿਚ ਸਾਬਕਾ ਕੇਂਦਰੀ ਮੰਤਰੀ ਬੂਟਾ ਸਿੰਘ ਸਭ ਤੋਂ ਮਸ਼ਹੂਰ ਰਹੇ। ਉਸ ਨੇ ਆਪਣੇ ਆਪ ਨੂੰ ਦਸਵੇਂ ਗੁਰੂ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਹੋਣ ਦਾ ਐਲਾਨ ਵੀ ਕੀਤਾ। ਉਸ ਦੇ ਕੰਮਾਂ ਨੇ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਭਾਈ ਰਣਜੀਤ ਸਿੰਘ ਨੂੰ 1998 ਵਿਚ ਉਸ ਨੂੰ ਸਿੱਖ ਪੰਥ ਵਿੱਚੋਂ ਛੇਕਣ ਲਈ ਮਜਬੂਰ ਕਰ ਦਿੱਤਾ। ਉਸ ਦੇ ਪੈਰੋਕਾਰਾਂ ਦੀ ਵੱਧਦੀ ਤਾਕਤ ਨੇ ਬਾਬੇ ਨੂੰ ਉਤਸ਼ਾਹਤ ਕੀਤਾ ਤੇ ਉਸ ਨੇ 2001 ਵਿਚ ਭਵ ਸਾਗਰ ਸਮੁੰਦਰ ਗ੍ਰੰਥ ਦਾ ਲਿਖਿਆ। ਇਹ ਉਸ ਦੇ ਪੈਰੋਕਾਰਾਂ ਵਿਰੁੱਧ ਕਈ ਵਿਵਾਦਾਂ ਤੇ ਹਿੰਸਾ ਦਾ ਕਾਰਨ ਬਣਿਆ। ਉਨ੍ਹਾਂ 'ਤੇ ਰੋਪੜ ਤੇ ਫਤਿਹਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਸਾੜਨ ਦਾ ਦੋਸ਼ ਲਾਇਆ ਗਿਆ ਸੀ। ਭਵਸਾਗਰ ਗ੍ਰੰਥ 'ਤੇ ਪਾਬੰਦੀ ਲਾਈ ਗਈ ਸੀ ਤੇ ਕਈਆਂ ਨੂੰ ਪ੍ਰਚਾਰ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ। ਭਨਿਆਰਾ ਵਾਲਾ 'ਤੇ ਰਾਸ਼ਟਰੀ ਸੁਰੱਖਿਆ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ ਤੇ ਸਤੰਬਰ 2001 ਵਿਚ ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ 9 ਮਹੀਨਿਆਂ ਲਈ ਜੇਲ੍ਹ ਭੇਜਿਆ ਗਿਆ। ਜਦੋਂ ਉਸ ਖਿਲਾਫ ਕਈ ਅਪਰਾਧਾਂ ਲਈ ਅੰਬਾਲਾ ਦੀ ਇੱਕ ਅਦਾਲਤ ਵਿਚ ਮੁਕੱਦਮਾ ਚੱਲ ਰਿਹਾ ਸੀ ਤਾਂ 24 ਸਤੰਬਰ 2003 ਨੂੰ ਉਸ ਨੂੰ ਅਦਾਲਤ ਦੇ ਬਾਹਰ ਇੱਕ ਨੌਜਵਾਨ ਨੇ ਚਾਕੂ ਮਾਰ ਦਿੱਤਾ। ਉਸ ਦੇ ਡੇਰੇ 'ਤੇ ਉਸ ਨੂੰ ਕਤਲ ਕਰਨ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ ਜਿਸ ਤੋਂ ਬਾਅਦ ਉਸ ਨੂੰ ਸਖ਼ਤ ਸੁਰੱਖਿਆ ਦਿੱਤੀ ਗਈ। ਭਨਿਆਰਾ ਵੱਲੋਂ ਉਸ ਦੀ ਪੁਸਤਕ 'ਤੇ ਪਾਬੰਦੀ ਵਿਰੁੱਧ ਪਟੀਸ਼ਨਾਂ ਵਾਰ-ਵਾਰ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜੱਜਾਂ ਅੱਗੇ ਫੇਲ੍ਹ ਹੁੰਦੀਆਂ ਰਹੀਆਂ।

# ਗੁਰਦੁਆਰਾ ਸਿੰਘ ਸਭਾ ਬਿਊਨਾ ਪਾਰਕ ਵਿਖੇ ਪੋਹ ਮਹੀਨੇ ਦੀਆਂ ਸਮੂਹ ਸ਼ਹਾਦਤਾਂ ਨੂੰ ਸਮਰਪਿਤ ਸਮਾਗਮ



**ਲਾਸ ਐਂਜਲਸ/ਏ.ਟੀ. ਨਿਊਜ਼** - ਗੁਰਦੁਆਰਾ ਸਿੰਘ ਸਭਾ ਬਿਊਨਾ ਪਾਰਕ ਵਿਖੇ ਪੋਹ ਮਹੀਨੇ ਦੀਆਂ ਸਮੂਹ ਸ਼ਹਾਦਤਾਂ ਨੂੰ ਸਮਰਪਿਤ 8ਵਾਂ ਸ਼ਹੀਦੀ ਸਮਾਗਮ 20 ਦਸੰਬਰ ਤੋਂ 26 ਦਸੰਬਰ ਤੱਕ ਆਯੋਜਿਤ ਕੀਤਾ ਗਿਆ। ਇਸ ਮੌਕੇ ਚਾਰੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਤੇ ਸਮੂਹ ਸ਼ਹੀਦਾਂ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਗਈ ਤੇ ਆਏ ਹੋਏ ਕਥਾ ਵਾਚਕਾਂ, ਕੀਰਤਨੀਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਤੋਂ ਜਾਣੂ ਕਰਵਾਇਆ।

ਇਸ ਦੌਰਾਨ ਗੁਰੂਘਰ ਵਿਖੇ ਮਿਤੀ 20 ਦਸੰਬਰ ਨੂੰ ਸ੍ਰੀ ਸਹਿਜ ਪਾਠ ਆਰੰਭ ਕਰਵਾਏ ਗਏ ਤੇ 21 ਦਸੰਬਰ ਸ਼ਾਮ ਨੂੰ ਰਹਿਰਾਸ ਉਪਰੰਤ ਕਥਾ ਕੀਰਤਨ ਦਾ ਪ੍ਰਵਾਹ ਚੱਲਿਆ। ਮਿਤੀ 22 ਦਸੰਬਰ ਦਿਨ ਐਤਵਾਰ ਨੂੰ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ ਕਥਾ-ਕੀਰਤਨ ਦਰਬਾਰ ਸਜਾਇਆ ਗਿਆ। 26 ਦਸੰਬਰ ਭੋਗ ਸ੍ਰੀ ਸਹਿਜ ਪਾਠ ਉਪਰੰਤ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਦੀ ਸ਼ਹੀਦੀ ਤੇ ਪੋਹ ਮਹੀਨੇ ਦੀਆਂ ਸਮੂਹ ਸ਼ਹਾਦਤਾਂ ਨੂੰ ਸਮਰਪਿਤ ਕੀਰਤਨ, ਕਥਾ ਤੇ ਢਾਡੀ ਦਰਬਾਰ ਰਾਹੀਂ ਗੁਰ ਇਤਿਹਾਸ ਸਰਵਣ ਕਰਵਾਇਆ। ਇਨ੍ਹਾਂ ਸਾਰੇ ਸਮਾਗਮਾਂ ਦੌਰਾਨ ਬਲਜਿੰਦਰ ਸਿੰਘ ਹੁੰਦਲ ਤੇ ਸੁਖਵਿੰਦਰ ਕੌਰ ਹੁੰਦਲ ਦੇ ਸਮੂਹ ਪਰਿਵਾਰ ਵਲੋਂ ਗੁਰੂ ਕੇ ਲੰਗਰਾਂ ਦੀ ਸੇਵਾ ਕੀਤੀ ਗਈ।

# ਕੈਪਟਨ ਸਰਕਾਰ ਪੰਜਾਬ 'ਚ ਨਾਗਰਿਕਤਾ ਸੋਧ ਕਾਨੂੰਨ ਲਾਗੂ ਨਹੀਂ ਕਰੇਗੀ

ਲੁਧਿਆਣਾ/ਏ.ਟੀ. ਨਿਊਜ਼ : ਪੰਜਾਬ ਕਾਂਗਰਸ ਨੇ ਲੁਧਿਆਣਾ ਦੀਆਂ ਸੜਕਾਂ 'ਤੇ ਨਾਗਰਿਕਤਾ ਸੋਧ ਐਕਟ (ਸੀਏਏ) ਖ਼ਿਲਾਫ਼ ਰੋਸ ਮੁਜ਼ਾਹਰਾ ਕੀਤਾ। ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸੀਆਂ ਨੇ ਮਾਤਾ ਰਾਣੀ ਚੌਕ ਵਿੱਚ ਭਾਜਪਾ ਦਫ਼ਤਰ ਨੇੜੇ ਵਿਰੋਧ ਪ੍ਰਦਰਸ਼ਨ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਇਸ ਐਕਟ ਨੂੰ ਪੰਜਾਬ ਵਿੱਚ ਲਾਗੂ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਕਾਂਗਰਸ ਪਾਰਟੀ ਇਸ ਵਿਰੁੱਧ ਆਪਣੀ ਲੜਾਈ ਜਾਰੀ ਰੱਖੇਗੀ। ਇਸ ਰੋਸ ਮੁਜ਼ਾਹਰੇ ਵਿੱਚ ਆਲ ਇੰਡੀਆ ਕਾਂਗਰਸ ਕਮੇਟੀ ਦੇ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਸੰਸਦ ਮੈਂਬਰ ਪ੍ਰਨੀਤ ਕੌਰ, ਕੈਬਨਿਟ ਮੰਤਰੀ ਮਨਪ੍ਰੀਤ ਸਿੰਘ ਬਾਦਲ, ਗੁਰਪ੍ਰੀਤ ਸਿੰਘ ਕਾਂਗੜ, ਭਾਰਤ ਭੂਸ਼ਣ ਆਸ਼ੂ, ਸਾਧੂ ਸਿੰਘ ਧਰਮਸੋਤ, ਬਲਬੀਰ ਸਿੰਘ ਸਿੱਧੂ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਸਣੇ ਵੱਡੀ ਗਿਣਤੀ ਵਿੱਚ ਪਾਰਟੀ ਵਿਧਾਇਕ ਹਾਜ਼ਰ ਸਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਮੇਤ 16 ਸੂਬਿਆਂ ਵਿੱਚ ਇਸ ਐਕਟ ਖ਼ਿਲਾਫ਼ ਰੋਸ ਪ੍ਰਦਰਸ਼ਨ ਹੋ ਰਹੇ ਹਨ ਅਤੇ ਕੇਂਦਰ ਦੀ ਭਾਜਪਾ ਸਰਕਾਰ ਆਪਣੀਆਂ ਕੋਝੀਆਂ ਚਾਲਾਂ ਵਿੱਚ ਕਾਮਯਾਬ ਨਹੀਂ ਹੋ ਸਕਦੀ। ਸੰਵਿਧਾਨ ਦੀ ਪ੍ਰਸਤਾਵਨਾ ਪੜ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਾਡੇ ਭਾਰਤ ਦੀ ਨੀਂਹ ਦਾ ਮੂਲ ਆਧਾਰ ਹੈ, ਜਿਸ ਨਾਲ ਕੋਈ ਵੀ ਛੇੜਛਾੜ ਨਹੀਂ ਕਰ ਸਕਦਾ। ਮੁੱਖ ਮੰਤਰੀ ਨੇ ਕਿਹਾ ਕਿ ਸਮੇਂ-ਸਮੇਂ 'ਤੇ ਸੰਵਿਧਾਨ ਦੀਆਂ ਧਾਰਾਵਾਂ ਵਿੱਚ ਸੋਧ ਸਿਰਫ਼ ਭਾਰਤ ਵਿੱਚ ਹੀ ਨਹੀਂ ਕੀਤੀ ਜਾਂਦੀ ਸਗੋਂ ਅਜਿਹਾ ਵਰਤਾਰਾ ਦੁਨੀਆਂ ਭਰ ਵਿੱਚ ਵਾਪਰਦਾ ਹੈ ਪਰ ਸੰਵਿਧਾਨ ਦੇ ਬੁਨਿਆਦੀ ਢਾਂਚੇ ਨੂੰ ਵਿਗਾੜਨਾ ਸਹਿਣ ਨਹੀਂ ਕੀਤਾ ਜਾ ਸਕਦਾ।

ਬਾਕੀ ਸਫ਼ਾ 32 'ਤੇ


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

## ਇਸ ਸਾਲ 38 ਹਜ਼ਾਰ ਲੋਕਾਂ ਦੀ ਲਈ ਜਾਨ ਅਮਰੀਕਾ 'ਚ ਬੰਦੂਕ ਸੱਭਿਆਚਾਰ ਨੇ

**ਵਾਸ਼ਿੰਗਟਨ/ਏ.ਟੀ. ਨਿਊਜ਼ :** ਅਮਰੀਕਾ ਵਿਚ ਸਾਲ 2019 ਵਿਚ ਬੰਦੂਕ ਹਿੰਸਾ ਵਿਚ 38 ਹਜ਼ਾਰ ਲੋਕਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ। ਇਹ ਜਾਣਕਾਰੀ ਇਕ ਗੈਰ-ਸਰਕਾਰੀ ਸੰਗਠਨ 'ਗੰਨ ਵਾਈਲੈਂਸ ਅਕਾਈਵ' ਸੰਗਠਨ ਨੇ ਦਿੱਤੀ। ਇਹ ਸੰਗਠਨ ਦੇਸ਼ ਭਰ ਵਿਚ ਬੰਦੂਕ ਨਾਲ ਹੋਈ ਹਿੰਸਾ ਦੇ ਮਾਮਲੇ ਦਰਜ ਕਰਦਾ ਹੈ। ਇਸ ਸੰਗਠਨ ਨੇ ਸਾਲ 2019 ਦੌਰਾਨ 38730 ਲੋਕਾਂ ਦੇ ਮਾਰੇ ਜਾਣ ਦੀ ਰਿਪੋਰਟ ਜਾਰੀ ਕੀਤੀ ਹੈ। ਰਿਪੋਰਟ ਅਨੁਸਾਰ 14970 ਮਾਮਲੇ ਸਾਜ਼ਿਸ਼ਨ ਹੱਤਿਆ ਤੇ ਦੁਰਘਟਨਾ ਵੱਸ ਗੋਲੀ ਚੱਲਣ ਤੋਂ ਸ਼ਿਕਾਰ ਹੋਣ ਦੇ ਹਨ, ਜਦੋਂਕਿ ਸਾਲ 2018 ਵਿਚ ਇਹ ਮਾਮਲੇ 14789 ਸਨ। ਸੰਗਠਨ ਅਨੁਸਾਰ ਸਾਲ 2019 ਵਿਚ 23760 ਮਾਮਲੇ ਆਤਮ ਹੱਤਿਆ ਦੇ ਹਨ। ਬੰਦੂਕ ਹਿੰਸਾ ਵਿਚ 11 ਸਾਲ ਤੋਂ ਘੱਟ ਉਮਰ ਦੇ ਕੁੱਲ 207 ਬੱਚਿਆਂ ਨੇ ਆਪਣੀ ਜਾਨ ਗਵਾਈ ਦਿੱਤੀ, ਜਦੋਂਕਿ 473 ਬੱਚੇ ਜ਼ਖ਼ਮੀ ਹੋਏ। ਬੀਤੇ ਸਾਲ 12 ਤੋਂ 17 ਵਰਗ ਦੇ 762 ਬੱਚਿਆਂ ਨੂੰ ਆਪਣੀ ਜਾਨ ਗਵਾਉਣੀ ਪਈ, ਜਦੋਂਕਿ 2253 ਬੱਚੇ ਜ਼ਖ਼ਮੀ ਹੋਏ। 2019 ਵਿਚ 409 ਵਾਰ ਸਮੂਹਿਕ ਗੋਲੀਬਾਰੀ ਤੇ 30 ਸਮੂਹਿਕ ਹੱਤਿਆਵਾਂ ਦੀਆਂ ਘਟਨਾਵਾਂ ਵਾਪਰੀਆਂ।

ਇੱਥੇ ਜ਼ਿਕਰਯੋਗ ਹੈ ਕਿ ਅਮਰੀਕਾ ਅੰਦਰ ਕੋਈ ਅਜਿਹਾ ਦਿਨ ਨਹੀਂ ਲੰਘਦਾ ਜਦੋਂ ਬਿਮਾਰ ਮਾਨਸਿਕਤਾ ਵਾਲੇ ਵਿਅਕਤੀ ਵੱਲੋਂ ਗੋਲੀਬਾਰੀ ਨਾ ਕੀਤੀ ਜਾਵੇ। ਟਰੰਪ ਪ੍ਰਸ਼ਾਸਨ ਨੇ ਪੂਰੇ ਅਮਰੀਕਾ ਅੰਦਰ ਸਕੂਲਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ ਤਾਂ ਕਿ ਭਵਿੱਖ ਵਿੱਚ ਮੁੜ ਅਜਿਹੀ ਘਟਨਾ ਨਾ ਵਾਪਰੇ। ਲੋਕ ਚਾਹੁੰਦੇ ਹਨ ਕਿ ਸਕੂਲਾਂ ਵਿੱਚ ਕਿਸੇ ਨੂੰ ਵੀ ਕਿਸੇ ਵੀ ਹਾਲਤ ਵਿੱਚ ਬੰਦੂਕ-ਪਿਸਤੌਲ ਜਾਂ ਹੋਰ ਕੋਈ ਹਥਿਆਰ ਲੈ ਕੇ ਜਾਣ 'ਤੇ ਪੂਰਨ ਤੌਰ 'ਤੇ ਰੋਕ ਲਗਾਈ ਜਾਵੇ।

ਅਮਰੀਕਾ ਦੇ 32.50 ਕਰੋੜ ਲੋਕਾਂ ਵਿੱਚੋਂ ਬਹੁਮਤ ਇਸ ਬੰਦੂਕ ਹਿੰਸਾ ਤੋਂ ਨਿਜਾਤ ਪਾਉਣ ਦੇ ਹੱਕ ਵਿੱਚ ਹੈ, ਪਰ ਅਮਰੀਕੀਆਂ ਵਿੱਚ ਬੰਦੂਕਾਂ ਖ਼ਰੀਦਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ। ਅਮਰੀਕਾ ਵਿੱਚ 100 ਵਿਅਕਤੀਆਂ ਪਿੱਛੇ 101 ਬੰਦੂਕਾਂ ਹਨ। ਅਮਰੀਕਾ ਅੰਦਰ ਪ੍ਰਤੀ ਲੱਖ ਵਿਅਕਤੀਆਂ ਪਿੱਛੇ 3.85 ਮੌਤਾਂ ਬੰਦੂਕ ਹਿੰਸਾ ਨਾਲ ਹੁੰਦੀਆਂ ਹਨ।

ਜਦੋਂ ਵੀ ਅਮਰੀਕਾ ਅੰਦਰ ਗੋਲੀਬਾਰੀ ਦੀ ਘਟਨਾ ਵਾਪਰਦੀ ਹੈ ਤਾਂ ਕੁਝ ਦਿਨ ਮੀਡੀਆ, ਸਮਾਜ, ਰਾਜਨੀਤੀ ਅੰਦਰ 'ਬੰਦੂਕ ਪਾਬੰਦੀ' ਸਬੰਧੀ ਚਰਚਾ ਚੱਲਦੀ ਹੈ। ਇਸ ਸਬੰਧੀ ਵਿਰੋਧ, ਜਲੂਸ ਨਿਕਲਦੇ ਹਨ, ਪਰ ਫਿਰ ਇਹ ਸਿਲਸਿਲਾ 'ਬੰਦੂਕ ਲਾਬੀ' ਅੱਗੇ ਗੋਡੇ ਟੇਕਦਾ ਵਿਖਾਈ ਦਿੰਦਾ ਹੈ। ਸੁਪਰੀਮ ਕੋਰਟ ਨੇ ਇਸ ਸਬੰਧੀ ਆਪਣੇ ਫ਼ੈਸਲੇ ਵਿੱਚ ਸਾਫ਼ ਕਿਹਾ ਕਿ ਸੰਵਿਧਾਨ ਦੀ ਦੂਸਰੀ ਸੋਧ ਬੰਦੂਕ ਕੰਟਰੋਲ ਦੀ ਇਜਾਜ਼ਤ ਦਿੰਦੀ ਹੈ, ਪਰ ਰਾਜਨੀਤੀਵਾਨ ਇਸ ਨੂੰ ਲਾਗੂ ਨਹੀਂ ਕਰਨਾ ਚਾਹੁੰਦੇ ਜੋ 'ਬੰਦੂਕ ਲਾਬੀ' ਦੇ ਪ੍ਰਭਾਵ ਹੇਠ ਹਨ।

## ਸਿਮਰਨਜੀਤ ਕੌਰ ਗਿੱਲ ਖਿਲਾਫ ਐਫ.ਆਈ.ਆਰ ਦਰਜ ਕਰਨ ਦੀ ਨਿਖੇਧੀ

**ਨਿਊਯਾਰਕ(ਰਾਜ ਗੋਗਨਾ)** ਉੱਤਰੀ ਅਮਰੀਕਾ ਵਿਚ ਅਮਰੀਕਨ ਪੰਜਾਬੀ ਭਾਈਚਾਰੇ ਵਿਚ ਮੁਹਾਲੀ ਦੀ ਇਕ ਸਮਾਜ ਸੇਵੀ ਸਿਮਰਨਜੀਤ ਕੌਰ ਗਿੱਲ ਐਡਵੋਕੇਟ ਖਿਲਾਫ ਐਫ.ਆਈ.ਆਰ ਦਰਜ ਕਰਨ ਬਾਰੇ ਰੋਸ ਤੇ ਗੁੱਸਾ ਫੈਲ ਰਿਹਾ ਹੈ। ਇਸ ਗੱਲ ਦਾ ਖੁਲਾਸਾ ਸਤਨਾਮ ਸਿੰਘ ਚਾਹਲ ਕਾਰਜਕਾਰੀ ਡਾਇਰੈਕਟਰ ਨੌਰਥ ਅਮੈਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਨੇ ਇਥੇ ਜਾਰੀ ਪ੍ਰੈਸ ਬਿਆਨ ਵਿੱਚ ਕੀਤਾ। ਮੁਹਾਲੀ ਦੀ ਰਹਿਣ ਵਾਲੀ ਸਿਮਰਨਜੀਤ ਕੌਰ ਗਿੱਲ ਐਡਵੋਕੇਟ ਖ਼ਿਲਾਫ਼ ਐਫ.ਆਈ.ਆਰ ਦਰਜ ਕਰਨ ਦੀ ਨਿਖੇਧੀ ਕਰਦਿਆਂ ਸ: ਚਾਹਲ ਨੇ ਕਿਹਾ ਕਿ ਅਜਿਹਾ ਲਗਦਾ ਹੈ ਕਿ ਇਹ ਇਕ ਸਾਜ਼ਿਸ਼ ਜਾਪਦੀ ਸੀ। ਜਿਸ ਤਹਿਤ ਸਿਮਰਨਜੀਤ ਕੌਰ ਗਿੱਲ ਐਡਵੋਕੇਟ ਨੂੰ ਸਮਾਜਿਕ ਸੇਵਾਵਾਂ ਕਰਨ ਤੋਂ ਨਿਰਾਸ਼ ਕਰੋ ਤਾਂ ਜੋ ਉਹ ਰਾਜ ਦੇ ਲੋਕਾਂ ਦੀ ਭਲਾਈ ਲਈ ਕੰਮ ਨਾਂ ਕਰ ਸਕਣ ਜਿਹੜੀਆਂ ਸੇਵਾਵਾਂ ਉਹ ਅਜ ਕੱਲ ਕਰ ਰਹੇ ਹਨ।



ਸ: ਚਾਹਲ ਨੇ ਕਿਹਾ ਕਿ ਸਿਮਰਨਜੀਤ ਕੌਰ ਗਿਲ ਸਾਡੀ ਕਮਿਊਨਿਟੀ ਦੀ ਇਕ ਮਹਾਨ ਸਮਾਜਕ ਨੇਤਾ ਹੈ ਜਿਸ ਨੂੰ ਰਾਜ ਵਿਚ ਸਮਾਜਿਕ ਸੇਵਾਵਾਂ ਦੇਣ ਤੋਂ ਉਸ ਨੂੰ ਕਿਸੇ ਵੀ ਤਰਾਂ ਰੋਕਣ ਲਈ ਉਸ ਨੂੰ ਨਿਰਾਸ਼ ਤੇ ਪਰੇਸ਼ਾਨ ਨਹੀਂ ਕੀਤਾ ਜਾਣਾ ਚਾਹੀਦਾ। ਚਾਹਲ ਨੇ ਕਿਹਾ ਕਿ ਹਾਲ ਹੀ ਵਿੱਚ ਉਸਨੇ ਦੁਆਬਾ ਖੇਤਰ ਵਿੱਚ ਹੜ੍ਹ ਪ੍ਰਭਾਵਤ ਪੀੜਤਾਂ ਦੀ ਮਦਦ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ ਅਤੇ ਸਾਡੇ ਰਾਜ ਦੇ ਲੋਕ ਉਸ ਦੀਆਂ ਸੇਵਾਵਾਂ ਨੂੰ ਨਹੀਂ ਭੁੱਲ ਸਕਦੇ ਜੋ ਉਹ ਸਾਡੇ ਸਮਾਜ ਦੀ ਭਲਾਈ ਲਈ ਕਰ ਰਹੀ ਹੈ। ਸ: ਨੇ ਪੰਜਾਬ ਪੁਲਿਸ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਿਮਰਨਜੀਤ ਕੌਰ ਗਿੱਲ ਐਡਵੋਕੇਟ ਖ਼ਿਲਾਫ਼ ਦਰਜ ਕੀਤੀ ਗਈ ਐਫ.ਆਈ.ਆਰ ਨੂੰ ਰੱਦ ਕਰਨ ਲਈ ਮਾਮਲੇ ਦੀ ਪੜਤਾਲ ਕਰਨ ਦੀ ਅਪੀਲ ਕੀਤੀ। ਚਾਹਲ ਨੇ ਸਿਮਰਨਜੀਤ ਕੌਰ ਗਿੱਲ ਐਡਵੋਕੇਟ ਨੂੰ ਇਹ ਭਰੋਸਾ ਵੀ ਦਿੱਤਾ ਕਿ ਪੰਜਾਬੀ ਪਰਵਾਸੀ ਉਸ ਨਾਲ ਆਪਣੀ ਇਕਜੁੱਟਤਾ ਦਾ ਪ੍ਰਗਟਾਵਾ ਕਰਦੀ ਹੈ ਅਤੇ ਉਸਦੇ ਖਿਲਾਫ ਇਸ ਐਫ.ਆਈ.ਆਰ ਨੂੰ ਰੱਦ ਕਰਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

## ਸਹਾਇਤਾ ਸੰਸਥਾ ਨੇ ਆਪਣੀਆਂ ਸੇਵਾਵਾਂ ਨਾਲ ਜਿੱਤੇ ਅਮਰੀਕੀਆਂ ਤੇ ਪੰਜਾਬੀਆਂ ਦੇ ਦਿਲ

**ਫਰੀਮੌਂਟ/ਐੱਸ.ਅਸ਼ੋਕ ਭੌਰਾ :** ਪਿਛਲੇ ਕਰੀਬ ਇਕ ਦਹਾਕੇ ਤੋਂ ਸਮਾਜਿਕ ਖੇਤਰ ਵਿਚ ਅਮਰੀਕਾ ਅਤੇ ਭਾਰਤ 'ਚ ਸਮਾਜਿਕ ਤੇ ਸਰੀਰਕ ਤੌਰ 'ਤੇ ਬਿਹਤਰੀਨ ਸੇਵਾਵਾਂ ਨਿਭਾਉਣ ਵਾਲੀ ਡਾ. ਹਰਕੇਸ਼ ਸੰਧੂ ਦੀ ਅਗਵਾਈ ਵਾਲੀ ਟੀਮ ਨੇ ਬੀਤੇ ਵਰ੍ਹੇ 2019 ਵਿਚ ਆਪਣੀਆਂ ਬੇਹਤਰੀਨ ਸੇਵਾਵਾਂ ਬਦਲੇ ਅਮਰੀਕਨਾਂ ਅਤੇ ਪੰਜਾਬੀਆਂ ਦੇ ਦਿਲ ਜਿੱਤ ਲਏ। ਚਾਹੇ ਕੈਲੇਫੋਰਨੀਆ ਦੇ ਸ਼ਹਿਰ ਪੈਰਾਡਾਈਜ਼ ਵਿਚ ਅੱਗ ਲੱਗਣ ਤੋਂ ਬਾਅਦ ਸਿਹਤ ਤੇ ਹੋਰ ਸਹੂਲਤਾਂ ਦੀ ਗਲ ਹੋਵੇ ਤੇ ਚਾਹੇ ਪੰਜਾਬ ਅੰਦਰ ਹੜ੍ਹ ਨਾਲ ਤਬਾਹੀ ਤੋਂ ਬਾਅਦ ਬੱਚਿਆਂ ਲਈ ਸਿੱਖਿਆ ਸਮੱਗਰੀ ਅਤੇ ਸਿਹਤ ਸੇਵਾਂਵਾਂ ਦੀ ਗੱਲ ਹੋਵੇ, ਸਹਾਇਤਾ ਸੰਸਥਾ ਨੇ ਆਪਣੇ ਸਪਾਂਸਰਾਂ ਦੇ ਸਹਿਯੋਗ ਨਾਲ ਸਰੂਪ ਸਿੰਘ ਝੱਜ ਅਤੇ ਡਾ. ਰਜਿੰਦਰ ਸਿੰਘ ਦੀ ਅਗਵਾਈ ਹੇਠ ਓਹ ਸੇਵਾਵਾਂ ਪੰਜਾਬੀ ਭਾਈਚਾਰੇ ਨੂੰ ਦਿੱਤੀਆਂ ਹਨ ਜੋ ਸ਼ਾਇਦ ਸਰਕਾਰਾਂ ਵੀ ਦੇਣ ਵਿਚ ਸਮਰੱਥ ਨਹੀਂ ਰਹੀਆਂ। ਹੜ੍ਹਾਂ ਦੀ ਮਾਰ ਨਾਲ ਉੱਜੜੇ ਪੰਜਾਬੀਆਂ ਨੂੰ ਗਲ ਨਾਲ ਲਾ ਕੇ ਉਨ੍ਹਾਂ ਦੀ ਸੰਭਵ ਮਦਦ ਕਰਨ ਦਾ ਯਤਨ ਕੀਤਾ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸਹਾਇਤਾ ਸੰਸਥਾ ਪੰਜਾਬ 'ਚ ਅਨਾਥ ਤੇ ਅਪੰਗ ਬੱਚਿਆਂ ਲਈ ਤਲਵੰਡੀ ਸਲੇਮ ਅਤੇ ਲੁਧਿਆਣੇ 'ਚ ਸੰਸਥਾਵਾਂ ਚਲਾ ਰਹੀ ਹੈ। ਹਜ਼ਾਰਾਂ ਲੋਕਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਕਰਕੇ ਮੁਫਤ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਕਰਜ਼ੇ ਮਾਰ ਨਾਲ ਫਾਹਾ ਲੈਣ ਵਾਲੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਬੱਚਿਆਂ ਦੀ ਹਰ ਤਰ੍ਹਾਂ ਦੀ ਦੇਖਭਾਲ ਇਹੀ ਸੰਸਥਾ ਹਰਕੇਸ਼ ਸੰਧੂ ਦੀ ਅਗਵਾਈ ਹੇਠ ਕਰ ਰਹੀ ਹੈ। ਅਮਰੀਕਾ ਵਿਚ ਵਸਦੇ ਕਾਰੋਬਾਰੀ ਪੰਜਾਬੀ ਇਸ ਸੰਸਥਾ ਨੂੰ ਸਹਿਯੋਗ ਦੇਣਾ ਵੀ ਇਕ ਤਰ੍ਹਾਂ ਨਾਲ ਫਖਰ ਮਹਿਸੂਸ ਕਰਦੇ ਹਨ। ਸਹਾਇਤਾ ਸੰਸਥਾ ਨੇ ਨਵੇਂ ਵਰ੍ਹੇ ਦੀ ਆਮਦ ਤੇ ਪ੍ਰਣ ਲਿਆ ਹੈ ਕਿ ਭਗਤ ਪੂਰਨ ਸਿੰਘ ਦੇ ਦੁਖੀਆਂ ਦੀ ਬਾਂਹ ਫੜਨ ਵਾਲੇ ਮਿਸ਼ਨ ਨੂੰ ਹੋਰ ਅੱਗੇ ਲੈ ਕੇ ਜਾਵੇਗੀ। ਇੱਥੇ ਫਰੀਮੌਂਟ 'ਚ ਹੋਈ ਇਕ ਅਹਿਮ ਮੀਟਿੰਗ ਤੋਂ ਬਾਅਦ ਡਾ. ਹਰਕੇਸ਼ ਸੰਧੂ ਅਤੇ ਸਰੂਪ ਸਿੰਘ ਝੱਜ ਨੇ ਨਵੇਂ ਸਾਲ ਦੀਆਂ ਸ਼ੁੱਭ ਕਾਮਨਾਵਾਂ ਭੇਂਟ ਕਰਦਿਆਂ ਭਵਿੱਖ ਵਿਚ ਵੀ ਪੰਜਾਬੀਆਂ ਤੋਂ ਅਜਿਹੇ ਹੀ ਸਹਿਯੋਗ ਦੀ ਆਸ ਪ੍ਰਗਟਾਈ।






# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜ਼ਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਪੰਜਾਬੀ ਗੀਤਕਾਰ ਜਸਬੀਰ ਗੁਣਾਚੌਰੀਆ ਨਾਲ ਫਰਿਜ਼ਨੋ 'ਚ ਹੋਈ ਰੂਬਰੂ



**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ:** ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੀਆ ਸ਼ਖ਼ਸੀਅਤਾਂ ਦੀ ਵਿਸ਼ੇਸ਼ ਇਕੱਤਰਤਾ ਸ. ਅਮੋਲਿਕ ਸਿੰਘ ਸਿੱਧੂ ਦੇ ਗ੍ਰਹਿ ਵਿਖੇ ਕੀਤੀ ਗਈ। ਇਸ ਸਮੇਂ ਇਲਾਕੇ ਦੀਆ ਵੱਖ-ਵੱਖ ਸੰਸਥਾਵਾਂ ਦੇ ਨੁਮਾਇਦੇ, ਸਾਹਿੱਤਕਾਰ ਅਤੇ ਹੋਰ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੀਆ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਇਹ ਪ੍ਰੋਗਰਾਮ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਗੀਤਕਾਰ ਜਸਬੀਰ ਸਿੰਘ ਗੁਣਾਚੌਰੀਆ ਦੇ ਸਨਮਾਨ ਵਿੱਚ ਰੱਖਿਆ ਗਿਆ ਸੀ। ਜਿੱਥੇ ਉਨਾਂ ਨੇ ਹਾਜਰੀਨ ਦੇ ਨਾਲ ਰੂਬਰੂ ਹੁੰਦੇ ਹੋਏ ਆਪਣੇ ਗੀਤਕਾਰੀ, ਸਾਹਿੱਤਕ ਸਫਰ ਦੀਆ ਯਾਦਾ ਨੂੰ ਸਾਂਝਾ ਕੀਤਾ ਅਤੇ ਗਾਇਕੀ ਰਾਹੀ ਸਾਂਝ ਪਾਈ। ਇਸੇ ਸਮੇਂ ਸਿੱਖ ਇਤਿਹਾਸ ਨੂੰ ਸਮਰਪਿਤ ਉਨਾਂ ਦੀ ਪੁਸਤਕ 'ਹੱਸਦੇ ਸ਼ਹੀਦੀਆਂ ਪਾ ਗਏ' ਲੋਕ ਅਰਪਣ ਕੀਤੀ ਗਈ। ਇਸ ਪ੍ਰੋਗਰਾਮ ਦੀ ਖਾਸੀਅਤ ਇਕ ਇਹ ਵੀ ਰਹੀ ਕਿ ਗ਼ਦਰ ਲਹਿਰ ਨੂੰ ਸਮਰਪਿਤ ਸੰਸਥਾ 'ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ, ਫਰਿਜ਼ਨੋ' ਦੇ ਸੰਸਥਾਪਕ ਗੁਰਦੀਪ ਸਿੰਘ ਅਣਖੀਂ ਨੂੰ ਪ੍ਰਬੰਧਕਾ ਵੱਲੋਂ 'ਲਾਈਫ ਟਾਈਮ ਅਚੀਵਮੈਂਟ' ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਬੁਲਾਰਿਆਂ ਵਿੱਚ ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ, ਗੁਰਦੀਪ ਸਿੰਘ ਅਣਖੀਂ, ਜਸਬੀਰ ਗੁਣਾਚੌਰੀਆ, ਮਲਕੀਅਤ ਮੀਤ, ਸੁਖਬੀਰ ਭੰਡਾਲ ਆਦਿਕ ਨੇ ਬੋਲਦੇ ਹੋਏ ਚੰਗੇ ਸਾਹਿੱਤ ਅਤੇ ਗੀਤਕਾਰੀ ਨੂੰ ਸੁਣਨ ਅਤੇ ਪ੍ਰੋਮੋਟ ਕਰਨ ਦੀ ਗੱਲ ਕੀਤੀ। ਇਸ ਸਮੇਂ ਹਾਜ਼ਰ ਗਾਇਕਾ ਵਿੱਚ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ, ਅਵਤਾਰ ਸਿੰਘ ਗਰੇਵਾਲ, ਗੌਂਗੀ ਸੰਧੂ, ਜਗਦੇਵ ਸਿੰਘ ਧੰਜ਼ਲ, ਗੁੱਲੂ ਬਰਾੜ, ਸਾਜਨ ਕੁਹਾਰ ਆਦਿਕ ਨੇ ਆਪਣੀ ਮਿਆਰੀ ਗਾਇਕੀ ਰਾਹੀ ਵੱਖ-ਵੱਖ ਰੰਗ ਬੰਨਦੇ ਹੋਏ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ। ਜਦ ਕਿ ਕਵੀਆ ਵਿੱਚ ਹਰਜਿੰਦਰ ਕੰਗ, ਕੁਲਵੰਤ ਸੇਖੋ, ਹਰਜਿੰਦਰ ਢੇਸੀ ਆਦਿਕ ਕਵੀਆ ਨੇ ਕਵਿਤਾਵਾਂ ਪੜੀਆ। ਅੰਤ ਸਮੁੱਚੇ ਪ੍ਰੋਗਰਾਮ ਦੇ ਪ੍ਰਬੰਧਕ ਸ. ਅਮੋਲਿਕ ਸਿੰਘ ਸਿੱਧੂ (ਭੋਲਾ) ਨੇ ਸਮੂੰਹ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਸਾਹਿੱਤਕ ਮਿਆਰੀ ਗਾਇਕੀ ਨੂੰ ਹਮੇਸਾ ਵਾਂਗ ਸਹਿਯੋਗ ਕਰਨ ਦੀ ਸਭ ਨੂੰ ਅਪੀਲ ਕੀਤੀ। ਸਟੇਜ਼ ਸੰਚਾਲਨ ਦੀ ਸੇਵਾ ਪੱਤਰਕਾਰ ਅਤੇ ਲੇਖਕ ਨੀਟਾ ਮਾਛੀਕੇ ਨੇ ਬਾਖੂਬੀ ਸਾਇਰਾਨਾ ਅੰਦਾਜ ਵਿੱਚ ਨਿਭਾਈ। ਅੰਤ ਆਪਣੀਆ ਅਮਿੱਟ ਪੈੜਾ ਛੱਡਦਾ ਹੋਇਆ ਇਹ ਸਮਾਗਮ ਰਾਤਰੀ ਦੇ ਸੁਆਦਿਸ਼ਟ ਖਾਣੇ ਨਾਲ ਯਾਦਗਾਰੀ ਹੋ ਨਿਬੜਿਆ।

## ਯੂਕੇ ਦੀ 'ਵਰਸਿਟੀ ਨੇ ਸ਼ੁਰੂ ਕੀਤੀ ਸਿੱਖ ਸਟੱਡੀਜ਼ ਸ਼ੁਰੂਆਤ

ਲੰਡਨ-ਯੂ.ਕੇ. ਵਿਚ ਯੂਨੀਵਰਸਿਟੀ ਆਫ ਵੋਲਵਰਹੈਂਪਟਨ ਵਿਖੇ ਸਿੱਖ ਸਟੱਡੀਜ਼ ਵਿਸ਼ੇ ਵਿਚ ਇਕ ਸਾਲਾ ਮਾਸਟਰ ਕੋਰਸ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਯੂਨੀਵਰਸਿਟੀ ਮਿਡਲੈਂਡ ਵੈਸਟ ਵਿਚ ਸਥਿਤ ਹੈ, ਜਿੱਥੇ ਵੱਡੀ ਗਿਣਤੀ ਵਿਚ ਭਾਰਤੀ ਸਿੱਖ ਰਹਿੰਦੇ ਹਨ। ਜਾਣਕਾਰੀ ਮੁਤਾਬਕ ਸੈਂਟਰ ਫਾਰ ਸਿੱਖ ਐਂਡ ਪੰਜਾਬ ਸਟੱਡੀਜ਼ ਦੀ ਸ਼ੁਰੂਆਤ ਕਰਨ ਵਾਲੀ ਇਹ ਯੂਰਪ ਦੀ ਪਹਿਲੀ ਯੂਨੀਵਰਸਿਟੀ ਹੈ, ਜਿਸ ਦਾ ਸੰਚਾਲਨ ਉਪਿੰਦਰਜੀਤ ਕੌਰ ਤੱਖੜ ਵੱਲੋਂ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਬੀਤੇ ਸਤੰਬਰ ਮਹੀਨੇ ਵਿੱਚ '550 ਸਾਲਾਂ ਦੀ ਯਾਤਰਾ : ਸਿੱਖ ਸਟੱਡੀਜ਼ ਇਨ ਅਕਾਦਮੀ' ਵਿਸ਼ੇ 'ਤੇ ਤਿੰਨ ਦਿਨਾਂ ਕਾਨਫਰੰਸ ਕਰਵਾਈ ਗਈ ਸੀ। ਉਪਿੰਦਰਜੀਤ ਕੌਰ ਨੇ ਦੱਸਿਆ ਕਿ ਇਹ ਕੋਰਸ ਸਿੱਖ ਭਾਈਚਾਰੇ ਅਤੇ ਭਾਰਤ ਅਤੇ ਵਿਦੇਸ਼ਾਂ ਦੋਵਾਂ ਵਿਚ ਸਿੱਖ ਧਰਮ ਦੀ ਪੜਚੋਲ ਕਰਨ ਦਾ ਇੱਕ ਅਨੋਖਾ ਮੌਕਾ ਹੈ, ਜਿਸ ਵਿਚ ਬ੍ਰਿਟਿਸ਼ ਸਿੱਖ ਨਜ਼ਰੀਏ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਸ਼ਹਿਰ ਵਿਚ ਸਿੱਖਾਂ ਦੀ ਅਬਾਦੀ ਦੇ ਕਾਰਨ ਯੂਨੀਵਰਸਿਟੀ ਵਿਚ ਇਹ ਵਿਸ਼ਾ ਪੜ੍ਹਾਉਣਾ ਕਾਫੀ ਵਧੀਆ ਕਦਮ ਹੈ।"

## ਮਿਸ਼ੀਗਨ ਕਾਰ ਹਾਦਸੇ ਵਿੱਚ ਹੈਦਰਾਬਾਦੀ ਔਰਤ ਦੀ ਮੌਤ, ਤਿੰਨ ਹੋਰ ਜ਼ਖਮੀ

**ਨਿਊਯਾਰਕ, (ਰਾਜ ਗੋਗਨਾ ):** ਅਮਰੀਕਾ ਦੇ ਸੂਬੇ ਮਿਸ਼ੀਗਨ ਦੇ ਕਰੌਕਰੀ ਸ਼ਹਿਰ ਨੇੜੇ ਹੋਏ ਇਕ ਕਾਰ ਹਾਦਸੇ ਵਿਚ ਜ਼ਖਮੀ ਇਕ ਭਾਰਤੀ ਮੂਲ ਦੀ ਆਂਧਰਾ ਪ੍ਰਦੇਸ਼ ਦੇ ਹੈਦਰਾਬਾਦ ਨਾਲ ਸਬੰਧਤ ਇਕ ਔਰਤ ਨੂੰ ਬੀਤੀਂ ਮਿਸ਼ੀਗਨ ਦੇ ਇਕ ਹਸਪਤਾਲ ਵਿੱਚ ਡਾਕਟਰਾਂ ਨੇ ਬਰੇਨੈੱਡ ਘੋਸ਼ਿਤ ਕਰ ਦਿੱਤਾ। ਸੜਕ ਹਾਦਸੇ ਦਾ ਸ਼ਿਕਾਰ ਹੋਈ ਇਸ ਲੜਕੀ ਪਛਾਣ ਚਰਿਤਾ ਰੈਡੀ (25)ਸਾਲ ਜੋ ਮਿਸ਼ੀਗਨ ਸੂਬੇ ਦੇ ਸ਼ਹਿਰ ਲੈਨਸਿੰਗ, ਵਜੋਂ ਹੋਈ। ਹੈਦਰਾਬਾਦ ਦੇ ਰਹਿਣ ਵਾਲੇ ਕਈ ਅਮਰੀਕਨ- ਭਾਰਤੀਆਂ ਨੇ ਫ਼ੋਨ ਰਾਹੀਂ ਦੱਸਿਆ ਕਿ ਹਸਪਤਾਲ ਦੇ ਅਧਿਕਾਰੀਆਂ ਨੇ ਬਰੇਨਡੇਡ ਚਰਿਤਾ ਰੈਡੀ ਦੇ ਅੰਗਾਂ ਦੀ ਕਟਾਈ ਸ਼ੁਰੂ ਕਰ ਦਿੱਤੀ ਹੈ ।ਰਸਮੀ ਕਾਰਵਾਈਆਂ ਪੂਰੀਆਂ ਹੋਣ ਤੋਂ ਬਾਅਦ ਉਸ ਦੀ ਮ੍ਰਿਤਕ ਦੇਹ ਨੂੰ ਹੈਦਰਾਬਾਦ ਵਾਪਸ ਲਿਆਂਦਾ ਜਾਵੇਗਾ। ਇਸ ਕਾਰ ਹਾਦਸੇ ਵਿੱਚ ਜ਼ਖਮੀ ਹੋਏ ਤਿੰਨ ਹੋਰ ਵਿਅਕਤੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਚਰਿਤਾ ਇਕ ਸਾੱਫਟਵੇਅਰ ਕੰਪਨੀ ਵਿਚ ਕੰਮ ਕਰਦੀ ਸੀ ।ਕਰੌਕਰੀ ਸ਼ਹਿਰ ਵਿੱਚ ਬੀਤੇ ਦਿਨ ਸਵੇਰੇ 9 ਵਜੇ ਦੇ ਕਰੀਬ ਚਰਿਥਾ ਦੀ ਜ਼ਿੰਦਗੀ ਨੂੰ ਖਤਮ ਕਰਨ ਵਾਲਾ ਇਹ ਭਿਆਨਕ ਕਾਰ ਹਾਦਸਾ ਵਾਪਰਿਆ। ਕਾਰ ਚ' ਸਵਾਰ ਲੈਨਸਿੰਗ ਦੇ ਚਾਰ ਵਸਨੀਕ, ਚਰਿਥਾ ਅਤੇ ਉਸ ਦੇ ਤਿੰਨ ਦੋਸਤ ਟੋਇਟਾ ਕੈਮਰੀ ਵਿੱਚ ਸਨ। ਹਾਦਸੇ ਦਾ ਕਾਰਨ ਇਕ ਹੋਰ ਕਾਰ, ਕ੍ਰਾਈਸਲਰ 300, ਜੋ ਕਿ ਸੱਜੀ ਲਾਇਨ ਵਿੱਚ ਯਾਤਰਾ ਕਰ ਰਹੀ ਸੀ, ਟੋਯੋਟਾ ਦੇ ਪਿਛਲੇ ਹਿੱਸੇ ਵਿੱਚ ਜਾ ਟਕਰਾ ਗਈ। ਇਹ ਕਿਹਾ ਜਾਂਦਾ ਹੈ, ਚਰਿਥਾ ਪਿਛਲੇ ਯਾਤਰੀ ਸੀਟ ਤੇ ਬੈਠੀ ਸੀ ਅਤੇ ਉਸਨੇ ਹਿੱਟ ਦਾ ਵੱਧ ਤੋਂ ਵੱਧ ਪ੍ਰਭਾਵ ਲਿਆ। ਜ਼ਖਮੀਆਂ ਨੂੰ ਮਿਸ਼ੀਗਨ ਦੇ ਮਰਸੀ ਹੈਲਥ ਹੈਕਲੀ ਹਸਪਤਾਲ ਪਹੁੰਚਾਇਆ ਗਿਆ। ਚਰਿਤਾ ਦੇ ਰਿਸ਼ਤੇਦਾਰ ਸੰਯੁਕਤ ਰਾਜ ਲਈ ਰਵਾਨਾ ਹੋ ਗਏ ਹਨ ਅਤੇ ਸੰਭਾਵਤ ਤੌਰ 'ਤੇ ਹੈਦਰਾਬਾਦ' ਚ ਅੰਤਿਮ ਸੰਸਕਾਰ ਲਈ ਉਸ ਦੇ ਮ੍ਰਿਤਕ ਸਰੀਰ ਨੂੰ ਲਿਆਉਣਗੇ। ਚਰਿਤਾ ਦੇ ਦੋਸਤ ਜਿਨ੍ਹਾਂ ਨੇ ਇੱਕ ਫੰਡ ਇਕੱਠਾ ਕਰਨ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ, ਨੇ ਚਰਿਥਾ ਰੈਡੀ ਨੂੰ ਇੱਕ ਮਿੱਠੀ, ਖੁਸ਼ਹਾਲ ਅਤੇ ਇੱਕ ਪਿਆਰੀ ਰੂਹ ਦੱਸਿਆ। ਉਹ ਇੱਕ ਭਰੋਸੇਮੰਦ ਅਤੇ ਸੁਤੰਤਰ ਔਰਤ ਸੀ।ਜਿਸਦਾ ਹਮੇਸ਼ਾਂ ਆਪਣੇ ਤੇ ਪੱਕਾ ਵਿਸ਼ਵਾਸ ਸੀ ,ਕਿ ਦ੍ਰਿੜ ਰਹਿਮ ਅਤੇ ਦ੍ਰਿੜਤਾ ਨਾਲ ਕੁਝ ਵੀ ਪ੍ਰਾਪਤ ਕਰ ਸਕਦੀ ਸੀ। ਉਸਨੇ ਹਰੇਕ ਵਿਅਕਤੀ ਲਈ ਨਿਰਸੁਆਰਥ ,ਪਿਆਰ ਦਾ ਪ੍ਰਦਰਸ਼ਨ ਕੀਤਾ ਅਤੇ ਦੂਜਿਆਂ ਦੀਆਂ ਮੁਸ਼ਕਲਾਂ ਸੁਣਨ ਲਈ ਤਿਆਰ ਸੀ ਅਤੇ ਭਾਰੀ ਸਮਰਥਨ ਦਿੱਤਾ ਅਤੇ ਦ੍ਰਿੜਤਾ ਨਾਲ ਵਿਸ਼ਵਾਸ ਕੀਤਾ ਕਿ ਇਕੱਠ ਵਿੱਚ ਸਭ ਕੁਝ ਹੈ। ਉਸ ਦੇ ਪਰਿਵਾਰ ਅਤੇ ਦੋਸਤਾਂ ਲਈ ਉਸ ਦੇ ਪਿਆਰ ਬਾਰੇ ਕੋਈ ਸ਼ਬਦ ਪ੍ਰਗਟ ਨਹੀਂ ਕਰ ਸਕਦਾ।



### ਚਰਿਥਾ ਅੰਗਾਂ ਦਾਨ ਕਰੇਗੀ :

ਚਰਿਠਾ ਰੈਡੀ ਆੱਲਾ (25) ਦੇ ਨਜ਼ਦੀਕੀ ਪਰਿਵਾਰਕ ਮੈਂਬਰ, ਜੋ ਲਾਂਸਿੰਗ, ਮਿਸ਼ੀਗਨ ਦੇ ਨਿਵਾਸੀ ਹਨ ਜਿਸ ਨੂੰ ਯੂ. ਐਸ.ਏ ਵਿੱਚ ਇੱਕ ਵੱਡੇ ਸੜਕ ਹਾਦਸੇ ਤੋਂ ਬਾਅਦ ਦਿਮਾਗ ਦੀ ਮੌਤ ਵਜੋਂ ਘੋਸ਼ਿਤ ਕੀਤਾ ਗਿਆ ਸੀ।ਉਸ ਦਾ ਪੂਰਾ ਸਦਮੇ ਚ' ਹੈ। ਉਨ੍ਹਾਂ ਨੇ ਕਿਹਾ ਕਿ ਕਿਸੇ ਦੁਖਾਂਤ ਦੀ ਸਥਿਤੀ ਵਿੱਚ ਚੈਰਿਥਾ ਆਪਣੇ ਅੰਗ ਦਾਨ ਕਰਨ ਦੀ ਇੱਛਾ ਰੱਖਦੀ ਹੈ।ਦੋ ਸਾਲ ਪਹਿਲਾਂ ਉਸਨੇ ਲੋੜਵੰਦਾਂ ਨੂੰ ਅੰਗਦਾਨ ਕਰਨ ਦੀ ਆਪਣੀ ਇੱਛਾ ਦਾ ਪਰਚਾ ਦਰਜ ਕੀਤਾ ਸੀ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# ਸਿੰਘ ਸਾਹਿਬ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਦੀਆਂ ਕੁੱਝ ਯਾਦਾਂ

**ਲਵਸ਼ਿੰਦਰ ਸਿੰਘ ਡੱਲੇਵਾਲ**

ਅੱਜ ਸਿੱਖ ਕੌਮ ਪੂਰੀ ਤਰਾਂ ਲੀਡਰਲੈੱਸ ਹੋ ਚੁੱਕੀ ਹੈ।1986 ਤੋਂ ਲੈ ਕੇ ਜਿਹੜੇ ਲੋਕ ਵਾਰ ਵਾਰ ਪਰਖੇ ਜਾ ਚੁੱਕੇ ਅਤੇ ਹਰ ਪੜਾਅ ਤੇ ਫੇਹਲ ਹੋ ਚੁੱਕੇ ਹਨ,ਸਿੱਖ ਕੌਮ ਮਜਬੂਰੀ ਵਸ ਉਹਨਾਂ ਤੇ ਵਾਰ ਵਾਰ ਆਸ ਲਗਾ ਰਹੀ ਹੈ । ਅਗਰ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਗੱਲ ਕਰੀਏ ਤਾਂ ਸਿੱਖ ਕੌਮ ਨੂੰ ਅਕਾਲੀ ਫੂਲਾ ਸਿੰਘ ਜੀ ਤੋਂ ਬਾਅਦ ਲੰਬੇ ਅਰਸੇ ਮਗਰੋਂ ਭਾਈ ਗੁਰਦੇਵ ਸ਼ਿਘ ਜੀ ਖਾਲਸਾ ਪਿੰਡ ਕਾਉਂਕੇ ਬਤੌਰ ਜਥੇਦਾਰ ਨਸੀਬ ਹੋਏ ਜਿਹਨਾਂ ਨੇ ਵਰਤਮਾਨ ਸਮੇਂ ਵਿੱਚ ਬੰਦ ਬੰਦ ਕਟਵਾ ਕੇ ਸ਼ਹੀਦੀ ਪਾਈ। ਕਿਸੇ ਸਰਕਾਰੀ ਜਾਂ ਗੈਰ ਸਰਕਾਰੀ ਦਬਾਅ ਨੂੰ ਕਬੂਲ ਨਹੀਂ ਕੀਤਾ ।ਆਉ ਉਹਨਾਂ ਅਤੇ ਬਹੁਤ ਹੀ ਉੱਚੇ ਸੁੱਚੇ ਜੀਵਨ ਅਤੇ ਗੁਰਬਾਣੀ ਦੇ ਰੰਗ ਵਿੱਚ ਰੰਗੇ ਹੋਣ ਦੀਆਂ ਕੁੱਝ ਹੱਡਬੀਤੀਆਂ ਯਾਦਾਂ ਦੀ ਸਾਂਝ ਪਾਈਏ । ਭਾਈ ਗੁਰਦੇਵ ਸਿੰਘ ਜੀ ਦਾ ਜੱਦੀ ਪਿੰਡ ਕਾਂਉਕੇ ਜਿਲਾ ਲਧਿਆਣਾ ਸੀ ।ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਚਲਾਈ ਹੋਈ ਦਮਦਮੀ ਟਕਸਾਲ ਦੇ ਮੁਖੀ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਲਿਆਂ ਦੀ ਅਗੰਮੀ ਸਖਸ਼ੀਅਤ ਦਾ ਸਾਥ ਮਾਨਣ ਦਾ ਆਪ ਜੀ ਨੂੰ ਸੁਭਾਗ ਪ੍ਰਾਪਤ ਹੋਇਆ , ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਚੁੰਬਕੀ ਸ਼ਖਸ਼ੀਅਤ ਨੇ ਆਪ ਨੂੰ ਗੁਰਬਾਣੀ ਦੇ ਰੰਗ ਵਿੱਚ ਅਜਿਹਾ ਰੰਗ ਦਿੱਤਾ ਕਿ ਆਪ ਦੀ ਆਤਮ ਅਵਸਥਾ ਬੁਲੰਦੀਆਂ ਤੇ ਅੱਪੜ ਗਈ ਪਰ ਇਸ ਦੇ ਬਾਵਜੂਦ ਆਪ ਸਦਾ ਹੀ ਨਿਮਰਤਾ ਵਿੱਚ ਰਹੇ ।ਹਰ ਧਰਮ ਦਾ ਸਤਿਕਾਰ ਕਰਨ ਵਾਲੇ ਅਤੇ ਜੁਲਮ ਖਿਲਾਫ ਹਿੱਕ ਡਾਹ ਕੇ ਕੜਨ ਵਾਲੇ ਇਸ ਧਰਮੀ ਪੁਰਸ਼ ਦਾ ਜਨਮ 1949 ਨੂੰ ਮਾਤਾ ਚੰਦ ਕੌਰ ਅਤੇ ਪਿਤਾ ਸ੍ਰ, ਗੁਰਦਿਆਲ ਸਿੰਘ ਜੀ ਘਰੇ ਹੋਇਆ ।26 ਜਨਵਰੀ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਏ ਸਰਬੱਤ ਖਾਲਸੇ ਵਲੋਂ ਆਪ ਜੀ ਨੂੰ ਅਕਾਲ ਤਖਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਬਣਾਇਆ ਗਿਆ । ਜਥੇਦਾਰ ਬਣਦੇ ਸਾਰ ਹੀ ਆਪ ਨੇ ਸਭ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਪ੍ਰਬੰਧ ਵਿੱਚ ਸੁਧਾਰ ਕਰਨਾ ਅਰੰਭ ਕੀਤਾ । ਆਪਜੀ ਨੇ ਗੁਪਤ ਰੂਪ ਵਿੱਚ ਰਾਮਦਾਰ ਲੰਗਰ ਦੀ ਪੜਤਾਲ ਕਰਾਵਾਈ ਤਾਂ ਬੂਹਤ ਵੱਡਾ ਘਪਲਾ ਬੇਨਕਾਬ ਹੋਇਆ । ਲੰਗਰ ਵਿੱਚ ਵਰਤਾਈ ਜਾਣ ਵਾਲੀ ਰਸਦ ਪੇਪਰਾਂ ਵਿੱਚ ਸ਼ੋਅ ਕਰਨ ਦੇ ਮੁਕਾਬਲੇ ਕਈ ਗੁਣਾ ਘੱਟ ਨਿੱਕਲੀ । ਜਦੋਂ ਪਹਿਲੇ ਦਿਨ ਹੀ ਤਿੰਨ ਗੁਣਾ ਜਿਆਦਾ ਰਸਦ ਨਾਲ ਲੰਗਰ ਵਿੱਚ ਅਨੋਖਾ ਸੁਧਾਰ ਹੋ ਗਿਆ ਤਾਂ ਸਿੱਖ ਮਰਿਆਦਾ ਨੂੰ ਮੁੱਖ ਰੱਖਦਿਆਂ ਕੰਪਲੈਕਸ ਵਿੱਚ ਰਹਿਣ ਵਾਲੇ ਸਿਆਸੀਆਂ ਅਤੇ ਖਾੜਕੂਆਂ ਨੂੰ ਹਦਾਇਦ ਜਾਰੀ ਕੀਤੀ ਕਿ ਗੁਰੁ ਰਾਮਦਾਸ ਜੀ ਦਾ ਲੰਗਰ ਜਿਸ ਨੇ ਵੀ ਛਕਣਾ ਹੈ ,ਉਸ ਨੂੰ ਲੰਗਰ ਹਾਲ ਵਿੱਚ ਆ ਕੇ ਪੰਗਤ ਵਿੱਚ ਬੈਠ ਕੇ ਛਕਣਾ ਪਵੇਗਾ । ਕਿਉਂ ਕਿ ਇਸ ਸਮੇਂ ਕਮਰਿਆਂ ਵਿੱਚ ਲੰਗਰ ਲਿਜਾ ਕੇ ਵਿਸ਼ੇਸ਼ ਤੜਕੇ ਲਗਾਉਣ ਦੀ ਬਹੁਤ ਭਰਮਾਰ ਸੀ , ਜਿਸ ਨਾਲ ਲੰਗਰ ਦੀ ਮਰਿਆਦਾ ਨੂੰ ਸੱਟ ਵੱਜ ਰਹੀ ਸੀ । ਪੁਲੀਸ ਵਲੋਂ ਗ੍ਰਿਫਤਾਰ ਕੀਤੇ ਜਾ ਰਹੇ ਸਿੰਘਾਂ ਦੀ ਪੈਰਵਈ ਕਰਨ ਲਈ ਆਪ ਸ੍ਰੀ ਅਕਾਲ



ਤਖਤ ਸਾਹਿਬ ਤੋਂ ਸਿੰਘਾਂ ਦੀਆਂ ਡਿਊਟੀਆਂ ਲਗਾਉਂਦੇ ਸਨ । ਰੋਜ਼ਾਨਾ ਨਿੱਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਪੰਝੀ ਪਾਠ ਸੁਖਮਨੀ ਸਾਹਿਬ ਅਤੇ ਇੱਕ ਸੌ ਇੱਕ ਪਾਠ ਜਪੁਜੀ ਸਾਹਿਬ ਦੇ ਆਪ ਹਰ ਰੋਜ਼ ਕਰਿਆ ਕਰਦੇ ਸਨ ।29 ਐੱਪਰੈਲ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਨਾਮਜ਼ਦ ਪੰਜ ਮੈਂਬਰੀ ਪੰਥਕ ਕਮੇਟੀ ਨੇ ਖਾਲਿਸਤਾਨ ਦਾ ਐਲਾਨ ਕਰ ਦਿੱਤਾ ਤਾਂ ਅਗਲੇ ਦਿਨ ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਬਰਨਾਲੇ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਪੁਲੀਸ ਭੇਜ ਦਿੱਤੀ । ਆਪ ਜੀ ਨੂੰ ਸਿੰਘਾਂ ਨੇ ਆਖਿਆ ਕਿ ਪਾਸੇ ਹੋ ਜਾਈਏ ਪਰ ਆਪ ਜੀ ਦਾ ਜਵਾਬ ਸੀ ਕਿ ਜਿਸ ਅਸਥਾਨ ਦੀ ਜਿੰਮੇਵਾਰੀ ਮੈਨੂੰ ਖਾਲਸਾ ਪੰਥ ਨੇ ਸੌਂਪੀ ਹੈ ਉਸ ਜਿੰਮੇਵਾਰੀ ਤੋਂ ਭੱਜਣ ਬਾਰੇ ਮੈਂ ਕਦੇ ਸੋਚ ਵੀ ਨਹੀਂ ਸਕਦਾ । ਖੈਰ ਅਨੇਕਾਂ ਸਿੰਘਾਂ ਸਮੇਤ ਆਪ ਜੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਗ੍ਰਿਫਤਾਰ ਕਰ ਲਿਆ ਗਿਆ ।ਹਰਿਆਣਾ ਪੁਲੀਸ ਨੇ ਹਿਰਾਸਤ ਵਿੱਚ ਆਪ ਜੀ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਗਈ ਪਰ ਆਪ ਨੇ ਗੁਰਬਾਣੀ ਦੇ ਰੰਗ ਵਿੱਚ ਲੀਨ ਰਹਿੰਦਿਆਂ ਬੜੇ ਹੀ ਧੀਰਜ ਅਤੇ ਠਰੰਮੇ ਨਾਲ ਜਵਾਬ ਦਿੱਤੇ ਅਤੇ ਆਪ ਪਹਿਲੇ ਸਿੱਖ ਹੋ ਨਿੱਬੜੇ ਜਿਹਨਾਂ ਨੇ ਹਰਿਆਣੇ ਵਿੱਚ ਪੁਲੀਸ ਦੀ ਕੰਨਟੀਨ ਤੋਂ ਬਣਿਆ ਭੋਜਨ ਛਕਣ ਤੋਂ ਇਨਕਾਰ ਕਰ ਦਿੱਤਾ । ਇਸ ਕਰਕੇ ਆਪ ਵਾਸਤੇ ਹਰ ਰੋਜ਼ ਸਥਾਨਕ ਗੁਰਦਵਾਰਾ ਸਾਹਿਬ ਤੋਂ ਲੰਗਰ ਤਿਆਰ ਹੋ ਕੇ ਆਉਂਦਾ ਰਿਹਾ । ਕੁੱਝ ਦਿਨਾਂ ਮਗਰੋਂ ਆਪ ਜੀ ਨੂੰ ਜੁਡੀਸ਼ੀਅਲ ਰਿਮਾਂਡ ਤਹਿਤ ਸਕਿਉਰਟੀ ਜੇਹਲ ਸੰਗਰੂਰ ਵਿੱਚ ਤਬਦੀਲ ਕਰ ਦਿੱਤਾ । ਜਦੋਂ ਜੇਹਲ ਦੀ ਡਿਉੜੀ ਵਿੱਚ ਆਪ ਆਏ ਤਾਂ ਜੇਹਲ ਦੇ ਡਿਪਟੀ ਸੁਪਰਡੈਂਟ ਜਗਰੂਪ ਸਿੰਘ ਜੋ ਕੇ ਨਰਕਧਾਰੀ ਮੱਤ ਦਾ ਉਪਾਸ਼ਕ ਸੀ ਉਸਨੇ ਕਿਹਾ ਕਿ ਆਪਣੀ ਗਾਤਰੇ ਵਾਲੀ ਕਿਰਪਾਨ ਉਤਾਰ ਦਿਉ , ਕਿਉਂ ਕਿ ਇਹ ਸਕਿਉਰਟੀ ਜੇਹਲ ਹੈ । ਤਾਂ ਜਥੇਦਾਰ ਦਾ ਜਵਾਬ ਦੀ ਕਿ ਆਪਣੇ ਆਈ.ਜੀ ਨੂੰ ਪੁੱਛ ਲੈ ਮੈਂ ਬਤੌਰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਇਸ ਨੂੰ ਜੇਹਲ ਅੰਦਰ ਵੀ ਪਹਿਨਣ ਦਾ ਹੱਕ ਰੱਖਦਾਂ ਹਾਂ । ਪਰ ਨਰਕਧਾਰੀ ਮੱਤ ਦਾ ਉਪਾਸ਼ਕ ਜਗਰੂਪਾ ਆਪਣੀ ਜ਼ਿੱਦ ਤੇ ਅੜਿਆ ਰਿਹਾ ਆਪਣੇ ਸਿਪਾਹੀਆਂ ( ਜੇਹਲ ਗਾਰਡਾਂ) ਨੂੰ ਕਿਹਾ ਕਿ ਇਹਦੀ ਕਿਰਪਪਾਨ ਲਾਹ ਦਿਉ ਤਾਂ ਜਥੇਦਾਰ ਦੀ ਸਖਸ਼ੀਅਤ ਵਲ ਵੇਖਦਿਆਂ ਨੂੰ ਉਹ ਸਾਰੇ ਅੰਦਰੋਂ ਅੰਦਰੀ ਕੰਬ ਗਏ ਅਤੇ ਉਹਨਾਂ ਸਿਰ ਫੇਰ ਦਿੱਤੇ । ਨਰਕਧਾਰੀ ਗੁਰਬਚਨੇ ਦੇ ਚੇਲੇ ਜਗਰੂਪੇ ਨੂੰ ਗਰਕ ਹੋਣ ਲਈ ਧਰਤੀ ਵੇਹਲ ਨਹੀਂ ਸੀ ਦੇ ਰਹੀ । ਅਖੀਰ ਉਹ ਫਟਾ ਫਟ ਆਪਣੇ ਚੌ ਦਫਤਰ ਚੋਂ ਕੈਂਚੀ ਚੁੱਕ ਲਿਆਇਆ ਅਤੇ ਪਿਛਲੇ ਪਾਸਿਉਂ ਗਾਤਰਾ ਕੱਟ ਦਿੱਤਾ , ਉਸੇ ਵੇਲੇ ਜਥੇਦਾਰ ਨੇ ਵੱਟ ਕੇ ਅਜਿਹਾ ਥੱਪੜ ਜਗਰੂਪੇ ਦੇ ਜੜ੍ਹ ਦਿੱਤਾ ਕਿ ਉਹ ਦੋ ਗੇੜਾ ਖਾ ਕੇ ਮੂਧੇ ਮੂੰਹ ਜਾ ਡਿੱਗਿਆ । ਐਨ ਇਸੇ ਵਕਤ ਮੌਕੇ ਤੇ ਮੌਜੂਦ ਇੱਕ ਧਰਮੀ ਗਾਰਡ ਨੂੰ ਇਹ ਦੇਖ ਕੇ ਬੇਹਦ ਦੁਖ ਹੋਇਆਂ । ਉਸ ਨੇ ਦਸ ਮਿੰਟਾਂ ਵਿੱਚ ਇਹ ਖਬਰ ਇਕੱਲੀ ਇਕੱਲੀ ਬੈਰਕ ਤੱਕ ਪਹੁੰਚਾ ਦਿੱਤੀ । ਫੇਰ ਕੀ ਸੀ ? ਬੈਰਕਾਂ ਚੋਂ ਅਸੀਂ ਇੱਟਾਂ ਰੋੜੇ ਸਟੀਲ ਦੇ ਭਾਂਡੇ ਵਗੈਰਾ ਬਾਹਰ ਵਗਾਹ ਵਗਾਹ ਸੁੱਟਣੇ ਸ਼ੁਰੂ ਕਰ ਦਿੱਤੇ । ਦੋ ਦਿਨ ਅਤੇ ਦੋ ਰਾਤਾਂ ਜੇਹਲ ਵਿੱਚ ਨਾਹਰੇ ਬਾਜ਼ੀ ਕਰਦੇ ਹੋਏ ਜਗਰੂਪੇ ਨੂੰ ਲਗਾਤਾਰ ਗਾਹਲਾਂ ਕੱਢਦੇ ਰਹੇ । ਅਗਲੀ ਰਾਤ ਤੋਂ ਪਹਿਲਾਂ ਜਗਰੂਪੇ ਨੇ ਜਥੇਦਾਰ ਦੇ ਪੈਰਾਂ ਤੇ ਆਪਣੀ ਪੱਗ ਰੱਖ ਕੇ ਗਲਤੀ ਮੰਨ ਲਈ ਅਤੇ ਜਥੇਦਾਰ ਨੂੰ ਬੇਨਤੀ ਕੀਤੀ ਕਿ ਤੁਸੀਂ ਸਿੰਘਾਂ ਨੂੰ ਆਖੋ ਕਿ ਹੁਣ ਤਾਂ ਭੁੱਖ ਹੜਤਾਲ ਖਤਮ ਕਰ ਦੇਣ । ਇਸ ਵਕਤ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਮਨਬੀਰ ਸਿਘ ਚਹੇੜੂ ਅਤੇ ਮੇਜਰ ਬਲਦੇਵ ਸਿੰਘ ਘੁੰਮਣ ਵੀ ਮੌਜੂਦ ਸਨ । ਇਸ ਵਕਤ ਦਾਸ ਲਵਸ਼ਿੰਦਰ ਸਿੰਘ ਡੱਲੇਵਾਲ ਬੈਰਕ ਨੰਬਰ ਤਿੰਨ ਵਿੱਚ ਬੰਦ ਸੀ ਜਥੇਦਾਰ ਸਾਹਿਬ ਦੀ ਨਿਮਰਤਾ ਵੇਖ ਉਸ ਦਿਨ ਹਰ ਇੱਕ ਨੂੰ ਅਨੋਖਾ ਅਹਿਸਾਸ ਹੋਇਆ ਕਿਉਂ ਆਪ ਜਦੋਂ ਬੈਰਕਾਂ ਵਿੱਚ ਭੁੱਖ ਹੜਤਾਲ ਖਤਮ ਕਰਵਾਉਣ ਆਏ ਤਾਂ ਹਰੇਕ ਬੈਰਕ ਦੇ ਦਰਵਾਜੇ ਤੇ ਮੱਥਾ ਟੇਕਿਆ ।ਜਦੋਂ ਅਸੀਂ ਜਥੇਦਾਰ ਨੂੰ ਬੇਨਤੀ ਕੀਤੀ ਕਿ ਤੁਸੀਂ ਅਜਿਹਾ ਨਾ ਕਰੋ ਤਾਂ ਉਹਨਾਂ ਦਾ ਜਵਾਬ ਸੀ ਕਿ ਇੱਥੇ ਸਿੰਘ ਰਹਿੰਦੇ ਹਨ , ਬਾਣੀ ਪੜਦੇ ਹਨ,ਸਿਮਰਨ ਕਰਦੇ ਹਨ ਅਤੇ ਕੌਮ ਦੀ ਖਾਤਰ ਕੈਦ ਹਨ । ਜਦੋਂ ਜਥੇਦਾਰ ਸਾਹਿਬ ਸਾਡੇ ਵਾਲੀ ਬੈਰਕ ਨੰਬਰ ਤਿੰਨ ਵਿੱਚ ਆਏ ਤਾਂ ਅਸੀਂ ਬੇਨਤੀ ਕੀਤੀ ਕਿ ਤੁਸੀ ਸਿੱਖ ਕੌਮ ਦੀ ਸਰਵ ਉੱਚ ਪਦਵੀ ਤੇ ਬਿਰਾਜਮਾਨ ਹੋ ,ਇਸ ਲਈ ਪੰਜਾਬ ਦੇ ਆਈ .ਜ਼ੀ .ਜੇਹਲ ਨੂੰ ਆਪ ਜੀ ਪਾਸੋਂ ਗਲਤੀ ਮੰਨਣੀ ਚਾਹੀਦੀ ਹੈ ,ਤਾਂ ਜਥੇਦਾਰ ਦਾ ਜਵਾਬ ਸੀ ਕਿ ਉਸ ਦੁਸ਼ਟ ਨੂੰ ਆਪਣੀ ਗਲਤੀ ਅਹਿਸਾਸ ਹੋ ਗਿਆ ਹੁਣ ਤੁਸੀਂ ਹੋਰ ਜ਼ਿਆਦਾ ਭੁੱਖੇ ਪਿਆਸੇ ਨਾ ਰਹੋ ਅਤੇ ਪ੍ਰਸ਼ਾਦਾ ਛਕ ਲਵੋ ,ਮੈਂ ਆਪਣੇ ਬੱਚਿਆਂ ਨੂੰ ਭੁੱਖੇ ਨਹੀਂ ਦੇਖ ਸਕਦਾ। ਇਸ ਨਾਲ ਜਿੰਨੀ ਹੋ ਗਈ ਬਥੇਰੀ ਹੈ । ਇਸ ਤੋਂ ਤੀਜੇ

ਬਾਕੀ ਸਫ਼ਾ 32 'ਤੇ

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਭਾਰਤੀ ਫ਼ੌਜ ਦਾ ਮੁਖੀ ਰਾਵਤ ਮੋਦੀ ਸਰਕਾਰ ਦੇ ਹੱਕ 'ਚ ਸਿਆਸੀ ਟਿੱਪਣੀਆਂ ਕਰਨ ਲੱਗਾ

## ਸਾਬਕਾ ਜਲ ਸੈਨਾ ਮੁਖੀ ਐਲ. ਰਾਮਦਾਸ ਨੇ ਕਿਹਾ ਕਿ ਰਾਵਤ ਨੇ ਫ਼ੌਜ ਕਾਨੂੰਨ ਦੀ ਉਲੰਘਣਾ ਕੀਤੀ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਪਿਛਲੇ ਕਾਫੀ ਦਿਨਾਂ ਤੋਂ ਦੇਸ਼ ਭਰ ਵਿਚ ਨਾਗਰਿਕਤਾ ਸੋਧ ਕਾਨੂੰਨ ਸਬੰਧੀ ਵੱਡੀ ਬਹਿਸ ਚੱਲ ਰਹੀ ਹੈ। ਬਹੁਤ ਸਾਰੀਆਂ ਥਾਵਾਂ 'ਤੇ ਧਰਨੇ ਤੇ ਮੁਜ਼ਾਹਰੇ ਹੋ ਰਹੇ ਹਨ। ਕਈ ਥਾਵਾਂ 'ਤੇ ਭੀੜਾਂ ਵਲੋਂ ਹਿੰਸਕ ਰੂਪ ਵੀ ਧਾਰਿਆ ਗਿਆ ਅਤੇ ਵੱਡੀ ਗੜਬੜ ਵੀ ਹੋਈ ਹੈ। ਹੁਣ ਤੱਕ ਡੇਢ ਦਰਜਨ ਭਰ ਲੋਕ ਪੁਲਿਸ ਦੀ ਗੋਲੀ ਨਾਲ ਮਾਰੇ ਵੀ ਜਾ ਚੁੱਕੇ ਹਨ ਪਰ ਸ਼ੁਰੂ ਹੋਇਆ ਇਹ ਸਿਲਸਿਲਾ ਖ਼ਤਮ ਨਹੀਂ ਹੋ ਰਿਹਾ। ਅਜਿਹੇ ਮਾਹੌਲ ਦੌਰਾਨ ਫ਼ੌਜ ਮੁਖੀ ਬਿਪਿਨ ਰਾਵਤ ਵਲੋਂ ਇਸ ਸਬੰਧੀ ਦਿੱਤਾ ਗਿਆ ਬਿਆਨ ਵੀ ਵੱਡੀ ਚਰਚਾ ਦਾ ਵਿਸ਼ਾ ਬਣਿਆ ਹੈ।

ਫੌਜ ਮੁਖੀ ਜਨਰਲ ਬਿਪਨ ਰਾਵਤ ਨੇ ਇਸ ਦੌਰਾਨ ਯੂਨੀਵਰਸਿਟੀਆਂ ਦੇ ਪ੍ਰਦਰਸ਼ਨ 'ਤੇ ਸਵਾਲ ਚੁੱਕੇ ਹਨ। ਹਥਿਆਰਬੰਦ ਫ਼ੌਜ ਮੁਖੀ ਬਿਪਿਨ ਰਾਵਤ ਨੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਹਿੰਸਕ ਪ੍ਰਦਰਸ਼ਨਾਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਅਤੇ ਕਾਲਜਾਂ ਵਿਚ ਹਿੰਸਾ ਅਤੇ ਅਗਜ਼ਨੀ ਕਰਨ ਵਾਲੇ ਆਗੂ ਨਹੀਂ ਹੋ ਸਕਦੇ।

ਜਨਰਲ ਰਾਵਤ ਨੇ ਕਿਹਾ ਕਿ ਅੱਜ ਜਦੋਂ ਅਸੀਂ ਵੱਡੀ ਗਿਣਤੀ ਵਿਚ ਯੂਨੀਵਰਸਿਟੀ ਅਤੇ ਕਾਲਜਾਂ ਦੀ ਅਗਵਾਈ ਹੇਠ ਹਿੰਸਕ ਪ੍ਰਦਰਸ਼ਨ ਵੇਖਦੇ ਹਾਂ ਤਾਂ ਇਸ ਨੂੰ ਅਗਵਾਈ ਨਹੀਂ ਕਿਹਾ ਜਾ ਸਕਦਾ। ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਦੇਸ਼ ਭਰ ਵਿਚ ਉੱਠੇ ਉਬਾਲ ਦਰਮਿਆਨ ਫ਼ੌਜ ਮੁਖੀ ਬਿਪਿਨ ਰਾਵਤ ਦੇ ਬਿਆਨ ਨੇ ਸਿਆਸੀ ਗਲਿਆਰਿਆਂ ਵਿਚ ਹਲਚਲ ਮਚਾ ਦਿੱਤੀ ਹੈ। ਰਾਵਤ ਵਲੋਂ ਪ੍ਰਦਰਸ਼ਨਕਾਰੀਆਂ 'ਤੇ ਕੀਤੀ ਨੁਕਤਾਚੀਨੀ 'ਤੇ ਵਿਰੋਧੀ ਧਿਰਾਂ ਨੇ ਤਿੱਖਾ ਪ੍ਰਤੀਕਰਮ ਕਰਦਿਆਂ ਉਨ੍ਹਾਂ ਨੂੰ ਅਹੁਦੇ ਦੀਆਂ ਹੱਦਾਂ ਨੂੰ ਜਾਣਨ ਦਾ ਮਸ਼ਵਰਾ ਦੇ ਦਿੱਤਾ।

ਫ਼ੌਜ ਮੁਖੀ ਵਲੋਂ ਦਿੱਤੇ ਬਿਆਨ ਤੋਂ ਬਾਅਦ ਉੱਠੇ ਤੂਫ਼ਾਨ ਵਿਚਾਲੇ ਫ਼ੌਜ ਵਲੋਂ ਇਸ ਸਬੰਧੀ ਸਪੱਸ਼ਟੀਕਰਨ ਦਿੱਤਾ ਗਿਆ ਹੈ ਕਿ ਫ਼ੌਜ ਮੁਖੀ ਸੀ. ਏ. ਏ. ਬਾਰੇ ਗੱਲਬਾਤ ਨਹੀਂ ਕਰ ਰਹੇ ਸਨ। ਫ਼ੌਜ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਫ਼ੌਜ ਮੁਖੀ ਨੇ ਕਿਸੇ ਰਾਜਨੀਤਕ ਘਟਨਾ ਜਾਂ ਸ਼ਖ਼ਸੀਅਤ ਬਾਰੇ ਜ਼ਿਕਰ ਨਹੀਂ ਕੀਤਾ। ਉਹ ਦੇਸ਼ ਦੇ ਭਵਿੱਖ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਸਨ ਅਤੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਨਾ ਉਨ੍ਹਾਂ ਦਾ ਫ਼ਰਜ਼ ਹੈ ਜਿਨ੍ਹਾਂ 'ਤੇ ਦੇਸ਼ ਦਾ ਭਵਿੱਖ ਨਿਰਭਰ ਹੈ।



### ਵਿਰੋਧੀ ਪਾਰਟੀਆਂ ਵਲੋਂ ਨਿਖੇਧੀ

ਇੱਥੇ ਜ਼ਿਕਰਯੋਗ ਹੈ ਕਿ ਕਿਸੇ ਅਹਿਮ ਮਸਲੇ 'ਤੇ ਦੇਸ਼ ਭਰ ਵਿਚ ਉੱਠੇ ਅੰਦੋਲਨਾਂ ਦੇ ਮੱਦੇਨਜ਼ਰ ਫ਼ੌਜ ਮੁਖੀ ਵਲੋਂ ਅਜਿਹੀ ਟਿੱਪਣੀ ਕਰਨਾ ਮੰਦਭਾਗਾ ਵੀ ਹੈ ਅਤੇ ਇਤਰਾਜ਼ਯੋਗ ਵੀ। ਕਿਸੇ ਵੀ ਫ਼ੌਜ ਮੁਖੀ ਵਲੋਂ ਦੇਸ਼ ਅੰਦਰਲੇ ਹਾਲਾਤ ਬਾਰੇ ਅਜਿਹੀ ਟਿੱਪਣੀ ਪਹਿਲਾਂ ਸ਼ਾਇਦ ਹੀ ਕਦੀ ਸਾਹਮਣੇ ਆਈ ਹੋਵੇ, ਕਿਉਂਕਿ ਫ਼ੌਜ ਦੇ ਜ਼ਾਬਤੇ ਦੇ ਕਾਨੂੰਨ ਬਣੇ ਹੋਏ ਹਨ। ਇਸੇ ਲਈ ਹੀ ਵਿਰੋਧੀ ਪਾਰਟੀਆਂ ਨੇ ਇਹ ਸਵਾਲ ਚੁੱਕਿਆ ਹੈ ਕਿ ਕੀ ਭਾਰਤ ਵਿਚ ਫ਼ੌਜ ਦਾ ਰਾਜਸੀਕਰਨ ਇਸ ਨੂੰ ਪਾਕਿਸਤਾਨ ਦੇ ਰਸਤੇ 'ਤੇ ਲਿਜਾ ਰਿਹਾ ਹੈ। ਜਨਰਲ ਰਾਵਤ ਕੁਝ ਦਿਨਾਂ ਵਿਚ ਹੀ ਸੇਵਾ-ਮੁਕਤ ਹੋਣ ਵਾਲੇ ਹਨ ਪਰ ਇਸ ਦੇ ਨਾਲ ਹੀ ਇਹ ਚਰਚਾ ਵੀ ਚੱਲ ਰਹੀ ਹੈ ਕਿ ਫ਼ੌਜ ਦੀਆਂ ਤਿੰਨ ਸ਼ਾਖ਼ਾਵਾਂ ਦਾ ਇਕ ਮੁਖੀ ਥਾਪਿਆ ਜਾ ਰਿਹਾ ਹੈ। ਇਸ ਅਹੁਦੇ ਲਈ ਬਿਪਨ ਰਾਵਤ ਦੇ ਨਾਂਅ ਦੀ ਵੱਡੀ ਪੱਧਰ 'ਤੇ ਚਰਚਾ ਚੱਲ ਰਹੀ ਹੈ। ਅਜਿਹੀ ਸੂਰਤ ਵਿਚ ਫ਼ੌਜ ਮੁਖੀ ਦੇ ਇਸ ਬਿਆਨ ਨੂੰ ਹੋਰ ਵੀ ਖ਼ਤਰਨਾਕ ਸਮਝਿਆ ਜਾ ਸਕਦਾ ਹੈ। ਮੋਦੀ ਸਰਕਾਰ ਲਈ ਇਸ ਸਬੰਧੀ ਸਪੱਸ਼ਟੀਕਰਨ ਦੇਣਾ ਬੇਹੱਦ ਜ਼ਰੂਰੀ ਹੈ ਤਾਂ ਜੋ ਲੋਕਾਂ ਤੱਕ ਇਸ ਦੇ ਗ਼ਲਤ ਸੰਦੇਸ਼ ਨਾ ਜਾ ਸਕਣ। ਏ.ਆਈ.ਐੱਮ.ਆਈ.ਐੱਮ. ਦੇ ਮੁਖੀ ਅਸਦੁਦੀਨ ਓਵੈਸੀ ਨੇ ਕਿਹਾ ਕਿ ਅਗਵਾਈ ਉਹ ਹੁੰਦੀ ਹੈ ਜੋ ਨਾਗਰਿਕਤਾ ਨੂੰ ਉੱਚੀ ਥਾਂ 'ਤੇ ਰੱਖੇ ਤੇ ਆਪਣੀ ਨੌਕਰੀ ਦੇ ਅਸੂਲਾਂ ਦੀ ਪਾਲਣਾ ਕਰੇ, ਪਰ ਰਾਵਤ ਇਸ ਵਿਚ ਫੇਲ ਹੋ ਰਹੇ ਹਨ। ਕਾਂਗਰਸੀ ਨੇਤਾ ਦਿਗਵਿਜੇ ਸਿੰਘ ਨੇ ਤਨਜ਼ ਕਰਦਿਆਂ ਕਿਹਾ ਕਿ ਫ਼ੌਜ ਮੁਖੀ ਭਾਜਪਾ ਆਗੂ ਵਾਂਗ ਬੋਲ ਰਹੇ ਹਨ। ਸਾਡੀ ਫ਼ੌਜ ਨੂੰ ਨਿਰਪੱਖ ਬਣਾਈ ਰੱਖਣ ਲਈ ਰਾਵਤ ਨੂੰ ਅਜਿਹਾ ਕਰਨ ਤੋਂ ਰੋਕਣਾ ਚਾਹੀਦਾ ਹੈ। ਸਵਰਾਜ ਇੰਡੀਆ ਦੇ ਮੁਖੀ ਯੋਗੇਂਦਰ ਯਾਦਵ ਨੇ ਗ਼ੈਰ-ਸਿਆਸੀ ਅਹੁਦੇਦਾਰ ਵਲੋਂ ਕੀਤੀ ਸਿਆਸੀ ਟਿੱਪਣੀ 'ਤੇ ਤਨਜ਼ ਕਰਦਿਆਂ ਕਿਹਾ ਕਿ ਕੀ ਹੁਣ ਭਾਰਤ-ਪਾਕਿਸਤਾਨ ਦੀ ਰਾਹ 'ਤੇ ਤੁਰ ਪਿਆ ਹੈ ਜਿੱਥੇ ਸਿਆਸਤ ਵਿਚ ਫ਼ੌਜ ਦਾ ਦਖ਼ਲ ਕੋਈ ਨਵੀਂ ਗੱਲ ਨਹੀਂ ਹੈ। ਸਾਬਕਾ ਜਲ ਸੈਨਾ ਮੁਖੀ ਐਲ. ਰਾਮਦਾਸ ਨੇ ਵੀ ਜਨਰਲ ਰਾਵਤ ਦੇ ਬਿਆਨ ਨੂੰ ਗ਼ਲਤ ਦਸਦਿਆਂ ਕਿਹਾ ਕਿ ਹਥਿਆਰਬੰਦ ਫ਼ੌਜ ਵਿਚ ਸਭ ਨੂੰ ਦੇਸ਼ ਦੀ ਸੇਵਾ ਕਰਨ ਦੇ ਦਹਾਕਿਆਂ ਪੁਰਾਣੇ ਸਿਧਾਂਤ ਦੀ ਪਾਲਣਾ ਕਰਨੀ ਚਾਹੀਦੀ ਹੈ ਨਾ ਕਿ ਕਿਸੇ ਰਾਜਨੀਤਕ ਤਾਕਤ ਦੀ। ਰਾਮਦਾਸ ਨੇ ਕਿਹਾ ਕਿ ਨਿਯਮ ਬਹੁਤ ਸਪੱਸ਼ਟ ਹਨ ਕਿ ਅਫ਼ੌਜੀ ਐਕਟ ਦੀ ਧਾਰਾ 21 ਕਿਸੇ ਵੀ ਫ਼ੌਜੀ ਕਰਮੀ ਜਾਂ ਅਧਿਕਾਰੀ ਨੂੰ ਕਿਸੇ ਵੀ ਬੈਠਕ ਜਾਂ ਪ੍ਰਦਰਸ਼ਨ ਜੋ ਕਿਸੇ ਰਾਜਨੀਤਕ ਪਾਰਟੀ ਜਾਂ ਕਿਸੇ ਹੋਰ ਕੰਮ ਲਈ ਕੀਤਾ ਜਾ ਰਿਹਾ ਹੋਵੇ ਨੂੰ ਸੰਬੋਧਨ ਕਰਨ ਤੋਂ ਰੋਕਦੀ ਹੈ। ਦੂਸਰੇ ਪਾਸੇ ਕੇਂਦਰੀ ਮੰਤਰੀ ਤੇ ਸੈਨਾ ਦੇ ਸਾਬਕਾ ਮੁਖੀ ਵੀਕੇ ਸਿੰਘ ਨੇ ਜਨਰਲ ਰਾਵਤ ਦੀ ਟਿੱਪਣੀ ਨੂੰ ਠੀਕ ਠਹਿਰਾਇਆ ਹੈ।

## ਜਨਰਲ ਬਿਪਿਨ ਰਾਵਤ ਭਾਰਤ ਦੇ ਪਹਿਲੇ 'ਚੀਫ ਆਫ ਡਿਫੈਂਸ ਸਟਾਫ'

ਨਵੀਂ ਦਿੱਲੀ/ ਏ.ਟੀ. ਨਿਊਜ਼ : ਜਨਰਲ ਬਿਪਿਨ ਰਾਵਤ ਨੂੰ ਦੇਸ ਦਾ ਪਹਿਲਾ ਚੀਫ ਆਫ ਡਿਫੈਂਸ ਸਟਾਫ (ਸੀ. ਡੀ. ਐਸ.) ਨਿਯੁਕਤ ਕੀਤਾ ਗਿਆ ਹੈ। ਸੀ.ਡੀ.ਐਸ. ਦਾ ਅਹੁਦਾ 4 ਸਟਾਰ ਜਨਰਲ' ਦੇ ਬਰਾਬਰ ਹੋਵੇਗਾ। ਇਸ ਅਹੁਦੇ 'ਤੇ ਉਨ੍ਹਾਂ ਦਾ ਕਾਰਜਕਾਲ 3 ਸਾਲ ਦਾ ਹੋਵੇਗਾ ਭਾਵ ਉਹ 65 ਸਾਲ ਦੀ ਉਮਰ ਤੱਕ ਇਸ ਅਹੁਦੇ 'ਤੇ ਬਣੇ ਰਹਿਣਗੇ ਅਤੇ ਓਹਨਾਂ ਨੂੰ ਤਿੰਨ ਸੈਨਾਵਾਂ ਦੇ ਮੁਖੀਆਂ ਦੇ ਬਰਾਬਰ ਤਨਖਾਹ ਦਿੱਤੀ ਜਾਵੇਗੀ। ਹਾਲਾਂਕਿ ਬਿਪਿਨ ਰਾਵਤ 31 ਦਸੰਬਰ 2019 ਨੂੰ ਆਪਣੇ ਫੌਜ ਮੁਖੀ ਦੇ ਅਹੁਦੇ ਤੋਂ ਸੇਵਾ ਮੁਕਤ ਹੋਣ ਵਾਲੇ ਹਨ। ਦੱਸਣਯੋਗ ਹੈ ਕਿ ਬਿਪਿਨ ਰਾਵਤ ਦੀ ਚੀਫ ਆਫ ਡਿਫੈਂਸ ਸਟਾਫ ਦੇ ਅਹੁਦੇ ਤੇ ਨਿਯੁਕਤੀ ਬਾਰੇ ਰੱਖਿਆ ਮਾਮਲਿਆਂ 'ਤੇ ਕੈਬਨਿਟ ਕਮੇਟੀ ਨੂੰ ਪਹਿਲਾਂ ਹੀ ਹਰੀ ਝੰਡੀ ਮਿਲ ਚੁੱਕੀ ਸੀ । ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸੇ ਵਰ੍ਹੇ ਲਾਲ ਕਿਲ੍ਹੇ ਤੋਂ ਸੀ.ਡੀ.ਐੱਸ. ਡੇ ਦੀ ਨਿਯੁਕਤੀ ਦਾ ਐਲਾਨ ਕੀਤਾ ਸੀ। ਜਾਣਕਾਰੀ ਮੁਤਾਬਿਕ ਸੀ ਡੀ.ਐਸ. ਦੀ ਜਿੰਮੇਵਾਰੀ ਤਿੰਨੇ ਸੈਨਾਵਾਂ ਨਾਲ ਜੁੜੇ ਮਾਮਲਿਆਂ ਬਾਰੇ ਰੱਖਿਆ ਮੰਤਰੀ ਨੂੰ ਸਲਾਹ ਦੇਣਾ ਹੈ, ਹਾਲਾਂਕਿ ਸੈਨਾ ਨਾਲ ਜੁੜੇ ਵਿਸੇਸ ਮਾਮਲਿਆਂ 'ਚ ਤਿੰਨੇ ਸੈਨਾਵਾਂ ਦੇ ਮੁਖੀ ਪਹਿਲਾਂ ਵਾਂਗ ਹੀ ਰੱਖਿਆ ਮੰਤਰੀ ਨੂੰ ਸਲਾਹ ਦਿੰਦੇ ਰਹਿਣਗੇ। ਫੌਜ ਮੁਹਿੰਮ ਦੌਰਾਨ ਤਿੰਨੇ ਸੈਨਾਵਾਂ ਦੇ ਵਿਚਕਾਰ ਤਾਲਮੇਲ ਬਿਠਾਉਣ ਦੀ ਜਿੰਮੇਵਾਰੀ ਵੀ ਸੀ.ਡੀ.ਐਸ. ਦੀ ਹੋਵੇਗੀ। ਦੱਸਣਯੋਗ ਹੈ ਕਿ 1999 'ਚ ਗਠਿਤ ਕੀਤੀ ਗਈ ਕਾਰਗਿਲ ਸੁਰੱਖਿਆ ਕਮੇਟੀ ਨੇ ਇਸ ਸਬੰਧ 'ਚ ਸੁਝਾਅ ਦਿੱਤਾ ਸੀ। ਬਿਪਿਨ ਰਾਵਤ ਨੇ 31 ਦਸੰਬਰ 2016 ਨੂੰ ਭਾਰਤੀ ਫੌਜ ਦੀ ਕਮਾਂਡ ਸੰਭਾਲੀ ਸੀ।


BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri 9am-6pm
Saturday 9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.302.0512, 916.340.8100 • Fax 707.425.4260

Email: bsonstravel@yahoo.com

1652 West Texas St. Suite 139, Fairfield, CA 94533

4200 North Boulevard Street No. 1B, Sacramento, CA, 95834



CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang

Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

# ਪ੍ਰੈੱਸ ਦੀ ਆਜ਼ਾਦੀ ’ਤੇ 300 ਅਮਰੀਕੀ ਅਖ਼ਬਾਰਾਂ ਦੀ ਸੰਪਾਦਕੀ

**ਰਵੀਸ਼ ਕੁਮਾਰ**

ਅਮਰੀਕੀ ਪ੍ਰੈੱਸ ਦੇ ਇਤਿਹਾਸ ਵਿਚ ਇਕ ਸ਼ਾਨਦਾਰ ਘਟਨਾ ਹੋਈ ਹੈ। 146 ਪੁਰਾਣੇ ਅਖ਼ਬਾਰ ਬੋਸਟਨ ਗਲੋਬ ਦੀ ਅਗਵਾਈ ਵਿਚ 300 ਦੇ ਕਰੀਬ ਅਖ਼ਬਾਰਾਂ ਨੇ ਇਕ ਹੀ ਦਿਨ ਵਿਚ ਆਪਣੇ ਅਖ਼ਬਾਰ ਵਿਚ ਪ੍ਰੈੱਸ ਆਜ਼ਾਦੀ ਨੂੰ ਲੈ ਕੇ ਸੰਪਾਦਕੀ ਛਾਪੇ। ਤੁਸੀਂ ਬੋਸਟਨ ਗਲੋਬ ਦੀ ਸਾਈਟ ’ਤੇ ਜਾ ਕੇ ਪ੍ਰੈੱਸ ਦੀ ਆਜ਼ਾਦੀ ਨੂੰ ਲੈ ਕੇ ਲਿਖੇ ਗਏ 300 ਸੰਪਾਦਕੀਆਂ ਦਾ ਅਧਿਐਨ ਕਰ ਸਕਦੇ ਹੋ। ਸਭ ਦੇ ਸੰਪਾਦਕੀ ਅਲੱਗ ਅਲੱਗ ਹਨ। ਪੱਤਰਕਾਰਤਾ ਨਾਲ ਜੁੜੇ ਵਿਦਿਆਰਥੀ ਨੂੰ ਸਾਰੇ ਸੰਪਾਦਕੀ ਪੜ੍ਹ ਕੇ ਇਸ ਬਾਰੇ ਪ੍ਰੋਜੈਕਟ ਰਿਪੋਰਟ ਲਿਖਣੀ ਚਾਹੀਦੀ ਹੈ। ਤੁਸੀਂ ਜਾਣਦੇ ਹੋ ਕਿ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਗਾਹੇ ਬਗਾਹੇ ਪ੍ਰੈੱਸ ’ਤੇ ਹਮਲਾ ਕਰਦੇ ਰਹਿੰਦੇ ਹਨ। ਪਰ ਅਮਰੀਕੀ ਪ੍ਰੈੱਸ ਨੇ ਜੰਮ ਕੇ ਲੋਹਾ ਲਿਆ ਹੈ। ਮੈਂ ਨਿਊਯਾਰਕ ਟਾਈਮਜ਼ ਤੇ ਬੋਸਟਨ ਗਲੋਬ ਦੇ ਸੰਪਾਦਕੀ ਦਾ ਅਨੁਵਾਦ ਕਰ ਰਿਹਾ ਹਾਂ ਤਾਂ ਕਿ ਭਾਰਤ ਦੇ ਨੌਜਵਾਨ ਪੱਤਰਕਾਰ ਤੇ ਪਾਠਕ ਅਮਰੀਕੀ ਪ੍ਰੈੱਸ ਦੀ ਮਾਨਸਿਕਤਾ ਵਿਚ ਝਾਕ ਕੇ ਦੇਖ ਸਕਣ।

ਪਹਿਲਾ ਨਿਊਯਾਰਕ ਟਾਈਮਜ਼ ਦਾ ਹੈ—1787 ਵਿਚ ਜਦ ਸੰਵਿਧਾਨ ਦਾ ਜਨਮ ਹੋਇਆ ਸੀ ਉਸ ਸਾਲ ਥਾਮਸ ਜੈਫਰਸਨ ਨੇ ਆਪਣੇ ਮਿੱਤਰ ਨੂੰ ਲਿਖਿਆ ਕਿ ਜੇਕਰ ਮੇਰੇ ’ਤੇ ਇਸ ਦਾ ਫੈਸਲਾ ਛੱਡਿਆ ਜਾਂਦਾ ਕਿ ਸਰਕਾਰ ਹੋਵੇ ਪਰ ਅਖ਼ਬਾਰ ਨਾ ਹੋਵੇ, ਅਖ਼ਬਾਰ ਹੋਵੇ ਲੇਕਿਨ ਸਰਕਾਰ ਨਾ ਹੋਵੇ ਤਾਂ ਮੈਂ ਇਕ ਝਟਕੇ ਨਾਲ ਦੂਸਰੇ ਬਦਲ ਨੂੰ ਚੁਣ ਲੈਂਦਾ ਹਾਂ।

ਜੈਫਰਸਨ ਦੀ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਇਹ ਸੋਚ ਸੀ। 20 ਸਾਲ ਬਾਅਦ ਵਾਈਟ ਹਾਊਸ ਦੇ ਅੰਦਰੋਂ ਪ੍ਰੈੱਸ ਨੂੰ ਦੇਖਣ ਦੇ ਬਾਅਦ



ਉਹਨਾਂ ਦੇ ਮਨ ਵਿਚ ਇਸ ਦੇ ਮਹੱਤਵ ਨੂੰ ਲੈ ਕੇ ਵਿਸ਼ਵਾਸ ਕੁਝ ਘੱਟ ਗਿਆ ਸੀ। ‘ਅਖ਼ਬਾਰ ਵਿਚ ਜੋ ਛਪਦਾ ਹੈ, ਉਸ ’ਤੇ ਕੁਝ ਵੀ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ।’

ਜੈਫਰਸਨ ਦੀ ਅਸਹਿਜਤਾ ਨੂੰ ਸਮਝਿਆ ਜਾ ਸਕਦਾ ਹੈ। ਇਕ ਖੁੱਲ੍ਹੇ ਸਮਾਜ ਵਿਚ ਨਿਊਜ਼ ਰਿਪੋਰਟਿੰਗ ਦਾ ਸੰਕਲਪ ਕਈ ਤਰ੍ਹਾਂ ਦੇ ਹਿੱਤਾਂ ਦੇ ਟਕਰਾਅ ਨਾਲ ਜੁੜ ਜਾਂਦਾ ਹੈ। ਉਸ ਦੀ ਅਸਹਿਜਤਾ ਨਾਲ ਇਹਨਾਂ ਅਧਿਕਾਰਾਂ ਦੀ ਜ਼ਰੂਰਤ ਵੀ ਝਲਕਦੀ ਹੈ, ਜਿਸ ਨੂੰ ਉਹਨਾਂ ਨੇ ਸੰਵਿਧਾਨ ਵਿਚ ਜੋੜਿਆ ਸੀ। ਆਪਣੇ ਅਨੁਭਵਾਂ ਨਾਲ ਸੰਵਿਧਾਨ ਘੜਨ ਵਾਲਿਆਂ ਨੂੰ ਲੱਗਿਆ ਸੀ ਕਿ ਸਹੀ ਸੂਚਨਾਵਾਂ ਨਾਲ ਲੈਸ ਜਨਤਾ ਨੂੰ ਭ੍ਰਿਸ਼ਟਾਚਾਰ ਖਤਮ ਕਰਨ ਤੇ ਅੱਗੇ ਚੱਲ ਕੇ ਆਜ਼ਾਦੀ ਤੇ ਨਿਆਂ ਨੂੰ ਉਤਸ਼ਾਹਿਤ ਕਰਨ ਵਿਚ ਮਦਦ ਮਿਲਦੀ ਹੈ। ਜਨਤਕ ਬਹਿਸ ਰਾਜਨੀਤਕ ਕਾਰਜ ਹੈ। 1964 ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਇਹ ਬਹਿਸ ਬਿਨਾਂ ਕਿਸੇ ਝਿਜਕ ਦੇ ਖੁੱਲ੍ਹੇ ਮਨ ਨਾਲ ਹੋਣੀ ਚਾਹੀਦੀ ਹੈ। ਕਈ ਵਾਰ ਸਰਕਾਰ ਤੇ ਸਰਕਾਰੀ ਅਧਿਕਾਰੀਆਂ ’ਤੇ ਜੰਮ ਕੇ ਹਮਲੇ ਹੋਣੇ ਚਾਹੀਦੇ ਹਨ। ਭਾਵੇਂ ਉਹ ਕਿਸੇ ਨੂੰ ਚੰਗੇ ਨਾ ਲੱਗਣ।

2018 ਦੌਰਾਨ ਸਰਕਾਰੀ ਅਧਿਕਾਰੀਆਂ ਨੇ ਪ੍ਰੈੱਸ ਨੂੰ ਨੁਕਸਾਨ ਪਹੁੰਚਾਉਣ ਵਾਲੇ ਹਮਲੇ ਕੀਤੇ। ਕਿਸੇ ਸਟੋਰੀ ਨੂੰ ਘੱਟ ਦਿਖਾਉਣ ਜਾਂ ਜ਼ਿਆਦਾ ਦਿਖਾਉਣ ਨੂੰ ਲੈ ਕੇ ਨਿਊਜ਼ ਮੀਡੀਆ ਦੀ ਅਲੋਚਨਾ ਠੀਕ ਹੈ। ਕੁਝ ਗਲਤ ਛਪਿਆ ਹੈ ਤਾਂ ਉਸ ਦੀ ਆਲੋਚਨਾ ਠੀਕ ਹੈ। ਨਿਊਜ਼ ਰਿਪੋਰਟਰ ਤੇ ਸੰਪਾਦਕ ਇਨਸਾਨ ਹਨ। ਉਹਨਾਂ ਤੋਂ ਗਲਤੀਆਂ ਹੋਣਗੀਆਂ, ਉਹਨਾਂ ਨੂੰ ਠੀਕ ਕਰਨਾ ਸਾਡੇ ਪੇਸ਼ੇ ਦਾ ਅਹਿਮ ਹਿੱਸਾ ਹੈ। ਪਰ ਤੁਹਾਨੂੰ ਜੋ ਸੱਚ ਪਸੰਦ ਨਹੀਂ ਹੈ, ਉਸ ਨੂੰ ਫੇਕ ਨਿਊਜ਼ ਕਹਿਣਾ ਲੋਕਤੰਤਰ ਦੇ ਲਈ ਖਤਰਨਾਕ ਹੈ। ਪੱਤਰਕਾਰਾਂ ਨੂੰ ਜਨਤਾ ਦਾ ਦੁਸ਼ਮਣ ਕਹਿਣਾ ਵੀ ਖਤਰਨਾਕ ਹੈ।

ਅਮਰੀਕਾ ਵਿਚ ਛੋਟੇ ਅਖ਼ਬਾਰ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੇ ਹਨ। ਦੇਸ ਭਰ ਦੇ ਪੱਤਰਕਾਰਾਂ ਦੀ ਰੱਖਿਆ ਲਈ ਬਣੇ ਕਾਨੂੰਨ ਵੀ ਕਮਜ਼ੋਰ ਹਨ। ਅਜਿਹੇ ਵਿਚ ਪ੍ਰੈੱਸ ’ਤੇ ਹੋਣ ਵਾਲੇ ਹਮਲੇ ਉਹਨਾਂ ਦੇ ਲਈ ਚੁਣੌਤੀ ਬਣ ਗਏ ਹਨ। ਇਹਨਾਂ ਸਭ ਦੇ ਬਾਅਦ ਇਹਨਾਂ ਅਖ਼ਬਾਰਾਂ ਦੇ ਪੱਤਰਕਾਰ ਸੁਆਲ ਪੁੱਛਣ ਦੇ ਲਈ ਮਿਹਨਤ ਕਰ ਰਹੇ ਹਨ ਤੇ ਤੁਹਾਡੇ ਤੱਕ ਉਸ ਸਟੋਰੀ ਨੂੰ ਪਹੁੰਚਾ ਰਹੇ ਹਨ, ਜਿਹਨਾਂ ਦੇ ਬਾਰੇ ਵਿਚ ਤੁਹਾਨੂੰ ਪਤਾ ਵੀ ਨਹੀਂ ਚੱਲਦਾ।

ਦ ਸੈਨ ਲੁਈਸ ਉਬਿਸਪੋ ਟ੍ਰਿਬਿਊਨ ਨੇ ਜੇਲ੍ਹ ਵਿਚ ਬੰਦ ਇਕ ਕੈਦੀ ਦੇ ਬਾਰੇ ਵਿਚ ਰਿਪੋਰਟ ਛਾਪੀ ਸੀ, ਜਿਸ ਨੂੰ 46 ਘੰਟੇ ਤੱਕ ਰੋਕ ਕੇ ਰੱਖਿਆ ਗਿਆ ਸੀ। ਇਸ ਰਿਪੋਰਟ ਵਿਚ ਦੇਸ਼ ਨੂੰ ਮਜ਼ਬੂਰ ਕਰ ਦਿੱਤਾ ਕਿ ਜੇਲ੍ਹ ਵਿਚ ਮਾਨਸਿਕ ਤੌਰ ’ਤੇ ਬਿਮਾਰ ਕੈਦੀਆਂ ਦੇ ਇਲਾਜ ਵਿਚ ਤਬਦੀਲੀ ਲਿਆਂਦੀ ਜਾਵੇ।

ਪਿਛਲੇ ਹਫਤੇ ਬੋਸਟਨ ਗਲੋਬ ਦਾ ਸੁਝਾਅ ਆਇਆ ਸੀ ਕਿ ਉਹਨਾਂ ਦੀ ਇਸ ਮੁਹਿੰਮ ਵਿਚ ਕਸਬਿਆਂ ਦੇ ਛੋਟੇ ਅਖ਼ਬਾਰਾਂ ਨੂੰ ਲੈ ਕੇ ਮਹਾਂਨਗਰ ਦੇ ਵੱਡੇ ਅਖ਼ਬਾਰ ਸ਼ਾਮਲ ਹੋ ਰਹੇ ਹਨ। ‘ਦ ਟਾਈਮਜ਼’ ਵੀ ਇਸ ਵਿਚ ਸ਼ਾਮਲ ਹੋ ਗਿਆ ਤਾਂ ਕਿ ਅਸੀਂ ਆਪਣੇ ਪਾਠਕਾਂ ਨੂੰ ਅਮਰੀਕਾ ਦੇ ਆਜ਼ਾਦ ਪ੍ਰੈੱਸ ਦੇ ਮਹੱਤਵ ਨੂੰ ਯਾਦ ਕਰਵਾ ਸਕੀਏ। ਇਹ ਸਾਰੇ ਸੰਪਾਦਕੀ ਇਕਜੁਟ ਹੋ ਕੇ ਅਮਰੀਕੀ ਸੰਸਥਾ ਦੀ ਮਜ਼ਬੂਤ ਬੁਨਿਆਦ ਨੂੰ ਪੇਸ਼ ਕਰ ਰਹੇ ਹਨ। ਜੇਕਰ ਤੁਸੀਂ ਇਹਨਾਂ ਸੰਪਾਦਕੀਆਂ ਨੂੰ ਨਹੀਂ ਪੜ੍ਹਿਆ ਤਾਂ ਕਿਰਪਾ ਕਰਕੇ ਲੋਕਲ ਅਖ਼ਬਾਰਾਂ ਨੂੰ ਸਬਸਕਰਾਈਬ ਕਰੋ। ਜਦ ਵੀ ਉਹ ਚੰਗਾ ਕੰਮ ਕਰਨ ਉਹਨਾਂ ਦੀ ਤਾਰੀਫ ਕਰੋ ਤੇ ਜੇਕਰ ਲੱਗੇ ਕਿ ਇਸ ਤੋਂ ਵੀ ਉਹ ਚੰਗਾ ਕੰਮ ਕਰ ਸਕਦੇ ਹਨ ਤਾਂ ਉਹਨਾਂ ਦੀ ਆਲੋਚਨਾ ਕਰੋ।

ਨਿਊਯਾਰਕ ਟਾਈਮਜ਼ ਦਾ ਸੰਪਾਦਕੀ ਇੱਥੇ ਹੀ ਸਮਾਪਤ ਹੁੰਦਾ ਹੈ।

ਕੀ ਭਾਰਤ ਦੇ ਵੱਡੇ ਅਖ਼ਬਾਰ ਛੋਟੇ ਅਖ਼ਬਾਰਾਂ ਦੇ ਹੱਕ ਵਿਚ ਅਜਿਹੇ ਸੰਪਾਦਕੀ ਲਿਖ ਸਕਦੇ ਹਨ? ਕੀ ਉਹ ਪ੍ਰੈੱਸ ਦੀ ਆਜ਼ਾਦੀ ਦੀ ਆਪਣੀ ਮੁਹਿੰਮ ਵਿਚ ਛੋਟੇ ਅਖ਼ਬਾਰਾਂ ਨੂੰ ਸ਼ਾਮਲ ਕਰਦੇ ਹਨ? ਨਿਊਯਾਰਕ ਟਾਈਮਜ਼ ਦੇ ਇਸ ਸੰਪਾਦਕੀ ਤੋਂ ਤੁਹਾਨੂੰ ਝਲਕ ਮਿਲਦੀ ਹੈ ਕਿ ਅਸੀਂ ਲੋਕਤਾਂਤਰਿਕ ਮੁੱਲਾਂ ਨੂੰ ਪ੍ਰਗਟ ਕਰਨ ਵਿਚ ਕਿੰਨੇ ਪਿੱਛੇ ਹਾਂ। ਇਸ ਲਈ ਹਿੰਦੀ ਦੇ ਅਖ਼ਬਾਰ ਜਿਹਨਾਂ ਦਾ ਭਵਿੱਖ ਨਿਸ਼ਚਤ ਹੀ ਤਬਾਹ ਹੋਣ ਵਾਲਾ ਹੈ, ਉਹਨਾਂ ਨੂੰ ਇਹ ਸੰਪਾਦਕੀ ਪੜ੍ਹਨੀਆਂ ਚਾਹੀਦੀਆਂ ਹਨ। ਆਪਣੇ ਆਪ ਦਾ ਵਿਸ਼ਲੇਸ਼ਣ ਹੀ ਆਪਣੀ ਰੂਹ ਨੂੰ ਨਸ਼ਟ ਤੋਂ ਬਚਾ ਲੈਂਦਾ ਹੈ। ਜੇਕਰ ਅਖ਼ਬਾਰ ਤੇ ਪੱਤਰਕਾਰਤਾ ਨਸ਼ਟ ਵੀ ਹੋ ਜਾਣ ਤੇ ਇਕ ਪੜ੍ਹਿਆ ਲਿਖਿਆ ਸੁਚੇਤ ਪੱਤਰਕਾਰ ਬਚਿਆ ਰਹੇ ਤਾਂ ਫਿਰ ਕਦੇ ਸਭ ਠੀਕ ਹੋ ਜਾਵੇਗਾ। ਹੁਣ ਤੱਕ ਅਮਰੀਕਾ ਦੇ ਬੋਸਟਨ ਗਲੋਬ ਅਖ਼ਬਾਰ ਦੀ ਸਾਈਟ ’ਤੇ ਜਾਵੋ ਇੱਥੇ ਇਸ ਮੁਹਿੰਮ ਬਾਰੇ ਲਿਖਿਆ ਹੈ। ਇਸ ਅਖ਼ਬਾਰ ਨੇ ਇਹਨਾਂ ਸਾਰੀਆਂ ਅਖ਼ਬਾਰਾਂ ਵਿਚ ਸੰਪਾਦਕੀ ਬੋਰਡ ਨਾਲ ਸੰਪਰਕ ਬਣਾਇਆ ਹੈ, ਜੋ ਨੈਤਿਕਤਾ ਤੇ ਪ੍ਰੈੱਸ ਦੀ ਆਜ਼ਾਦੀ ਵਿਚ ਯਕੀਨ ਰੱਖਦੇ ਹਨ।

‘ਰਾਸ਼ਟਰੀ ਟਰੰਪ ਦੀ ਰਾਜਨੀਤੀ ਦਾ ਮਨੋਰਥ ਆਜ਼ਾਦ ਪ੍ਰੈੱਸ ਦੇ ਹਮਲੇ ਕਰਦੇ ਰਹਿਣਾ ਹੈ। ਪੱਤਰਕਾਰਾਂ ਨੂੰ ਅਮਰੀਕੀ ਨਾਗਰਿਕ ਨਹੀਂ ਮੰਨਿਆ ਜਾਂਦਾ, ਬਲਕਿ ਉਹਨਾਂ ਨੂੰ ਲੋਕਾਂ ਦੇ ਦੁਸ਼ਮਣ ਦੀ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ। ਆਜ਼ਾਦ ਪ੍ਰੈੱਸ ’ਤੇ ਹੋਣ ਵਾਲੇ ਨਿਰੰਤਰ ਹਮਲਿਆਂ ਦੇ ਖਤਰਨਾਕ ਨਤੀਜੇ ਹੋਣਗੇ। ਇਸ ਲਈ ਅਸੀਂ ਦੇਸ਼ ਭਰ ਦੇ ਸਾਰੇ ਛੋਟੇ ਤੇ ਵੱਡੇ ਉਦਾਰਵਾਦੀ ਤੇ ਰੂੜੀਵਾਦੀ ਅਖ਼ਬਾਰਾਂ ਦੇ ਸੰਪਾਦਕੀ ਬੋਰਡ ਨਾਲ ਸੰਪਰਕ ਕੀਤਾ ਹੈ ਕਿ ਉਹ ਇਹਨਾਂ ਬੁਨਿਆਦੀ ਹਮਲਿਆਂ ਨੂੰ ਲੈ ਕੇ ਆਪਣੇ ਸ਼ਬਦਾਂ ਵਿਚ ਸੰਪਾਦਕੀ ਲਿਖਣ।

ਜਦ ਦੇਸ਼ ਵਿਚ ਕੋਈ ਭ੍ਰਿਸ਼ਟ ਸੱਤਾ ਕਾਬਜ਼ ਹੁੰਦੀ ਹੈ ਤਦ ਉਸ ਦਾ ਕੰਮ ਹੁੰਦਾ ਹੈ ਕਿ ਆਜ਼ਾਦ ਪ੍ਰੈੱਸ ਦੀ ਜਗ੍ਹਾ ਸਰਕਾਰ ਦੁਆਰਾ ਚਲਾਏ ਜਾ ਰਹੇ ਮੀਡੀਆ ਨੂੰ ਲਿਆਂਦਾ ਜਾਵੇ। ਅੱਜ ਅਮਰੀਕਾ ਵਿਚ ਸਾਡੇ ਕੋਲ ਇਕ ਅਜਿਹੇ ਰਾਸ਼ਟਰਪਤੀ ਹਨ, ਜਿਹਨਾਂ ਨੇ ਅਜਿਹੀ ਸੋਚ ਤਿਆਰ ਕੀਤੀ ਹੈ ਕਿ ਮੀਡੀਆ ਦਾ ਜੋ ਹਿੱਸਾ ਮੌਜੂਦਾ ਪ੍ਰਸਾਸ਼ਣ ਨੂੰ ਸਪੋਰਟ ਨਹੀਂ ਕਰਦਾ, ਉਹ ਜਨਤਾ ਦਾ ਦੁਸ਼ਮਣ ਹੈ। ਰਾਸ਼ਟਰਪਤੀ ਦੁਆਰਾ ਫੈਲਾਏ ਗਏ ਕਈ ਝੂਠ ਵਿਚ ਇਕ ਝੂਠ ਇਹ ਵੀ ਹੈ।

‘ਆਜ਼ਾਦੀ ਦੀ ਸੁਰੱਖਿਆ ਲਈ ਪ੍ਰੈਸ ਦੀ ਆਜ਼ਾਦੀ ਜ਼ਰੂਰੀ ਹੈ।’ — ਜੌਨ ਐਡਮ ਦਾ ਇਹ ਕਥਨ 200 ਸਾਲਾਂ ਤੋਂ ਜ਼ਿਆਦਾ ਅਮਰੀਕੀ ਸਿਧਾਂਤਾਂ ਦਾ ਹਿੱਸਾ ਰਿਹਾ ਹੈ, ਜਿਸ ਨੇ ਪੱਤਰਕਾਰਾਂ ਦੀ ਦੇਸ਼ ਵਿਚ ਰੱਖਿਆ ਕੀਤੀ ਹੈ। ਦੁਨੀਆਂ ਵਿਚ ਹੋਰ ਦੇਸ਼ਾਂ ਵਿਚ ਪ੍ਰੈੱਸ ਦੇ ਲਈ ਮਾਡਲ ਦਾ ਕੰਮ ਕਰਦਾ ਰਿਹਾ ਹੈ। ਅੱਜ ਇਸ ’ਤੇ ਗੰਭੀਰ ਖਤਰਾ ਹੈ। ਬੀਜਿੰਗ ਬਗਦਾਦ ਤੇ ਅੰਕਾਰਾ ਤੋਂ ਲੈ ਕੇ ਮਾਸਕੋ ਤੱਕ ਤਾਨਾਸ਼ਾਹਾਂ

ਬਾਕੀ ਸਫ਼ਾ 32 ’ਤੇ

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.

# ਸੰਘ ਦੀ ਨਜ਼ਰ ਵਿਚ ਦੇਸ਼ ਦੇ 130 ਕਰੋੜ ਲੋਕ ਹਿੰਦੂ

## ✪ ਸਰਸੰਘ ਚਾਲਕ ਮੋਹਨ ਭਾਗਵਤ ਨੇ ਛੱਡਿਆ ਫਿਰਕੂ ਬਿਆਨ ✪ ਸੰਘ ਮੁਖੀ ਜ਼ਾਬਤੇ ਵਿਚ ਰਹਿਣ: ਜਥੇਦਾਰ ਰਘਬੀਰ ਸਿੰਘ

**ਬਲਵਿੰਦਰ ਪਾਲ ਸਿੰਘ ਪ੍ਰੋ.**
9815700916

ਬੀਤੇ ਦਿਨੀਂ ਤੇਲੰਗਾਨਾ ਦੇ ਆਰਐਸਐਸ ਮੈਂਬਰਾਂ ਲਈ ਆਯੋਜਿਤ ਤਿੰਨ ਰੋਜ਼ਾ ਵਿਜਯ ਸੰਕਲਪ ਸਭਾ ਦੌਰਾਨ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਸੰਘ ਭਾਰਤ ਦੀ 130 ਕਰੋੜ ਆਬਾਦੀ ਨੂੰ ਹਿੰਦੂ ਸਮਾਜ ਮੰਨਦਾ ਹੈ, ਭਾਵੇਂ ਉਨ੍ਹਾਂ ਦਾ ਧਰਮ ਅਤੇ ਸਭਿਆਚਾਰ ਵੱਖਰਾ ਹੋਵੇ। ਉਨ੍ਹਾਂ ਕਿਹਾ ਕਿ ਧਰਮ ਅਤੇ ਸਭਿਆਚਾਰ ਦੀ ਪਰਵਾਹ ਕੀਤੇ ਬਿਨਾਂ, ਰਾਸ਼ਟਰਵਾਦੀ ਭਾਵਨਾਵਾਂ ਰੱਖਣ ਵਾਲੇ, ਭਾਰਤ ਦੀ ਸੰਸਕ੍ਰਿਤੀ ਦਾ ਸਤਿਕਾਰ ਕਰਨ ਵਾਲੇ ਲੋਕ ਸਾਰੇ ਹਿੰਦੂ ਹਨ ਅਤੇ ਆਰਐਸਐਸ ਦੇਸ਼ ਦੇ 130 ਕਰੋੜ ਲੋਕਾਂ ਨੂੰ ਹਿੰਦੂ ਮੰਨਦਾ ਹੈ। ਆਰਐਸਐਸ ਮੁਖੀ ਨੇ ਕਿਹਾ ਕਿ ਪੂਰਾ ਸਮਾਜ ਸਾਡਾ ਹੈ ਅਤੇ ਸੰਘ ਦਾ ਉਦੇਸ਼ ਸਮਾਜ ਨੂੰ ਇਕਜੁਟ ਕਰਨਾ ਹੈ।

ਵਿਜੇ ਸੰਕਲਪ ਕੈਂਪ ਵਿਖੇ ਮੌਜੂਦ ਲੋਕਾਂ ਨੂੰ ਸੰਬੋਧਨ ਕਰਦਿਆਂ ਸੰਘ ਮੁਖੀ ਨੇ ਕਿਹਾ ਕਿ ਆਰਐਸਐਸ ਸਾਰਿਆਂ ਨੂੰ ਸਵੀਕਾਰਦਾ ਹੈ, ਉਨ੍ਹਾਂ ਬਾਰੇ ਚੰਗਾ ਸੋਚਦਾ ਹੈ ਅਤੇ ਉਨ੍ਹਾਂ ਦੀ ਬਿਹਤਰੀ ਲਈ ਉੱਚੇ ਪੱਧਰ 'ਤੇ ਲਿਜਾਣਾ ਚਾਹੁੰਦਾ ਹੈ।

ਮੋਹਨ ਭਾਗਵਤ ਅਤੇ ਸੰਘ ਦਾ ਫਾਸ਼ੀਵਾਦੀ ਚਿਹਰਾ

ਸੰਘ ਨੇ 2022 ਤੱਕ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਗੁੱਝਾ ਟੀਚਾ ਰੱਖਿਆ ਹੈ। ਇਸ ਵਾਸਤੇ ਉਸਦੀ ਤਿਆਰੀ ਲਈ ਸੈਂਕੜੇ ਸਹਿਯੋਗੀ ਪ੍ਰਤੱਖ ਅਤੇ ਅਪ੍ਰਤੱਖ ਜਥੇਬੰਦੀਆਂ ਦਾ ਤਾਣਾ-ਬਾਣਾ ਤਿਆਰ ਉਹ ਕਰ ਚੁੱਕਾ ਹੈ। ਜੋ ਵਿਧਵਾ ਭਲਾਈ ਸੇਵਾ, ਭਾਰਤੀ ਯੁਵਾ ਵਾਹਿਨੀ ਦੁਰਗਾ ਵਾਹਿਨੀ, ਆਦਿਵਾਸੀ ਕਲਿਆਣ ਸੰਸਥਾਵਾਂ ਆਦਿ ਜਿਹਨਾਂ ਨੂੰ ਉਹ ਲੋਕਾਂ ਅੰਦਰ ਡੂੰਘੀਆਂ ਜੜ੍ਹਾਂ ਲਾਉਣ ਲਈ ਆਪਣੀ ਹਿੰਦੂਤਵੀ ਵਿਚਾਰਦਾਰਾ ਨੂੰ ਟੇਢੇ ਜੰਗ ਨਾਲ ਲੋਕ ਮਨਾਂ ਦਾ ਹਿੱਸਾ ਬਣਾਉਣ ਲਈ ਕਾਰਜਸ਼ੀਲ ਹੈ। ਇਹ ਸੈਂਕੜੇ ਜਥੇਬੰਦੀਆਂ ਉਸਦੀ ਹਿੰਦੂਤਵੀ ਨੀਤੀ ਦੇ ਮਾਤਹਿਤ ਲੁਕਵੇਂ ਰੂਪ ਦਾ ਆਧਾਰ ਤਿਆਰ ਕਰਨ ਲਈ ਹਨ।

ਦੂਜੀ ਕਿਸਮ ਦੀਆਂ ਜਥੇਬੰਦੀਆਂ ਉਹ ਹਨ ਜਿਹਨਾਂ ਦੀ ਬਾਕਾਇਦਾ ਫੌਜੀ ਟਰੇਨਿੰਗ ਹੁੰਦੀ ਹੈ। ਪਹਿਲਾਂ ਤਾਂ ਸੰਘ ਨੇ ਆਪਣੇ ਆਪ 'ਤੇ ਸਮਾਜਿਕ ਅਤੇ ਸਭਿਆਚਾਰਕ ਜਥੇਬੰਦੀ ਹੋਣ ਦਾ ਪਰਦਾ ਪਾਇਆ ਹੋਇਆ ਸੀ ਜਿਸ ਨੂੰ ਭਾਗਵਤ ਨੇ ਹੁਣ ਲਾਹ ਮਾਰਿਆ ਹੈ। ਇੱਕ ਤਾਂ ਇਸਦੀਆਂ 60 ਹਜ਼ਾਰ ਦੇ ਕਰੀਬ ਸ਼ਾਖਾਵਾਂ ਚੱਲਦੀਆਂ ਹਨ, ਜਿੱਥੇ ਲਾਠੀਆਂ-ਡਾਂਗਾਂ ਆਦਿ ਚਲਾਉਣ ਦੀ ਟਰੇਨਿੰਗ ਸ਼ਰੇਆਮ ਦਿੱਤੀ ਜਾਂਦੀ ਹੈ ਅਤੇ ਇਹਨਾਂ ਦੀ ਸੰਖਿਆ ਲਗਾਤਾਰ ਵਧ ਰਹੀ ਹੈ। ਇਸਦੇ ਆਪਣੇ ਬਿਆਨਾਂ ਮੁਤਾਬਕ ਹਰ ਮਹੀਨੇ 25 ਤੋਂ 30 ਹਜ਼ਾਰ ਨਵੇਂ ਲੋਕ ਸੰਘ ਦੇ ਘੇਰੇ ਵਿੱਚ ਆ ਰਹੇ ਹਨ। ਇਸ ਤੋਂ ਬਿਨਾ ਸੰਘ ਦਾ ਗੁਪਤ ਫੌਜੀ ਅਮਲਾ ਫੈਲਾ ਵੀ ਹੈ। ਪੂਨੇ ਵਿਚਲੀ ਸਨਾਤਮ ਸੰਸਥਾ ਇਸੇ ਦਾ ਵਿੰਗ ਹੈ, ਜੋ ਗੌਰੀ ਲੰਕੇਸ਼, ਗੋਵਿੰਦ ਪਨਸਾਰੇ, ਪ੍ਰੋ. ਕਲਬੁਰਗੀ ਅਤੇ ਡਾ. ਦਬੋਲਕਾਰ ਨੂੰ ਦਿਨ ਦਿਹਾੜੇ ਕਤਲ ਕਰਨ ਦੀ ਜਿੰਮੇਵਾਰ ਹੈ। ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਉਸਦੇ ਗੁਪਤ ਫੌਜੀ ਕੈਂਪ ਚੱਲ ਰਹੇ ਹਨ, ਜੋ ਉਸਦੇ ਇੱਕ ਇਸ਼ਾਰੇ 'ਤੇ ਕਤਲੇਆਮ ਮਚਾਉਣ ਲਈ ਤਿਆਰ ਬਰ ਤਿਆਰ ਸੜਕਾਂ 'ਤੇ ਆ ਸਕਦੇ ਹਨ। ਸਨਾਤਨ ਸੰਸਥਾ ਪੂਨੇ ਵਿੱਚ ਸ਼ਰੇਆਮ ਕਮਿਊਨਿਸਟਾਂ, ਤਰਕਸ਼ੀਲਾਂ, ਮੁਸਲਿਮ, ਇਸਾਈਆਂ ਅਤੇ ਨਾਸਤਿਕਾਂ ਨੂੰ ਸੋਧਣ ਦੀ ਸਿੱਖਿਆ ਦਿੱਤੀ ਜਾਂਦੀ ਹੈ, ਜਿੱਥੇ ਖੁਦ ਮੋਦੀ, ਯੋਗੀ ਆਦਿਤਿਆ ਨਾਥ ਅਤੇ ਅਮਿਤ ਸ਼ਾਹ ਆਦਿ ਹਾਜ਼ਰੀ ਭਰਦੇ ਹਨ।

ਰਾਸ਼ਟਰੀ ਸਵੈਮ ਸੇਵਕ ਸੰਘ ਦਾ ਇਤਿਹਾਸ ਦਸਤਾਵੇਜ਼ੀ ਤੌਰ 'ਤੇ ਇਹ ਸਾਬਤ ਕਰਦਾ ਹੈ ਕਿ ਇਹ ਜਰਮਨ ਤਾਨਾਸ਼ਾਹ ਹਿਟਲਰ ਅਤੇ ਇਤਾਲਵੀ ਤਾਨਾਸ਼ਾਹ ਫਾਸ਼ਿਸਟ ਮੁਸੋਲਿਨੀ ਤੋਂ ਪ੍ਰੇਰਿਤ ਤੇ ਪ੍ਰਭਾਵਿਤ ਹੈ। ਸਾਵਰਕਾਰ ਦੇ ਕਦਮਾਂ 'ਤੇ ਚੱਲਦਿਆਂ ਸੰਘ ਦੇ ਮੋਢੀ ਕੇ.ਬੀ. ਹੇਡਗੇਵਾਰ ਦਾ ਵਿਸ਼ਵਾਸ਼ਪਾਤਰ ਤੇ ਤਜਰਬੇਕਾਰ ਸਲਾਹਕਾਰ ਬੀ.ਐਸ. ਮੂੰਜੇ ਜੋ ਹਿੰਦੂ ਮਹਾਂ ਸਭਾ ਦਾ ਆਗੂ ਸੀ ਨੇ ਇਟਲੀ ਜਾ ਕੇ ਉੱਥੇ ਰਹਿ ਕੇ ਉੱਥੋਂ ਦੇ ਫਾਸ਼ੀਵਾਦੀ ਫੌਜੀ ਸੰਸਥਾਵਾਂ ਦਾ ਅਨੁਭਵ ਹਾਸਲ ਕੀਤਾ ਸੀ। ਭਾਰਤ ਆ ਕੇ ਉਸਨੇ ਨਾਸਿਕ ਵਿੱਚ 1934 ਵਿੱਚ ਭੋਂਸਲੇ ਮਿਲਟਰੀ ਸਕੂਲ ਸ਼ੁਰੂ ਕੀਤਾ ਸੀ। ਅਜੇ ਵੀ ਨਾਸਿਕ ਵਿੱਚ ਇਹ ਸਕੂਲ ਅਤੇ ਕਾਲਜ ਮੌਜੂਦ ਹਨ, ਜੋ ਸੁਰੱਖਿਆ ਬਲਾਂ ਵਿੱਚ ਭਰਤੀ ਹੋਣ ਵਾਲੇ ਵਿਦਿਆਰਥੀਆਂ ਨੂੰ ਸਿਖਲਾਈ ਦਿੰਦੇ ਹਨ। ਕੇਂਦਰੀ ਹਿੰਦੂ ਮਿਲਟਰੀ ਐਜੂਕੇਸ਼ਨ ਸੋਸਾਇਟੀ ਜਿਹੜੀ ਇਹਨਾਂ ਸੰਸਥਾਵਾਂ ਨੂੰ ਚਲਾਉਂਦੀ ਹੈ, ਉਹ ਆਰ.ਐਸ. ਐਸ. ਮੈਂਬਰਾਂ ਦੀ ਬਣੀ ਹੋਈ ਹੈ। ਮਾਲੇਗਾਉਂ ਬੰਬ ਧਮਾਕਿਆਂ ਦਾ ਦੋਸ਼ੀ ਲੈਫਟੀਨੈਂਟ ਐਸ. ਪੀ. ਪੁਰੋਹਿਤ ਨੇ ਭੋਸਲੇ ਮਿਲਟਰੀ ਸਕੂਲ ਵਿੱਚ ਉਹਨਾਂ ਲਈ ਵਿਸ਼ੇਸ਼ ਕੋਚਿੰਗ ਕਲਾਸਾਂ ਲਾਈਆਂ ਸਨ, ਜੋ ਸਾਰਟ ਸਰਵਿਸ ਕਮਿਸ਼ਨ ਅਫਸਰਾਂ ਵਜੋਂ ਫੌਜ ਵਿੱਚ ਭਰਤੀ ਹੋਣਾ ਚਾਹੁੰਦੇ ਸਨ। ਆਰ.ਐਸ.ਐਸ. ਭਾਰਤੀ ਫੌਜ ਵਿੱਚ ਹਿੰਦੂਤਵ ਏਜੰਡੇ ਅਨੁਸਾਰ ਮੁੜ ਢਲਾਈ ਦੀ ਚਾਹਵਾਨ ਹੈ। ਭਾਗਵਤ ਮੁਤਾਬਕ ਭਾਰਤੀ ਫੌਜ ਦਾ ਸਿਪਾਹੀ ਅਤੇ ਸੰਘ ਦਾ ਸਵੈਮ ਸੇਵਕ ਇੱਕ ਸਾਮਾਨ ਅਹੁਦੇ 'ਤੇ ਹਨ। ਯਾਨੀ ਕਿ ਜੇ ਭਾਰਤੀ ਸੰਵਿਧਾਨ ਆਗਿਆ ਦੇਵੇ ਤਾਂ ਸਵੈਮ ਸੇਵਕ ਫੌਜ ਦਾ ਅੰਗ ਬਣ ਸਕਦੇ ਹਨ।

ਆਪਣੇ ਪਿਛੋਕੜ ਅਨੁਸਾਰ ਮੋਹਨ ਭਾਗਵਤ ਉਹਨਾਂ ਲੀਹਾਂ 'ਤੇ ਚੱਲ ਰਿਹਾ ਹੈ, ਜਿਹਨਾਂ ਲੀਹਾਂ 'ਤੇ ਜਰਮਨੀ ਵਿੱਚ ਹਿਟਲਰ ਅਤੇ ਇਟਲੀ ਵਿੱਚ ਮੁਸੋਲਿਨੀ ਨੇ ਨਿੱਜੀ ਫੌਜਾਂ ਖੜ੍ਹੀਆਂ ਕੀਤੀਆਂ ਸਨ। ਹਿਟਲਰ ਤਹਿਤ ਸਟੌਰਮਿੰਗ ਟਪ੍ਰੂਪਰਜ਼ (ਸਵੈ ਇੱਛੁਕ ਮਿਲੀਸ਼ੀਆ) ਜਿਸ ਨੂੰ "ਬਰਾਊਨ ਸਰਟਸ" ਕਰਕੇ ਜਾਣਿਆ ਜਾਂਦਾ ਸੀ ਤੇ ਇਸੇ ਤਰ੍ਹਾਂ ਮੁਸੋਲਿਨੀ ਨੇ "ਬਲੈਕ ਸ਼ਰਟਸ" ਬਣਾਈ। ਇਹ ਦੋਵੇਂ ਇਹਨਾਂ ਪਾਰਟੀਆਂ ਦੇ ਅਰਧ ਫੌਜੀ ਵਿੰਗ ਸਨ। "ਬਰਾਊਨ ਸ਼ਰਟਸ" ਫੌਜੀ ਤਰੀਕੇ ਨਾਲ ਮਾਰਚ ਕਰਦੇ ਹਿਟਲਰ ਦੀ ਪਾਰਟੀ ਦੀਆਂ ਰੈਲੀਆਂ ਦੀ ਸੁਰੱਖਿਆ ਕਰਦੇ ਤੇ ਚੋਣਾਂ ਵਿੱਚ ਵਿਰੋਧੀਆਂ 'ਤੇ ਹਮਲੇ ਕਰਦੇ ਸਨ।

ਇਟਲੀ ਦੇ "ਬਲੈਕ ਸ਼ਰਟਸ" ਦੀ ਉਸਾਰੀ ਕਾਰਵਾਈ ਦਸਤਿਆਂ ਦੇ ਤੌਰ 'ਤੇ 1919 ਵਿੱਚ ਉਸ ਸਮੇਂ ਕੀਤੀ ਗਈ ਤਾਂ ਜੋ ਇਤਾਲਵੀ ਕੌਮ ਦੇ ਦੁਸ਼ਮਣ ਸਮਝੇ ਜਾਂਦੇ ਲੋਕਾਂ ਨਾਲ ਲੜਿਆ ਜਾ ਸਕੇ। 1923 ਵਿੱਚ ਰਾਸ਼ਟਰਵਾਦੀ ਕੌਮੀ ਬੁੱਧੀਜੀਵੀਆਂ, ਭੋਂ-ਸਰਦਾਰਾਂ ਅਤੇ ਸਾਬਕਾ ਫੌਜੀਆਂ ਨੂੰ ਲੈ ਕੇ ਫਾਸ਼ੀ ਪਾਰਟੀ ਦੀ ਨਿੱਜੀ ਫੌਜ ਬਣਾਈ ਗਈ ਸੀ। ਹਿਟਲਰ ਦੀ "ਬਰਾਊਨ ਸ਼ਰਟਸ" ਵਾਂਗ ਇਹ ਕੌਮੀ ਸਿਆਸੀ ਮਲੀਸ਼ੀਆ ਸੀ। ਬਾਅਦ ਵਿੱਚ ਮੁਸੋਲਿਨੀ ਦੇ ਸੱਤਾ ਵਿੱਚ ਆਉਣ 'ਤੇ ਇਸ ਨੂੰ ਬਾਕਾਇਦਾ ਹਥਿਆਰਬੰਦ ਬਲਾਂ ਵਿੱਚ ਸ਼ਾਮਲ ਕਰ ਲਿਆ ਗਿਆ ਤੇ "ਚੌਥੀ ਸ਼ਾਖਾ" ਦਾ ਨਾਂ ਦੇ ਦਿੱਤਾ ਗਿਆ। ਆਰ. ਐਸਐਸ. ਇੱਕ ਸਿਆਸੀ ਮਿਲੀਸ਼ੀਆ ਹੈ, ਜੋ ਆਪਣੇ ਹੋਰ ਵਿੰਗਾਂ (ਸ਼ਾਖਾਵਾਂ) ਜਿਵੇਂ ਸ਼੍ਰੀ ਰਾਮ ਸੈਨਾ, ਗਊ ਰਾਖੇ ਆਦਿ ਨੂੰ ਤਿਆਰ ਕਰਦਾ ਤੇ ਵੱਖ ਵੱਖ ਕੰਮ ਸੌਂਪਦਾ ਹੈ। ਇਹਨਾਂ ਨੂੰ ਤੁਰੰਤ ਕਾਰਵਾਈ ਲਈ ਲਾਮਬੰਦ ਕੀਤਾ ਜਾ ਸਕਦਾ ਹੈ। ਆਪਣੀ ਇਸ ਪ੍ਰਾਪਤੀ 'ਤੇ ਭਾਗਵਤ ਜਸ਼ਨ ਮਨਾ ਰਿਹਾ ਤੇ ਅਜਿਹੇ ਬਿਆਨ ਛੱਡ ਰਿਹਾ ਹੈ। ਇਹ ਕਮਿਊਨਿਸਟ ਇਨਕਲਾਬੀ ਸ਼ਕਤੀਆਂ, ਘੱਟ-ਗਿਣਤੀਆਂ, ਦਲਿਤਾਂ ਲਈ ਆਮ ਲੋਕਾਂ ਲਈ ਬੇਹੱਦ ਖਤਰਨਾਕ ਸਮੇਂ ਦਾ ਸੰਕੇਤ ਹੈ।



### ਸਆਸੀ ਤੇ ਧਾਰਮਿਕ ਪਾਰਟੀਆਂ ਵਲੋਂ ਨਿੰਦਾ

ਆਰ ਐਸ ਐਸ ਮੁਖੀ ਮੋਹਨ ਭਾਗਵਤ ਵੱਲੋਂ ਦੇਸ਼ ਵਿਚ ਪੈਦਾ ਹੋਏ ਸਾਰੇ 130 ਕਰੋੜ ਲੋਕਾਂ ਨੂੰ ਹਿੰਦੂ ਦੱਸਣ 'ਤੇ ਐਨ ਡੀ ਏ ਵਿਚ ਸ਼ਾਮਲ ਆਰ ਪੀ ਆਈ ਦੇ ਆਗੂ ਰਾਮਦਾਸ ਅਠਾਵਲੇ ਨੇ ਕਿਹਾ ਹੈ ਕਿ ਸਭ ਨੂੰ ਹਿੰਦੂ ਕਹਿਣ ਦਾ ਅਧਿਕਾਰ ਕਿਸੇ ਨੂੰ ਨਹੀਂ ਹੈ, ਕਿਉਂਕਿ ਇਕ ਸਮਾਂ ਸੀ ਜਦੋਂ ਸਾਡੇ ਦੇਸ਼ ਵਿਚ ਹਰ ਕੋਈ ਬੋਧੀ ਸੀ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਚਿਤਾਵਨੀ ਦਿੱਤੀ ਕਿ ਸੰਘ ਮੁਖੀ ਮੋਹਨ ਭਾਗਵਤ ਜ਼ਾਬਤੇ ਵਿਚ ਰਹਿ ਕੇ ਬਿਆਨਬਾਜ਼ੀ ਕਰਨ। ਉਹ ਵਾਰ-ਵਾਰ ਹਿੰਦੂ ਰਾਸ਼ਟਰ ਦਾ ਬਿਆਨ ਦੇ ਕੇ ਦੇਸ਼ ਦਾ ਮਾਹੌਲ ਵਿਗਾੜ ਰਹੇ ਹਨ।

ਜਥੇਦਾਰ ਨੇ ਕਿਹਾ ਕਿ ਸਿੱਖਾਂ ਦਾ ਧਰਮ, ਪੰਥ ਤੇ ਸਭਿਆਚਾਰ ਵੱਖਰਾ ਹੈ। ਇਸ ਤੋਂ ਇਲਾਵਾ ਪਹਿਰਾਵਾ ਤੇ ਰੀਤੀ ਰਿਵਾਜ਼ ਵੀ ਵੱਖਰੇ ਵੱਖਰੇ ਹਨ। ਇਸ ਲਈ ਅਸੀਂ ਕਿਸੇ ਹੋਰ ਧਰਮ ਦਾ ਨਾ ਹਿੱਸਾ ਸੀ ਤੇ ਨਾ ਹੀ ਹੋ ਸਕਦੇ ਹਾਂ ਪਰ ਦੁੱਖ ਦੀ ਗੱਲ ਹੈ ਕਿ ਸੰਘ ਮੁਖੀ ਵਾਰ-ਵਾਰ ਭਾਰਤ ਵਿੱਚ ਜਨਮ ਲੈਣ ਵਾਲੇ ਹਰ ਵਿਅਕਤੀ ਨੂੰ ਹਿੰਦੂ ਦੱਸ ਕੇ ਦੇਸ਼ ਦੇ ਅਮਨਪਸੰਦ ਲੋਕਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਜਥੇਦਾਰ ਨੇ ਆਰਐਸਐਸ ਮੁਖੀ ਮੋਹਨ ਭਾਗਵਤ ਨੂੰ ਸਖਤ ਸ਼ਬਦਾਂ ਵਿੱਚ ਚਿਤਾਵਨੀ ਦਿੰਦਿਆਂ ਕਿਹਾ ਕਿ ਨਾ ਹੀ ਸਿੱਖ ਕਿਸੇ ਹੋਰ ਧਰਮ ਵਿੱਚ ਦਖਲਅੰਦਾਜ਼ੀ ਕਰਦੇ ਹਨ ਤੇ ਨਾ ਹੀ ਕਿਸੇ ਹੋਰ ਦਾ ਦਖਲ ਆਪਣੇ ਧਰਮ ਵਿੱਚ ਬਰਦਾਸ਼ਤ ਕਰ ਸਕਦੇ ਹਨ। ਇਸ ਲਈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਧਰਮ ਦੀ ਗੱਲ ਕਰਨ ਨਾ ਕਿ ਬਾਕੀ ਦੇ ਧਰਮਾਂ ਦੇ ਲੋਕਾਂ ਨੂੰ ਹਿੰਦੂ ਆਖਣ ਦੀ ਕੋਸ਼ਿਸ਼ ਕਰਨ। ਜਿੱਥੋਂ ਤੱਕ ਭਾਰਤ ਦਾ ਸੁਆਲ ਹੈ ਤਾਂ ਭਾਰਤ ਇੱਕ ਬਹੁ-ਧਰਮੀ, ਬਹੁ-ਭਾਸ਼ਾਈ, ਬਹੁ-ਸੱਭਿਆਚਾਰਕ ਦੇਸ਼ ਹੈ ਜਿੱਥੇ ਹਰ ਧਰਮ ਦੇ ਵਿਅਕਤੀ ਨੂੰ ਪੂਰੀ ਅਜ਼ਾਦੀ ਦੇ ਨਾਲ ਰਹਿਣ ਦਾ ਹੱਕ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਰ. ਐਸ. ਐਸ. ਮੋਹਨ ਭਾਗਵਤ ਦੇ ਉਸ ਬਿਆਨ ਦੀ ਤਿੱਖੀ ਨਿੰਦਾ ਕੀਤੀ ਹੈ ਜਿਸ ਵਿਚ ਭਾਰਤ ਦੇ ਸਾਰੇ 130 ਕਰੋੜ ਲੋਕਾਂ ਨੂੰ ਹਿੰਦੂ ਕਿਹਾ ਗਿਆ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਸਿੱਖ ਇਕ ਵੱਖਰੀ ਕੌਮ ਹੈ, ਵੱਖਰੀ ਪਹਿਚਾਣ ਹੈ ਅਤੇ ਵੱਖਰਾ ਸਭਿਆਚਾਰ ਹੈ। ਸਿੱਖਾਂ ਨੂੰ ਹਿੰਦੂ ਕਹਿਣਾ ਬਹੁਤ ਗਲਤ ਹੈ।

### ਇਮਰਾਨ ਖਾਨ ਵਲੋਂ ਆਰ ਐਸ ਐਸ ਦੀ ਨਿੰਦਾ

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) 'ਤੇ ਇੱਕ ਵਾਰ ਫਿਰ ਹਮਲਾ ਕੀਤਾ ਹੈ। ਭਾਰਤ ਵਿੱਚ ਇਸ ਵੇਲੇ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਹੈ। ਇਹ ਸੰਘ ਪਰਿਵਾਰ ਦਾ ਹਿੱਸਾ ਹੈ, ਯਾਨਿ ਦੋਵਾਂ ਦੀ ਵਿਚਾਰਧਾਰਾ ਇੱਕ ਹੈ। ਦਰਅਸਲ ਵੀਰਵਾਰ ਨੂੰ ਤੇਲੰਗਾਨਾ ਵਿੱਚ ਆਰਐੱਸਐੱਸ ਨੇ ਇੱਕ ਮਾਰਚ ਕੱਢਿਆ ਸੀ, ਜਿਸ ਦਾ ਇੱਕ ਵੀਡੀਓ ਕਲਿੱਪ ਸੁਚਿਤਰ ਵਿਜਯਨ ਨਾਮ ਦੇ ਵਿਅਕਤੀ ਨੇ ਟਵਿੱਟਰ 'ਤੇ ਸ਼ੇਅਰ ਕੀਤਾ ਸੀ। ਇਮਰਾਨ ਖ਼ਾਨ ਨੇ ਸੁਚਿਤਰ ਵਿਜਯਨ ਦੇ ਟਵੀਟ ਨੂੰ ਰੀਟਵੀਟ ਕਰਦਿਆਂ ਹੋਇਆ ਲਿਖਿਆ ਹੈ, "ਆਰਐੱਸਐੱਸ ਕਾਰਨ ਮੁਸਲਮਾਨਾਂ ਦੀ ਨਸਲਕੁਸ਼ੀ ਹੋਵੇ, ਉਸ ਤੋਂ ਪਹਿਲਾਂ ਕੌਮਾਂਤਰੀ ਜਗਤ ਨੂੰ ਜਾਗ ਜਾਣਾ ਚਾਹੀਦਾ ਹੈ। ਮੁਸਲਮਾਨਾਂ ਦੀ ਨਸਲਕੁਸ਼ੀ ਦੇ ਸਾਹਮਣੇ ਦੁਨੀਆਂ ਦੀਆਂ ਦੂਜੀਆਂ ਨਸਲਕੁਸ਼ੀਆਂ ਬਹੁਤ ਛੋਟੀਆਂ ਸਾਬਿਤ ਹੋਣਗੀਆਂ। ਕਿਸੇ ਧਰਮ ਵਿਸ਼ੇਸ਼ ਨਾਲ ਨਫ਼ਰਤ ਦੇ ਆਧਾਰ 'ਤੇ ਜਦੋਂ ਕਦੇ ਵੀ ਹਿਟਲਰ ਦੇ ਬ੍ਰਾਊਨ ਸ਼ਰਟਸ ਜਾਂ ਆਰਐੱਸਐੱਸ ਵਰਗੇ ਮਿਲੀਸ਼ੀਆ ਸੰਗਠਨ ਬਣਦੇ ਹਨ, ਉਨ੍ਹਾਂ ਦਾ ਅੰਤ ਹਮੇਸ਼ਾ ਨਸਲਕੁਸ਼ੀ 'ਤੇ ਹੁੰਦਾ ਹੈ।"



### ਨਾਗਰਿਕਤਾ ਸੋਧ ਕਾਨੂੰਨ ਮੁਸਲਮਾਨਾਂ ਅਤੇ ਘੱਟਗਿਣਤੀਆਂ ਨਾਲ ਭੇਦਭਾਵ ਕਰਦਾ ਹੈ

#### *ਜਗਮੀਤ ਸਿੰਘ ਨੇ ਕੀਤੀ ਭਾਰਤ ਸਰਕਾਰ ਦੀ ਵਿਰੋਧਤਾ*

**ਓਟਾਵਾ/ਏ.ਟੀ. ਨਿਊਜ਼ :** ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਅਤੇ ਐਨਆਰਸੀ ਦਾ ਵਿਰੋਧ ਪੂਰੇ ਦੇਸ਼ ਵਿਚ ਜ਼ੋਰਾਂ 'ਤੇ ਹੈ। ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸੈਂਕੜੇ ਵਿਦਿਆਰਥੀਆਂ, ਸਮਾਜਿਕ ਕਾਰਕੁਨਾਂ ਅਤੇ ਆਮ ਲੋਕਾਂ ਵਲੋਂ ਰੋਸ ਪ੍ਰਦਰਸ਼ਨ ਕੀਤੇ ਗਏ, ਜਿਸ ਦੌਰਾਨ ਵੱਡੀ ਗਿਣਤੀ ਵਿਚ ਹਿੰਸਕ ਘਟਨਾਵਾਂ ਵੀ ਵਾਪਰੀਆਂ ਹਨ। ਹੁਣ ਵਿਦੇਸ਼ ਵਿਚ ਵੀ ਇਸ ਦੇ ਵਿਰੁੱਧ ਆਵਾਜ਼ ਚੁੱਕੀ ਜਾ ਰਹੀ ਹੈ। ਕੈਨੇਡਾ ਦੇ ਨਿਊ ਡੈਮੋਕ੍ਰੇਟਿਕ ਪਾਰਟੀ (ਐਨਡੀਪੀ) ਦੇ ਲੀਡਰ ਜਗਮੀਤ ਸਿੰਘ ਨੇ ਸੀਏਏ ਦਾ ਵਿਰੋਧ ਕੀਤਾ ਹੈ ਅਤੇ ਇਸ ਨੂੰ ਪੱਖਪਾਤੀ ਦੱਸਿਆ ਹੈ। ਜਗਮੀਤ ਸਿੰਘ ਨੇ ਕਿਹਾ, "ਮੋਦੀ ਸਰਕਾਰ ਵੱਲੋਂ ਸੰਸਦ ਵਿਚ ਨਾਗਰਿਕਤਾ ਸੋਧ ਕਾਨੂੰਨ ਜਾਣਬੁੱਝ ਕੇ ਪਾਸ ਕਰਵਾਇਆ ਗਿਆ ਹੈ, ਜੋ ਕਿ ਮੁਸਲਮਾਨਾਂ ਅਤੇ ਘੱਟਗਿਣਤੀਆਂ ਨਾਲ ਭੇਦਭਾਵ ਕਰਦਾ ਹੈ। ਇਹ ਗਲਤ ਹੈ ਅਤੇ ਇਸ ਦੀ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ। ਵੱਧਦੀ ਨਫ਼ਰਤ ਅਤੇ ਧਰੁਵੀਕਰਨ ਦੇ ਸਮੇਂ, ਸਰਕਾਰਾਂ ਨੂੰ ਲੋਕਾਂ ਨੂੰ ਇਕੱਠੇ ਕਰਨ ਲਈ ਕੰਮ ਕਰਨਾ ਚਾਹੀਦਾ ਹੈ, ਨਾ ਕਿ ਵੰਡਣ ਲਈ।"

### ਮੁਸਲਮ ਬਰਾਤ ਦੀ ਸੁਰੱਖਿਆ ਕੀਤੀ ਹਿੰਦੂ ਗੱਭਰੂਆਂ ਨੇ

**ਕਾਨਪੁਰ/ਏ.ਟੀ. ਨਿਊਜ਼ :** ਪਿਛਲੇ ਸ਼ਨੀਵਾਰ ਇਥੇ ਹਿੰਸਾ ਦੌਰਾਨ ਫਿਰਕੂ ਸਦਭਾਵਨਾ ਦਾ ਮੁਜ਼ਾਹਰਾ ਕਰਦਿਆਂ ਹਿੰਦੂ ਮੁੰਡਿਆਂ ਨੇ ਮਨੁੱਖੀ ਕੜੀ ਬਣਾ ਕੇ ਮੁਸਲਮ ਮੁੰਡੇ ਦੀ ਬਰਾਤ ਨੂੰ ਸਹੀ-ਸਲਾਮਤ ਟਿਕਾਣੇ 'ਤੇ ਪਹੁੰਚਾਇਆ। ਹਿੰਸਾ ਤੇ ਕਰਫਿਊ ਕਾਰਨ ਖਾਨ ਪਰਵਾਰ ਨੇ ਵਿਆਹ ਅੱਗੇ ਪਾਉਣ ਦਾ ਫੈਸਲਾ ਕਰ ਲਿਆ ਸੀ। ਇਸ ਦਾ ਪਤਾ ਲਗਦਿਆਂ ਲਾੜੀ ਦੇ ਗਵਾਂਢੀ ਵਿਮਲ ਚਪਾੜੀਆ ਨੇ ਸਾਰੇ ਦੋਸਤ ਇਕੱਠੇ ਕੀਤੇ ਅਤੇ ਜਦੋਂ 70 ਬਰਾਤੀ ਪੁੱਜੇ ਤਾਂ ਉਨ੍ਹਾਂ ਮਨੁੱਖੀ ਕੜੀ ਬਣਾ ਕੇ ਉਨ੍ਹਾਂ ਨੂੰ ਬਕਰਗੰਜ ਫਾਟਕ ਤੋਂ ਇਕ ਕਿਲੋਮੀਟਰ ਦੂਰ ਵਿਆਹ ਵਾਲੀ ਥਾਂ ਤੱਕ ਪਹੁੰਚਾਇਆ। ਵਿਆਹ ਹੋਣ ਤੱਕ ਉਹ ਉੱਥੇ ਰਹੇ ਤੇ ਫਿਰ ਬਰਾਤ ਨੂੰ ਸੁਰੱਖਿਅਤ ਵਾਪਸ ਲਿਆਏ। ਇਕ ਪ੍ਰਾਈਵੇਟ ਸਕੂਲ ਵਿਚ ਪ੍ਰਸ਼ਾਸਕ ਵਜੋਂ ਕੰਮ ਕਰਦੇ ਚਪਾੜੀਆ ਨੇ ਕਿਹਾ ਕਿ 'ਜ਼ੀਨਤ ਨੂੰ ਮੈਂ ਵੱਡੀ ਹੁੰਦਿਆਂ ਤੱਕਿਆ। ਉਹ ਮੇਰੀ ਨਿੱਕੀ ਭੈਣ ਵਰਗੀ ਹੈ। ਮੈਂ ਉਸ ਦਾ ਦਿਲ ਟੁੱਟਦਾ ਕਿਵੇਂ ਦੇਖ ਸਕਦਾ ਸੀ। ਅਸੀਂ ਗਵਾਂਢੀ ਹਾਂ ਤੇ ਮੈਨੂੰ ਔਖੇ ਵੇਲੇ ਉਸ ਦੇ ਪਰਵਾਰ ਨਾਲ ਖੜ੍ਹਨਾ ਪੈਣਾ ਸੀ।' ਜ਼ੀਨਤ ਨੇ ਕਿਹਾ ਕਿ ਵਿਮਲ ਸਹੀ ਅਰਥਾਂ ਵਿਚ ਉਸ ਦਾ ਭਰਾ ਹੈ ਤੇ ਉਹ ਉਸ ਦੇ ਅਹਿਸਾਨ ਨੂੰ ਕਦੇ ਨਹੀਂ ਭੁੱਲੇਗੀ।

### ਭਾਈ ਰਾਜੋਆਣਾ ਭੁੱਖ ਹੜਤਾਲ਼ ਕਰਨਗੇ 11 ਜਨਵਰੀ ਤੋਂ

**ਪਟਿਆਲਾ/ਏ.ਟੀ. ਨਿਊਜ਼ :** ਫਾਂਸੀ ਖ਼ਿਲਾਫ਼ ਰਹਿਮ ਦੀ ਅਪੀਲ ਦਾ ਕੇਸ ਅੱਠ ਸਾਲਾਂ ਤੋਂ ਲਟਕਣ ਕਾਰਨ ਅਤੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਅਯੋਗ ਭੂਮਿਕਾ ਦੇ ਰੋਸ ਵਜੋਂ ਭਾਈ ਬਲਵੰਤ ਸਿੰਘ ਰਾਜੋਆਣਾ ਨੇ 11 ਜਨਵਰੀ ਨੂੰ ਮੁੜ ਭੁੱਖ ਹੜਤਾਲ਼ ਕਰਨਗੇ। ਇਸੇ ਮਾਮਲੇ ਨੂੰ ਲੈ ਕੇ ਉਹ ਪਹਿਲਾਂ ਵੀ ਦੋ ਭੁੱਖ ਹੜਤਾਲ਼ ਰੱਖ ਚੁੱਕੇ ਹਨ। ਭਾਈ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਕਿਹਾ ਕਿ ਇਸ ਸਬੰਧੀ ਵਾਰ ਵਾਰ ਭਰੋਸਾ ਦੇਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਕੇਸ ਦੇ ਨਿਪਟਾਰੇ ਲਈ ਢੁਕਵੇਂ ਰੂਪ ਵਿਚ ਪੈਰਵੀ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਪਹਿਲੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਮੌਜੂਦਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਭਰੋਸੇ ਦੇਣ ਦੇ ਬਾਵਜੂਦ ਹਕੀਕੀ ਰੂਪ ਵਿਚ ਕੋਈ ਸਰਗਰਮੀ ਨਹੀਂ ਹੈ।



ਅੰਮ੍ਰਿਤਸਰ ਟਾਈਮਜ਼
AMRITSAR TIMES
01 ਜਨਵਰੀ 2020 ਤੋਂ 07 ਜਨਵਰੀ 2020

## ਖੁਸ਼ਆਮਦੀਦ-2020

ਨਵੇਂ ਸਾਲ ਵਿਚ ਭਾਵੇਂ ਕੈਲੰਡਰ ਅਤੇ ਤਰੀਕਾਂ ਬਦਲਣ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਬਦਲਦਾ ਪਰ ਪ੍ਰਾਚੀਨ ਕਾਲ ਤੋਂ ਸਮੇਂ ਦੀ ਇਕ ਯੂਨਿਟ ਵਿਚ ਪੁਰਾਣੀਆਂ ਗਿਣਤੀਆਂ ਮਿਣਤੀਆਂ ਦਾ ਲੇਖਾ ਜੋਖਾ ਖਤਮ ਕਰਕੇ ਨਵੀਆਂ ਤਰੀਕਾਂ ਦੀ ਸ਼ੁਰੂਆਤ ਚੱਲੀ ਆ ਰਹੀ ਹੈ। ਇਹ ਗੱਲ ਹੁਣ ਸਰਬ ਪ੍ਰਮਾਣਿਤ ਹੋ ਚੁੱਕੀ ਹੈ ਕਿ ਈਸਵੀ ਸੰਮਤ ਦੇ ਲਿਹਾਜ ਨਾਲ ਪ੍ਰਚੱਲਤ ਗਰੀਗੋਰੀਅਨ ਕੈਲੰਡਰ ਹੀ ਪੂਰੀ ਦੁਨੀਆ ਵਿਚ ਵਿਹਾਰਕ ਕੈਲੰਡਰ ਹੈ ਜਿਸ ਮੁਤਾਬਕ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਕੰਮ ਕਾਜ ਤੈਅ ਹੁੰਦੇ ਹਨ। ਉਂਜ ਤਾਂ ਦੁਨੀਆਂ ਵਿਚ ਬਹੁਤ ਸਾਰੇ ਕੈਲੰਡਰ ਵੱਖ ਵੱਖ ਧਰਮਾਂ, ਮਜਬਾਂ ਅਤੇ ਕਬੀਲਿਆਂ ਮੁਤਾਬਕ ਪ੍ਰਚੱਲਤ ਹਨ। ਭਾਰਤ ਵਿਚ ਹੀ ਤਿੱਥਾਂ ਤੇ ਆਧਾਰਿਤ ਚੰਦਰ ਕੈਲੰਡਰ ਦੇ ਨਾਲ ਬਿਕਰਮੀ ਸੰਮਤ ਚਲਦਾ ਹੈ। ਇਸ ਤੋਂ ਇਲਾਵਾ ਹਿਜਰੀ ਕੈਲੰਡਰ ਹੈ ਅਤੇ ਸਿੱਖਾਂ ਦੇ ਇਤਿਹਾਸ ਅਤੇ ਗੁਰੂ ਸਾਹਿਬਾਨ ਨਾਲ ਸਬੰਧਤ ਦਿਹਾੜਿਆਂ ਨੂੰ ਲੈ ਕੇ ਨਾਨਕਸ਼ਾਹੀ ਕੈਲੰਡਰ ਵੀ ਲਾਗੂ ਹੈ। ਭਾਰਤ ਦਾ ਰਾਸ਼ਟਰੀ ਕੈਲੰਡਰ ਸ਼ੱਕ ਹੈ ਜੋ ਬਿਕਰਮੀ ਸੰਮਤ ਦੀ ਤਰਜ਼ 'ਤੇ ਹੀ ਚਲਦਾ ਹੈ ਪਰ ਸਾਰਾ ਸਰਕਾਰੀ ਕੰਮ ਕਾਜ ਈਸਵੀ ਸੰਮਤ ਵਾਲੇ ਕੈਲੰਡਰ ਦੇ ਹਿਸਾਬ ਨਾਲ ਹੀ ਚੱਲਦਾ ਹੈ। ਇਹੋ ਕਾਰਨ ਹੈ ਕਿ ਸਾਰੀਆਂ ਸਰਕਾਰਾਂ, ਸਰਕਾਰੀ ਅਦਾਰੇ, ਸਮਾਜਿਕ ਅਤੇ ਵਿਦਿਅਕ ਸੰਸਥਾਵਾਂ ਇਸ ਕੈਲੰਡਰ ਨੂੰ ਮਾਨਤਾ ਦਿੰਦੇ ਹਨ ਅਤੇ ਇਸ ਮੁਤਾਬਕ ਹੀ ਛੁੱਟੀਆਂ ਅਤੇ ਦਿਨ ਦਿਹਾੜੇ ਨਿਸ਼ਚਿਤ ਕੀਤੇ ਜਾਂਦੇ ਹਨ। ਪਹਿਲੀ ਜਨਵਰੀ ਹੀ ਸਾਰਿਆਂ ਨੂੰ ਨਵੇਂ ਸਾਲ ਦਾ ਪਹਿਲਾ ਦਿਨ ਪ੍ਰਵਾਨ ਹੈ ਜਿਸ ਦਿਨ ਦੋਸਤ-ਮਿੱਤਰ, ਰਿਸ਼ਤੇਦਾਰ, ਸਰਕਾਰੀ ਤੰਤਰ ਨਾਲ ਜੁੜੇ ਮੰਤਰੀ ਸੰਤਰੀ ਸਾਰਿਆਂ ਨੂੰ ਮੁਬਾਰਕਬਾਦ ਅਤੇ ਲੰਮੀ ਉਮਰ, ਖੁਸ਼ੀਆਂ ਖੇੜਿਆਂ ਦੀ ਕਾਮਨਾ ਕਰਦੇ ਹਨ। 90% ਲੋਕਾਂ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਬਿਕਰਮੀ, ਨਾਨਕਸ਼ਾਹੀ, ਹਿਜਰੀ ਜਾਂ ਸ਼ੱਕ ਜੰਤਰੀ ਦੀ ਸ਼ੁਰੂਆਤ ਕਦੋਂ ਹੁੰਦੀ ਹੈ ਅਤੇ ਚੇਤ, ਚੇਤਰ ਜਾਂ ਮੁਹੱਰਮ ਮਹੀਨੇ ਦਾ ਪਹਿਲਾ ਦਿਨ ਕਦੋਂ ਆਉਂਦਾ ਹੈ। ਖ਼ੈਰ ! ਹੁਣ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਪਹਿਲੀ ਜਨਵਰੀ ਵਾਲਾ ਗਰੀਗੋਰੀਅਨ ਕੈਲੰਡਰੀ ਹੀ ਦੁਨੀਆ ਭਰ ਵਿਚ ਵਿਹਾਰਕ ਕੈਲੰਡਰ ਹੈ। ਇਹੋ ਕਾਰਨ ਹੈ ਕਿ ਜਿੱਥੇ ਈਸਾਈ 31 ਦਸੰਬਰ ਤੇ ਪਹਿਲੀ ਜਨਵਰੀ ਦੀ ਰਾਤ ਨੂੰ ਜਸ਼ਨਾਂ ਦੀ ਰਾਤ ਵਜੋਂ ਨੱਚ ਟੱਪ ਕੇ ਖੁਸ਼ੀਆਂ ਨਾਲ ਮਨਾਉਂਦੇ ਹਨ ਉਸੇ ਤਰਾਂ ਹੁਣ ਹੋਰਨਾਂ ਧਰਮਾਂ ਖਾਸ ਕਰਕੇ ਹਿੰਦੂ ਸਿੱਖ ਵੀ ਆਪਣੇ ਇਸ਼ਟ ਮੁਤਾਬਕ ਇਸ ਦਿਹਾੜੇ ਨੂੰ ਜੀ ਆਇਆਂ ਆਖਦੇ ਹਨ। ਗੁਰਦੁਆਰਾ ਸਾਹਿਬਾਨ ਵਿਚ ਰਾਤ ਭਰ ਰਸਭਿੰਨਾ ਕੀਰਤਨ ਹੁੰਦਾ ਹੈ ਅਤੇ ਨਵੇਂ ਸਾਲ ਦੀ ਸ਼ੁਰੂਆਤ ਸਮੇਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ।

ਜਿੱਥੇ ਨਵੇਂ ਵਰ੍ਹੇ ਨੂੰ ਖੁਸ਼ਆਮਦੀਦ ਕਹਿਣਾ ਬਣਦਾ ਹੈ, ਉਥੇ ਪਿਛਲੇ ਸਾਲ ਦੀਆਂ ਵੱਡੀਆਂ ਘਟਨਾਵਾਂ ਅਤੇ ਪ੍ਰਾਪਤੀਆਂ ਜਾਂ ਖਾਮੀਆਂ ਉਪਰ ਨਿਗਾਹ ਮਾਰਨੀ ਵੀ ਜਰੂਰੀ ਹੈ। ਸਾਲ ਦੌਰਾਨ ਬਹੁਤ ਸਾਰੀਆਂ ਸਮਾਜਿਕ, ਰਾਜਨੀਤਕ, ਧਾਰਮਿਕ ਅਤੇ ਸੱਭਿਆਚਾਰਕ ਸਰਗਰਮੀਆਂ ਵਾਲੀਆਂ ਘਟਨਾਵਾਂ ਵਾਪਰਦੀਆਂ ਹਨ ਜੋ ਹਾਂਪੱਖੀ ਅਤੇ ਨਾਂਹਪੱਖੀ ਦੋਹਾਂ ਪਹਿਲੂਆਂ ਨੂੰ ਲੈ ਕੇ ਚਲਦੀਆਂ ਹਨ। ਸਾਲ 2019 ਵਿਚ ਪੰਜਾਬੀਆਂ ਖਾਸ ਕਰਕੇ ਸਿੱਖਾਂ ਲਈ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ 550ਸਾਲਾ ਪ੍ਰਕਾਸ਼ ਪੁਰਬ ਬਹੁਤ ਹੀ ਮਹੱਤਵਪੂਰਨ ਦਿਹਾੜਾ ਸੀ ਜਿਸ ਨੂੰ ਸਰਕਾਰਾਂ, ਧਾਰਮਿਕ ਜਥੇਬੰਦੀਆਂ ਅਤੇ ਹੋਰ ਸੰਸਥਾਵਾਂ ਨੇ ਬਹੁਤ ਹੀ ਸ਼ਰਧਾ ਨਾਲ ਮਨਾਇਆ ਅਤੇ ਇਸੇ ਸਬੰਧ ਵਿਚ ਪੰਜਾਬ ਦੇ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ 'ਚ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਤੱਕ ਲਾਂਘੇ ਦੀ ਸ਼ੁਰੂਆਤ ਹੋਣੀ ਬਹੁਤ ਵੱਡੀ ਖੁਸ਼ਕਿਸਮਤੀ ਕਹੀ ਜਾ ਸਕਦੀ ਹੈ। ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ ਅਤੇ ਹੋਰਨਾਂ ਥਾਵਾਂ ਤੇ ਮਨਾਏ ਗਏ 550 ਸਾਲਾ ਗੁਰਪੁਰਬਾਂ ਨੇ ਕੌਮ ਵਿਚ ਨਵੀਂ ਰੂਹ ਹੀ ਨਹੀਂ ਫੂਕੀ ਸਗੋਂ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਤੇ ਸਿੱਖ ਸਿਧਾਂਤ ਦੀ ਗੱਲ ਛਿੜੀ ਹੈ। ਇਸੇ ਤਰਾਂ ਦੂਜੀ ਵੱਡੀ ਇਤਿਹਾਸਕ ਘਟਨਾ ਜਲ੍ਹਿਆਂ ਵਾਲਾ ਬਾਗ ਦੇ ਸਾਕੇ ਦਾ 100 ਸਾਲਾ ਮਨਾਇਆ ਜਾਣਾ ਸੀ ਜਿਸ ਨੂੰ ਭਾਵੇਂ ਸਰਕਾਰਾਂ ਤੇ ਹੋਰ ਸੰਸਥਾਵਾਂ ਉਸ ਤਰੀਕੇ ਨਾਲ ਨਹੀਂ ਮਨਾ ਸਕੀਆਂ, ਜਿਸ ਤਰਾਂ ਇਕ ਸ਼ਤਾਬਦੀ ਮਨਾਈ ਜਾਣੀ ਚਾਹੀਦੀ ਸੀ ਪਰ ਇਸ ਬਹਾਨੇ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਨੂੰ ਯਾਦ ਕੀਤਾ ਜਾਣਾ ਵੀ ਇਕ ਪ੍ਰਾਪਤੀ ਰਹੀ।

ਭਾਰਤ ਵਿਚ ਸਿਆਸੀ ਤੌਰ 'ਤੇ ਇਹ ਵਰ੍ਹਾ ਕਾਫ਼ੀ ਮਹੱਤਵਪੂਰਨ ਰਿਹਾ, ਜਦ ਭਾਰਤੀ ਜਨਤਾ ਪਾਰਟੀ ਨੇ ਬਹੁਮੱਤ ਦੀ ਤਾਨਾਸ਼ਾਹੀ ਨਾਲ ਸੰਵਿਧਾਨ ਦੀਆਂ ਕਈ ਧਾਰਾਵਾਂ ਵਿਚ ਤਰਮੀਮ ਕਰਕੇ ਦੇਸ਼ ਨੂੰ ਇਕ ਮਜ਼ਬ ਵਾਲਾ ਮੁਲਕ ਬਣਾਉਣ ਦੀ ਕੋਸ਼ਿਸ਼ ਕੀਤੀ ਜੋ ਕਿ ਇਕ ਨੇਸ਼ਨ ਸਟੇਟ ਹੋਣ ਦੇ ਨਾਤੇ ਇੱਥੇ ਕਾਫ਼ੀ ਸੰਭਾਵਨਾਵਾਂ ਮੌਜੂਦ ਹਨ। ਜੰਮੂ ਕਸ਼ਮੀਰ ਨਾਲ ਸਬੰਧਤ ਧਾਰਾ 370 ਅਤੇ 34 ਏ ਖਤਮ ਕਰਕੇ ਇਸ ਨੂੰ ਦੋ ਹਿੱਸਿਆਂ ਵਿਚ ਵੰਡਣਾ ਅਤੇ ਜਮਹੂਰੀ ਪ੍ਰਬੰਧ ਖਤਮ ਕਰਕੇ ਸਿੱਧਾ ਕੇਂਦਰ ਦੇ ਅਧੀਨ ਕਰਨਾ, ਕੌਮੀ ਨਾਗਰਿਕਤਾ ਕਾਨੂੰਨ 'ਚ ਤਰਮੀਮ ਕਰਕੇ ਨਵਾਂ ਨਾਗਰਿਕਤਾ ਕਾਨੂੰਨ ਬਣਾਉਣਾ ਅਤੇ ਕੌਮੀ ਨਾਗਰਿਕਤਾ ਰਜਿਸਟਰ ਕਾਇਮ ਕਰਨਾ ਅਜਿਹੇ ਹੀ ਮਹੱਤਵਪੂਰਨ ਕਦਮ ਹਨ ਜਿਸ ਨੇ ਘੱਟ ਗਿਣਤੀਆਂ ਦੇ ਮਨਾਂ ਵਿਚ ਬੇਗਾਨਗੀ ਦੀ ਭਾਵਨਾ ਪੈਦਾ ਕੀਤੀ ਹੈ। ਰਾਜਨੀਤਕ ਪੱਖੋਂ ਬੀਜੇਪੀ ਨੂੰ ਵੱਖ ਵੱਖ ਸੂਬਿਆਂ ਵਿਚ ਖੋਰਾ ਲੱਗਣ ਨਾਲ ਕਾਂਗਰਸ ਭਾਵੇਂ ਮਜ਼ਬੂਤ ਨਹੀਂ ਹੋਈ ਪਰ ਦੇਸ਼ ਅੰਦਰ ਨਵੀਆਂ ਸਿਆਸੀ ਸਮੀਕਰਨਾਂ ਬਣਨ ਲਈ ਰਾਹ ਤਿਆਰ ਹੋ ਗਿਆ ਹੈ।

ਜੇ ਸਾਲ 2019 ਜਾਂ ਇਸ ਦੇ ਪਿਛੋਕੜ ਵਿਚ ਝਾਤ ਮਾਰੀਏ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਾਂਝ ਭਿਆਲੀ ਕਾਰਨ ਸਿੱਖਾਂ ਦੇ ਹੱਕੀ ਅਤੇ ਹਕੀਕੀ ਮੁੱਦੇ ਸਮਾਜਿਕ, ਰਾਜਨੀਤਕ ਦ੍ਰਿਸ਼ ਤੋਂ ਲਾਂਭੇ ਹੋ ਗਏ। ਪ੍ਰਕਾਸ਼ ਸਿੰਘ ਬਾਦਲ ਨਿਜ਼ਾਮ ਦੌਰਾਨ ਵਾਪਰੇ ਬੇਅਦਬੀ ਕਾਂਡਾਂ ਦੀ ਜਾਂਚ ਪੜਤਾਲ ਕਿਸੇ ਪਾਸੇ ਨਹੀਂ ਲੱਗ ਸਕੀ। ਪੰਜਾਬ ਦੀ ਕੈਪਟਨ ਸਰਕਾਰ ਵੀ ਇਨਾਂ ਮੁੱਦਿਆਂ ਨੂੰ ਆਪਣੇ ਸਿਆਸੀ ਨਜ਼ਰੀਏ ਤੋਂ ਵੇਖਦੀ ਰਹੀ। ਕੌਮੀ ਨਾਗਰਿਕਤਾ ਕਾਨੂੰਨ ਬਾਰੇ ਸ਼੍ਰੋਮਣੀ ਅਕਾਲੀ ਦਲ ਦਾ ਸਟੈਂਡ ਅਤੇ ਨਜ਼ਰੀਆ ਬਹੁਤ ਹੀ ਪੇਤਲਾ ਅਤੇ ਡੰਗ ਟਪਾਊ ਰਿਹਾ। ਸ਼੍ਰੋਮਣੀ ਅਕਾਲੀ ਦਲ ਨੇ ਘੱਟਗਿਣਤੀਆਂ ਦੇ ਮਸਲਿਆਂ ਨੂੰ ਜਾਣ ਬੁੱਝ ਕੇ ਅੱਖੋਂ ਪਰੋਖੇ ਹੀ ਨਹੀਂ ਕੀਤਾ ਸਗੋਂ ਕਈ ਥਾਵਾਂ 'ਤੇ ਬੀਜੇਪੀ ਵਾਲਾ ਸਟੈਂਡ ਹੀ ਰੱਖਿਆ।

ਦਿੱਲੀ ਅਤੇ ਹੋਰਨਾਂ ਸੂਬਿਆਂ ਵਿਚ 1984 ਵਿਚ ਹੋਏ ਸਿੱਖ ਕਤਲੇਆਮ ਨੂੰ ਵੀ ਅਕਾਲੀ ਦਲ ਬੀਜੇਪੀ ਨੇ ਵੋਟਾਂ ਲਈ ਇਕ ਰਾਜਨੀਤਕ ਹਰਬੇ ਵਜੋਂ ਵਰਤਿਆ ਅਤੇ ਅਦਾਲਤਾਂ ਵਿਚ ਕਿਸੇ ਵੀ ਕੇਸ ਦਾ ਨਿਬੇੜਾ ਨਹੀਂ ਹੋਇਆ। ਇਸ ਦੇ ਉਲਟ ਸੁਪਰੀਮ ਕੋਰਟ ਨੇ ਉਤਰ ਪ੍ਰਦੇਸ਼ ਵਿਚ ਅਯੁਧਿਆ ਦੀ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਰ ਦੀ ਉਸਾਰੀ ਉਪਰ ਮੋਹਰ ਲਾ ਦਿੱਤੀ ਅਤੇ ਸਿੱਖਾਂ ਨੂੰ ਇਕ ਗੁੱਟ (ਕਲਟ) ਕਹਿ ਕੇ ਰਾਮ ਮੰਦਰ ਦੇ ਪੱਖ ਵਿਚ ਇਨਾਂ ਦੀ ਗਵਾਹੀ ਵੀ ਪਾ ਲਈ।

ਸਿੱਖ ਅੱਜ ਪੂਰੀ ਦੁਨੀਆ ਵਿਚ ਆਪਣਾ ਸ਼ਖ਼ਸੀ ਮੁਕਾਮ ਹੀ ਨਹੀਂ ਰੱਖਦੇ ਸਗੋਂ ਸਿਆਸਤ ਵਿਚ ਵੀ ਛਾਏ ਹੋਏ ਹਨ। ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਤੋਂ ਇਲਾਵਾ ਹਰ ਛੋਟੇ ਵੱਡੇ ਮੁਲਕ ਵਿਚ ਸਿੱਖ ਆਪਣੀ ਸਮਾਜਿਕ ਅਤੇ ਰਾਜਨੀਤਕ ਹੈਸੀਅਤ ਰੱਖਦੇ ਹਨ।

ਕੈਨੇਡਾ ਵਿਚ ਸਿੱਖਾਂ ਦੀ ਮਦਦ ਨਾਲ ਜਸਟਿਨ ਟਰੂਡੋ ਦਾ ਮੁੜ ਪ੍ਰਧਾਨ ਮੰਤਰੀ ਬਣਨਾ ਅਤੇ ਭਾਈ ਜਗਮੀਤ ਸਿੰਘ ਦੇ ਇਕ ਸਿਆਸੀ ਨੇਤਾ ਵਜੋਂ ਉਭਰਨਾ ਵੱਡੀਆਂ ਰਾਜਨੀਤਕ ਘਟਨਾਵਾਂ ਹਨ। ਇਸੇ ਤਰਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਯੂ.ਐਸ. ਦੇ ਇਤਿਹਾਸ ਵਿਚ ਤੀਜੇ ਅਜਿਹੇ ਰਾਸ਼ਟਰਪਤੀ ਬਣੇ ਜਿਨਾਂ ਖਿਲਾਫ਼ ਅਮਰੀਕੀ ਕਾਂਗਰਸ ਦੀ ਪ੍ਰਤੀਨਿਧੀ ਸਭਾ ਵਿਚ ਮਹਾਂਦੋਸ਼ ਦਾ ਮਤਾ ਪਾਸ ਹੋਇਆ ਅਤੇ ਹੁਣ ਸੈਨੇਟ ਨੇ ਇਸ ਦਾ ਫੈਸਲਾ ਕਰਨਾ ਹੈ।

ਇਸ ਤੋਂ ਇਲਾਵਾ 2019 ਦਾ ਵਰ੍ਹਾ ਹੋਰ ਬਹੁਤ ਸਾਰੀਆਂ ਮਿੱਠੀਆਂ ਕੌੜੀਆਂ ਯਾਦਾਂ ਛੱਡ ਗਿਆ ਜੋ ਨਵੇਂ ਸਾਲ ਤੇ ਅਸਰ ਅੰਦਾਜ਼ ਹੋਣਗੀਆਂ।

# ਅਸਹਿਮਤੀ ਲੋਕਤੰਤਰ ਦਾ ਮੂਲ ਮੰਤਰ

**ਭਾਰਤ-ਪੱਖੀ ਲੀਡਰਾਂ ਦੀ ਲਗਾਤਾਰ ਨਜ਼ਰਬੰਦੀ 24 ਦਸੰਬਰ ਦੇ ਉਸ ਦਾਅਵੇ ਨੂੰ ਝੁਠਲਾਉਂਦੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਹਾਲਾਤ ਸੁਧਰ ਜਾਣ ਕਾਰਨ ਵਾਦੀ ਵਿਚੋਂ ਨੀਮ ਫ਼ੌਜੀ ਦਸਤਿਆਂ ਦੀਆਂ 72 ਕੰਪਨੀਆਂ ਨੂੰ ਹਟਾਇਆ ਜਾ ਸਕਦਾ ਹੈ। ਕੀ ਇਨ੍ਹਾਂ ਸਲਾਮਤੀ ਦਸਤਿਆਂ ਨੂੰ ਹੋਰ ਹਿੱਸਿਆਂ ਵਿਚ ਭੇਜਿਆ ਜਾ ਰਿਹਾ ਹੈ, ਕਿਉਂਕਿ ਸਰਕਾਰ ਵੱਲੋਂ ਕਾਹਲੀ ਨਾਲ ਪਾਸ ਕੀਤੇ ਸੀਏਏ ਤੋਂ ਇਲਾਵਾ ਐੱਨਆਰਸੀ ਅਤੇ ਕੌਮੀ ਆਬਾਦੀ ਰਜਿਸਟਰ (ਐੱਨਪੀਆਰ) ਖ਼ਿਲਾਫ਼ ਦੇਸ਼ ਭਰ ਵਿਚ ਅੰਦੋਲਨ ਚੱਲ ਰਿਹਾ ਹੈ। ਇਹੀ ਨਹੀਂ, ਪ੍ਰਧਾਨ ਮੰਤਰੀ 22 ਦਸੰਬਰ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਐੱਨਆਰਸੀ ਦੇ ਮੁੱਦੇ ਉਤੇ ਦੇਸ਼ ਦੇ ਰਾਸ਼ਟਰਪਤੀ ਵੱਲੋਂ ਸੰਸਦ ਦੇ ਦੋਵਾਂ ਸਦਨਾਂ ਦੇ ਸਾਂਝੇ ਸੰਮੇਲਨ ਵਿਚ ਬੀਤੀ 20 ਜੂਨ ਨੂੰ ਦਿੱਤੇ ਭਾਸ਼ਣ ਦਾ ਹੀ ਖੰਡਨ ਕਰਦੇ ਨਜ਼ਰ ਆਏ।**



**ਵਾਪੱਲਾ ਬਾਲਾਚੰਦਰਨ**
ਸਾਬਕਾ ਵਿਸ਼ੇਸ਼ ਸਕੱਤਰ, ਕੈਬਨਿਟ ਸਕੱਤਰੇਤ

ਸਾਲ 1976 ਦਾ ਸ਼ਾਇਦ ਦੂਜਾ ਅੱਧ ਸੀ, ਮੈਨੂੰ ਦੇਸ਼ ਦੀ ਵਿਦੇਸ਼ ਇੰਟੈਲੀਜੈਂਸ ਸੇਵਾ ਦੇ ਮੁਖੀ ਆਰਐੱਨ ਰਾਓ ਨੇ ਰਾਜਦੂਤ ਅੱਪਾ ਸਾਹਿਬ ਪੰਤ ਨੂੰ ਕੋਈ ਨਿੱਜੀ ਸੁਨੇਹਾ ਪਹੁੰਚਾਉਣ ਵਾਸਤੇ ਕਿਹਾ। ਉਹ



1975 ਵਿਚ ਇਟਲੀ ਵਿਚ ਭਾਰਤੀ ਰਾਜਦੂਤ ਵਜੋਂ ਸੇਵਾ ਨਿਭਾਉਣ ਪਿੱਛੋਂ ਸੇਵਾਮੁਕਤ ਹੋ ਕੇ ਪੁਣੇ ਵਿਚ ਰਹਿ ਰਹੇ ਸਨ। ਉਹ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਫ਼ੀ ਕਰੀਬ ਸਨ ਅਤੇ ਉਨ੍ਹਾਂ ਮੈਨੂੰ ਇੰਦਰਾ ਗਾਂਧੀ ਦੀ ਦੁਚਿੱਤੀ ਬਾਰੇ ਜਾਣਕਾਰੀ ਦਿੰਦੀ ਘਟਨਾ ਸੁਣਾਈ। ਉਸ ਵੇਲੇ ਦੇਸ਼ ਵਿਚ ਲਾਗੂ ਐਮਰਜੈਂਸੀ ਦੇ ਅਣਕਿਆਸਿਆ ਮੋੜ ਕੱਟ ਜਾਣ ਤੋਂ ਇੰਦਰਾ ਗਾਂਧੀ ਬਹੁਤ ਦੁਖੀ ਸੀ ਅਤੇ ਉਸ ਨੇ ਸਲਾਹ ਲਈ ਫਿਲਾਸਫਰ ਜੇ. ਕ੍ਰਿਸ਼ਨਾਮੂਰਤੀ ਨਾਲ ਮੁਲਾਕਾਤ ਕੀਤੀ ਸੀ। ਉਸ ਨੇ ਕ੍ਰਿਸ਼ਨਾਮੂਰਤੀ ਨੂੰ ਕਿਹਾ ਕਿ ਉਹ ਸ਼ੇਰ ਉੱਤੇ ਸਵਾਰ ਹੋ ਗਈ ਹੈ, ਹੁਣ ਜੇ ਇਸ ਤੋਂ ਲਹਿੰਦੀ ਹੈ ਤਾਂ ਸ਼ੇਰ ਉਸ ਨੂੰ ਖਾ ਜਾਵੇਗਾ। ਅੱਪਾ ਸਾਹਿਬ ਮੁਤਾਬਕ, ਕ੍ਰਿਸ਼ਨਾਮੂਰਤੀ ਨੇ ਸ੍ਰੀਮਤੀ ਗਾਂਧੀ ਨੂੰ ਸਲਾਹ ਦਿੱਤੀ ਕਿ ਜੇ ਉਸ ਦਾ ਜਮਹੂਰੀਅਤ ਵਿਚ ਵਿਸ਼ਵਾਸ ਹੈ ਤਾਂ ਉਸ ਨੂੰ ਸ਼ੇਰ ਤੋਂ ਲੱਥ ਜਾਣਾ ਚਾਹੀਦਾ ਹੈ ਅਤੇ ਕੁਦਰਤੀ ਪ੍ਰਕਿਰਿਆ ਚੱਲਣ ਦੇਣੀ ਚਾਹੀਦੀ ਹੈ। ਇਹ ਗੱਲ ਸਹੀ ਸਾਬਤ ਹੋਈ ਅਤੇ 1977 ਦੀਆਂ ਚੋਣਾਂ ਨੇ ਭਾਵੇਂ ਕੁਝ ਸਮੇਂ ਲਈ ਹੀ ਪਰ ਇਕ ਵਾਰ ਇੰਦਰਾ ਗਾਂਧੀ ਨੂੰ ਤੋੜ ਕੇ ਰੱਖ ਦਿੱਤਾ।

ਮੋਦੀ ਸਰਕਾਰ ਕੋਲ 2019 ਵਿਚ ਸ਼ੇਰ 'ਤੇ ਸਵਾਰ ਹੋਣ ਦਾ ਕੋਈ ਕਾਰਨ ਨਹੀਂ ਸੀ, ਕਿਉਂਕਿ ਇਹ ਰਿਕਾਰਡ ਬਹੁਮਤ ਨਾਲ ਜਿੱਤ ਕੇ ਆਈ ਸੀ। ਇਸ ਦੇ ਬਾਵਜੂਦ ਇਹ ਸਾਨੂੰ ਤਬਾਹੀ ਦੇ ਉਸ ਰਾਹ ਲੈ ਤੁਰੀ ਹੈ, ਜਿਹੜਾ ਇਸ ਦੇ ਵਿਚਾਰਧਾਰਕ ਸਲਾਹਕਾਰਾਂ/ਸਰਪ੍ਰਸਤਾਂ ਨੇ ਚੁਣਿਆ ਹੈ, ਜਦਕਿ ਇਹ ਰਾਹ ਸ਼ੁਰੂਆਤੀ 20ਵੀਂ ਸਦੀ ਦੇ ਯੂਰੋਪ ਲਈ ਸੂਤ ਬੈਠਦਾ ਸੀ। ਨਹੀਂ ਤਾਂ ਇੰਜ ਕਸ਼ਮੀਰ ਦੀ ਤਾਲਾਬੰਦੀ () ਵਰਗੀ ਹਾਲਤ, ਨਾਗਰਿਕਤਾ ਸੋਧ ਐਕਟ (ਸੀਏਏ) ਤੇ ਕੌਮੀ ਨਾਗਰਿਕ ਰਜਿਸਟਰ (ਐੱਨਆਰਸੀ) ਖ਼ਿਲਾਫ਼ ਮੁਜ਼ਾਹਰਿਆਂ ਅਤੇ ਨਾਲ ਹੀ ਭਾਜਪਾ ਦੀ ਹਕੂਮਤ ਵਾਲੇ ਸੂਬਿਆਂ ਵਿਚ ਪੁਲੀਸ ਦੀਆਂ ਵਧੀਕੀਆਂ ਰਾਹੀਂ ਮੁਲਕ ਨੂੰ ਇੰਜ ਤੋੜਿਆ ਨਾ ਜਾਂਦਾ। ਇੰਜ ਵੀ ਜਾਪਦਾ ਹੈ ਕਿ ਉਹ ਅਮਰੀਕੀ ਪੱਤਰਕਾਰ ਵਾਲਟਰ ਲਿਪਮੈਨ ਦੇ ਸਿਧਾਂਤ 'ਸਹਿਮਤੀ ਥੋਪਣ' (Manufacture of consent) (ਪਬਲਿਕ ਓਪੀਨੀਅਨ, 1922) ਦੇ ਸਿਰੇ ਦੇ ਰੂਪ ਦਾ ਪਾਲਣ ਕਰ ਰਹੇ ਹਨ ਤੇ ਇਸ ਤਰ੍ਹਾਂ ਉਨ੍ਹਾਂ ਦੀ ਘਰੇਲੂ ਤੇ ਕੌਮਾਂਤਰੀ ਸਾਖ਼ ਘਟ ਰਹੀ ਹੈ।

ਇਸ ਸਾਲ 17 ਮਾਰਚ ਨੂੰ ਇਕ ਕੌਮੀ ਅਖ਼ਬਾਰ ਨੇ ਇਸ ਮਾੜੂ ਪ੍ਰਭਾਵ ਦਾ ਨਮੂਨਾ ਪੇਸ਼ ਕੀਤਾ ਹੈ। ਇਸ ਨੇ ਉਨ੍ਹਾਂ ਦੇ ਇਕ ਸੀਨੀਅਰ ਵਿਚਾਰਕ ਦੀ ਕਸ਼ਮੀਰ ਬਾਰੇ ਤਕਰੀਰ 'ਕਸ਼ਮੀਰ ਅਗਾਂਹ ਦਾ ਰਾਹ' ਪ੍ਰਕਾਸ਼ਿਤ ਕੀਤੀ ਜਿਹੜੀ ਮੁੰਬਈ ਵਿਚ ਚੋਣਵੀਂ ਇਕੱਤਰਤਾ ਸਾਹਮਣੇ ਦਿੱਤੀ ਗਈ। ਇਸ ਵਿਚ ਕਿਹਾ ਗਿਆ ਕਿ ਪਾਕਿਸਤਾਨ ਵੀ '2025 ਤੋਂ ਬਾਅਦ ਹਿੰਦੋਸਤਾਨ ਦਾ ਹਿੱਸਾ' ਹੋਵੇਗਾ ਅਤੇ ਉਹ ਆਪਣੇ ਕੰਮ-ਕਾਰ ਲਈ ਉਥੇ ਰਹਿ ਸਕਣਗੇ। ਵਿਚਾਰਕ ਨੇ ਇਹ ਵੀ ਕਿਹਾ ਕਿ 'ਦਿੱਲੀ ਨੇ ਯਕੀਨੀ ਬਣਾਇਆ ਹੈ ਕਿ ਬੰਗਲਾਦੇਸ਼ ਵਿਚ ਭਾਰਤ ਨੂੰ ਮੁਆਫ਼ਕ ਬਹਿੰਦੀ ਸਰਕਾਰ' ਹੋਵੇ। ਹੋਰਾਂ ਨੂੰ ਇਹੋ ਭਾਸਿਆ ਕਿ 5 ਅਗਸਤ ਨੂੰ ਕਸ਼ਮੀਰ ਵਿਚ ਕੀਤੀ ਗਈ ਸਖ਼ਤ ਕਾਰਵਾਈ ਇਸੇ ਮੁਤਾਬਕ ਸੀ।

ਇਹ ਸਖ਼ਤ ਫੈਸਲਾ ਇਸ ਮਿੱਠੀ ਗੋਲੀ ਵਿਚ ਲਪੇਟ ਕੇ ਪੇਸ਼ ਕੀਤਾ ਗਿਆ ਕਿ ਇਹ ਫ਼ੈਸਲਾ ਸੂਬੇ ਨੂੰ ਪਾਕਿਸਤਾਨ ਤੋਂ ਬਚਾਉਣ ਅਤੇ ਬਾਹਰੋਂ ਆਉਣ ਵਾਲੇ ਨਿਵੇਸ਼ ਰਾਹੀਂ ਸੂਬੇ ਦੇ ਆਰਥਿਕ ਵਿਕਾਸ ਲਈ ਹੈ ਪਰ ਇਹ ਦਲੀਲ ਕਿਸੇ ਨੂੰ ਕਾਇਲ ਨਾ ਕਰ ਸਕੀ। ਉਥੇ ਇਸ ਤੋਂ ਵੀ ਕਿਤੇ ਗੰਭੀਰ ਸੁਰੱਖਿਆ ਹਾਲਾਤ ਨੂੰ 1980ਵਿਆਂ ਤੋਂ ਹੀ ਸਲਾਮਤੀ ਦਸਤਿਆਂ ਦੀ ਇੰਨੀ ਵੱਡੀ ਤਾਇਨਾਤੀ, ਸੰਚਾਰ ਉਤੇ ਇਕ ਤਰ੍ਹਾਂ ਮੁਕੰਮਲ ਪਾਬੰਦੀ ਅਤੇ ਹਜ਼ਾਰਾਂ ਮੁਕਾਮੀ ਲੋਕਾਂ ਨੂੰ ਗ੍ਰਿਫ਼ਤਾਰ ਕੀਤੇ ਬਿਨਾਂ ਸਿੱਝਿਆ ਜਾਂਦਾ ਰਿਹਾ ਹੈ। ਫੜੇ ਗਏ ਲੋਕਾਂ ਵਿਚ ਵੱਡੀ ਗਿਣਤੀ ਸਿਆਸਤਦਾਨ ਵੀ ਸ਼ਾਮਲ ਹਨ ਜਿਹੜੇ ਪਹਿਲਾਂ ਸਾਡੀ ਸਰਕਾਰ ਦਾ ਹਿੱਸਾ ਸਨ। ਮੈਂ ਉਸ ਵਕਤ ਅੰਦਾਜ਼ਾ ਲਾਇਆ ਸੀ ਕਿ ਸਰਕਾਰ 2001-02 ਦੌਰਾਨ ਦੇ ਅਪਰੇਸ਼ਨ ਪ੍ਰਾਕਰਮ ਵਾਲੇ ਹਾਲਾਤ ਵਿਚ ਫਸ ਜਾਵੇਗੀ।

ਕਸ਼ਮੀਰ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਨੇ 19 ਦਸੰਬਰ ਨੂੰ ਜਾਰੀ ਰਿਪੋਰਟ ਵਿਚ ਕਿਹਾ ਕਿ ਕਸ਼ਮੀਰ ਦੇ ਹਾਲੀਆ ਘਟਨਾਕ੍ਰਮ ਕਾਰਨ ਉਥੋਂ ਦੇ ਲੋਕਾਂ ਨੂੰ ਹੁਣ ਤੱਕ 2ਥ4 ਅਰਬ ਡਾਲਰ ਦਾ ਨੁਕਸਾਨ ਹੋ ਚੁੱਕਾ ਹੈ ਜਿਸ ਦਾ ਕਾਰਨ ਸੰਚਾਰ ਪ੍ਰਬੰਧਾਂ ਵਿਚ ਰੁਕਾਵਟ, ਸਲਾਮਤੀ ਦਸਤਿਆਂ ਦੀ ਭਾਰੀ ਤਾਇਨਾਤੀ, ਘਬਰਾਹਟ, ਭਰੋਸੇ ਨੂੰ ਖੋਰਾ ਅਤੇ ਸੈਰ-ਸਪਾਟਾ ਤੇ ਹੋਟਲ ਸਨਅਤਾਂ ਦਾ ਠੱਪ ਹੋ ਜਾਣਾ ਹੈ। ਜਰਮਨੀ ਦੇ ਟੀਵੀ ਚੈਨਲ 'ਡਿਊਸ਼ ਵੈਲੇ' ਨੇ ਕਿਹਾ ਹੈ ਕਿ ਕਸ਼ਮੀਰ ਚੈਂਬਰ ਵੱਲੋਂ ਕਸ਼ਮੀਰ ਦੇ ਅਰਥਚਾਰੇ ਦੀ ਤਬਾਹੀ ਲਈ ਕੇਂਦਰ ਸਰਕਾਰ ਖ਼ਿਲਾਫ਼ ਮੁਕੱਦਮਾ ਦਾਇਰ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਕਸ਼ਮੀਰ ਵਿਚਲੀ ਕਾਰਵਾਈ ਦਾ ਦੂਜਾ ਐਲਾਨਿਆ ਗਿਆ ਮਕਸਦ ਇਸ ਰਾਹੀਂ ਕਸ਼ਮੀਰ ਦੀ 'ਖ਼ਾਨਦਾਨੀ ਹਕੂਮਤ' ਨੂੰ ਖ਼ਤਮ ਕਰਨਾ ਸੀ ਜਿਸ ਕਾਰਨ ਵਿਕਾਸ ਵਿਚ ਰੁਕਾਵਟ ਆ ਰਹੀ ਹੈ। ਇਹ ਵੀ ਉਦੋਂ ਗ਼ਲਤ ਸਾਬਤ ਹੋਇਆ ਜਦੋਂ 23 ਦਸੰਬਰ ਨੂੰ ਨੈਸ਼ਨਲ ਕਾਨਫਰੰਸ ਅਤੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੀ ਦਰਮਿਆਨੇ ਦਰਜੇ ਦੀ ਲੀਡਰਸ਼ਿਪ ਨੇ ਇਕ ਵਾਰੀ ਮੁੜ ਆਪਣੀ 'ਖ਼ਾਨਦਾਨੀ' ਲੀਡਰਸ਼ਿਪ ਵਿਚ ਭਰੋਸਾ ਪ੍ਰਗਟਾਇਆ ਜੋ 5 ਅਗਸਤ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਸਿਆਸੀ ਮੀਟਿੰਗ ਸੀ। ਇਉਂ ਮੋਦੀ ਸਰਕਾਰ ਵੱਲੋਂ ਨਵੀਂ ਮੁਕਾਮੀ ਲੀਡਰਸ਼ਿਪ ਨੂੰ ਹੱਲਾਸ਼ੇਰੀ ਦੇ ਕੇ 'ਸਹਿਮਤੀ ਥੋਪਣ' ਦੀਆਂ ਕੋਸ਼ਿਸ਼ਾਂ ਵੀ ਕਾਰਗਰ ਸਾਬਤ ਨਾ ਹੋਈਆਂ। ਸਰਕਾਰ ਦੀ ਅਜਿਹੀ ਇਕ ਕੋਸ਼ਿਸ਼ ਯੂਰੋਪੀਅਨ ਯੂਨੀਅਨ ਦੇ 27 ਨਾਮਾਲੂਮ ਮੈਂਬਰਾਂ ਦੀ ਬੀਤੇ ਅਕਤੂਬਰ ਵਿਚ ਹਾਸੋਹੀਣੀ () ਜਿਹੀ ਫੇਰੀ ਦੌਰਾਨ ਦਿਖਾਈ ਦਿੱਤੀ ਸੀ।

ਭਾਰਤ-ਪੱਖੀ ਲੀਡਰਾਂ ਦੀ ਲਗਾਤਾਰ ਨਜ਼ਰਬੰਦੀ 24 ਦਸੰਬਰ ਦੇ ਉਸ ਦਾਅਵੇ ਨੂੰ ਝੁਠਲਾਉਂਦੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਹਾਲਾਤ ਸੁਧਰ ਜਾਣ ਕਾਰਨ ਵਾਦੀ ਵਿਚੋਂ ਨੀਮ ਫ਼ੌਜੀ ਦਸਤਿਆਂ ਦੀਆਂ 72 ਕੰਪਨੀਆਂ ਨੂੰ ਹਟਾਇਆ ਜਾ ਸਕਦਾ ਹੈ। ਕੀ ਇਨ੍ਹਾਂ ਸਲਾਮਤੀ ਦਸਤਿਆਂ ਨੂੰ ਹੋਰ ਹਿੱਸਿਆਂ ਵਿਚ ਭੇਜਿਆ ਜਾ ਰਿਹਾ ਹੈ, ਕਿਉਂਕਿ ਸਰਕਾਰ ਵੱਲੋਂ ਕਾਹਲੀ ਨਾਲ ਪਾਸ ਕੀਤੇ ਸੀਏਏ ਤੋਂ ਇਲਾਵਾ ਐੱਨਆਰਸੀ ਅਤੇ ਕੌਮੀ ਆਬਾਦੀ ਰਜਿਸਟਰ (ਐੱਨਪੀਆਰ) ਖ਼ਿਲਾਫ਼ ਦੇਸ਼ ਭਰ ਵਿਚ ਅੰਦੋਲਨ ਚੱਲ ਰਿਹਾ ਹੈ। ਇਹੀ ਨਹੀਂ, ਪ੍ਰਧਾਨ ਮੰਤਰੀ 22 ਦਸੰਬਰ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਐੱਨਆਰਸੀ ਦੇ ਮੁੱਦੇ ਉਤੇ ਦੇਸ਼ ਦੇ ਰਾਸ਼ਟਰਪਤੀ ਵੱਲੋਂ ਸੰਸਦ ਦੇ ਦੋਵਾਂ ਸਦਨਾਂ ਦੇ ਸਾਂਝੇ ਸੰਮੇਲਨ ਵਿਚ ਬੀਤੀ 20 ਜੂਨ ਨੂੰ ਦਿੱਤੇ ਭਾਸ਼ਣ ਦਾ ਹੀ ਖੰਡਨ ਕਰਦੇ ਨਜ਼ਰ ਆਏ।

ਇਹ ਦੇਸ਼ ਵਿਆਪੀ ਅੰਦੋਲਨ ਉਦੋਂ ਹੋ ਰਿਹਾ ਹੈ ਜਦੋਂ ਭਾਰਤ ਖ਼ਿਲਾਫ਼ ਕੌਮਾਂਤਰੀ ਰਾਇ, ਖ਼ਾਸਕਰ ਅਮਰੀਕੀ ਕਾਂਗਰਸ ਤੇ ਅਮਰੀਕੀ ਮੀਡੀਆ ਵਿਚ ਜ਼ੋਰ ਫੜ ਰਹੀ ਹੈ। ਅਮਰੀਕੀ ਕਾਂਗਰਸ (ਸੰਸਦ) ਮੈਂਬਰ ਪ੍ਰੋਮਿਲਾ ਜੈਪਾਲ ਜੋ ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਲਈ ਚੁਣੀ ਗਈ ਪਹਿਲੀ ਭਾਰਤੀ-ਅਮਰੀਕੀ ਹੈ, ਨੇ ਅਮਰੀਕੀ ਅਖ਼ਬਾਰ 'ਵਾਸ਼ਿੰਗਟਨ ਪੋਸਟ' ਵਿਚ ਲੇਖ ਲਿਖਿਆ ਜਿਸ ਦਾ ਸਿਰਲੇਖ ਹੈ: 'ਭਾਰਤ ਦੇ ਵਿਦੇਸ਼ ਮੰਤਰੀ ਨੇ ਮੈਨੂੰ ਮਿਲਣ ਤੋਂ ਨਾਂਹ ਕਰ ਦਿੱਤੀ। ਮੈਂ ਮਨੁੱਖੀ ਹੱਕਾਂ ਬਾਰੇ ਬੋਲਣਾ ਨਹੀਂ ਛੱਡਾਂਗੀ।'

ਦੱਸਿਆ ਜਾਂਦਾ ਹੈ ਕਿ ਹਾਲ ਹੀ ਵਿਚ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅਮਰੀਕੀ ਕਾਂਗਰਸ ਦੀ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਨੂੰ ਸਾਫ਼ ਆਖ ਦਿੱਤਾ ਕਿ ਉਹ ਉਸ ਸੂਰਤ ਵਿਚ ਕੈਪੀਟਲ ਹਿੱਲ ਵਿਖੇ ਮੀਟਿੰਗ ਨਹੀਂ ਕਰਨਗੇ, ਜੇ ਬੀਬੀ ਜੈਪਾਲ ਇਸ ਵਿਚ ਸ਼ਾਮਲ ਹੋਵੇਗੀ। ਇਸ ਦਾ ਜ਼ਾਹਰਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਬੀਬੀ ਜੈਪਾਲ ਕਾਂਗਰਸ ਦੇ ਦੋਵਾਂ ਸਦਨਾਂ ਵਿਚ ਰੱਖੇ ਮਤੇ ਦੀ ਸਹਿ-ਪੇਸ਼ਕਾਰ ਸੀ ਜਿਸ ਵਿਚ ਭਾਰਤ ਨੂੰ ਕਸ਼ਮੀਰ ਵਿਚ ਮਨੁੱਖੀ ਹੱਕਾਂ ਦਾ ਪਾਲਣ ਕਰਨ ਲਈ ਕਿਹਾ ਗਿਆ ਸੀ। ਬੀਬੀ ਜੈਪਾਲ ਨੇ ਲਿਖਿਆ ਕਿ ਕਮੇਟੀ ਦੇ ਚੇਅਰਮੈਨ ਨੇ ਭਾਰਤੀ ਵਿਦੇਸ਼ ਮੰਤਰੀ ਦੀ ਇਹ ਬੇਨਤੀ ਮੰਨਣ ਤੋਂ ਨਾਂਹ ਕਰ ਦਿੱਤੀ ਕਿਉਂਕਿ 'ਇਹ ਬਿਲਕੁਲ ਨਾਵਾਜਬ ਸੀ ਕਿ ਕੋਈ ਵਿਦੇਸ਼ੀ ਸਰਕਾਰ ਇਹ ਹਦਾਇਤਾਂ ਦੇਣ ਦੀ ਕੋਸ਼ਿਸ਼ ਕਰੇ ਕਿ ਕਾਂਗਰਸ ਦਾ ਕਿਹੜਾ ਮੈਂਬਰ ਕੈਪੀਟਲ ਹਿੱਲ ਵਿਖੇ ਮੀਟਿੰਗਾਂ ਵਿਚ ਸ਼ਿਰਕਤ ਕਰੇਗਾ।'

ਇਸ ਤੋਂ ਪਹਿਲਾਂ ਇਸਰਾਈਲ ਅਤੇ ਰੂਸ ਵੀ ਕੁਝ ਅਮਰੀਕੀ ਕਾਂਗਰਸ ਮੈਂਬਰਾਂ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਕੇ ਆਪਣੇ ਮੁਲਕ ਦਾ ਦੌਰਾ ਕਰਨ ਤੋਂ ਰੋਕ ਚੁੱਕੇ ਹਨ। ਮੇਰੇ ਖ਼ਿਆਲ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਵਿਦੇਸ਼ੀ ਹਸਤੀ ਨੇ ਅਮਰੀਕੀ ਕਾਂਗਰਸ ਕਮੇਟੀ ਦੇ ਚੇਅਰਮੈਨ ਨੂੰ ਆਖਿਆ ਹੋਵੇ ਕਿ ਉਸ ਨਾਲ ਹੋਣ ਵਾਲੀ ਮੀਟਿੰਗ ਵਿਚੋਂ ਕਾਂਗਰਸ ਦੇ ਕਿਸੇ ਚੁਣੇ ਹੋਏ ਮੈਂਬਰ ਨੂੰ ਲਾਂਭੇ ਰੱਖੇ। ਬੀਬੀ ਜੈਪਾਲ ਨੇ ਇਹ ਵੀ ਸ਼ਿਕਾਇਤ ਕੀਤੀ ਕਿ ਅਮਰੀਕਾ ਵਿਚ ਭਾਰਤੀ ਰਾਜਦੂਤ ਨੇ ਦੋ ਵਾਰ ਉਸ ਨੂੰ ਮਿਲਣ ਲਈ ਸਮਾਂ ਦੇ ਕੇ ਮੀਟਿੰਗ ਰੱਦ ਕਰ ਦਿੱਤੀ। ਇਹ ਸਾਰਾ ਕੁਝ ਇਸ ਤੱਥ ਪ੍ਰਤੀ ਭਿਆਨਕ ਅਗਿਆਨਤਾ ਦਾ ਪ੍ਰਗਟਾਵਾ ਹੈ ਕਿ ਅਮਰੀਕੀ ਸ਼ਾਸਨ ਪ੍ਰਣਾਲੀ ਕਿਵੇਂ ਸਰਕਾਰ ਦੇ ਇਕ ਅੰਗ ਵਿਧਾਨ ਪਾਲਿਕਾ ਨੂੰ ਬਰਾਬਰ ਅਹਿਮੀਅਤ ਦੇ ਕੇ ਚੱਲਦੀ ਹੈ, ਜਦੋਂਕਿ ਭਾਰਤ ਵਿਚ ਅਜਿਹਾ ਨਹੀਂ ਹੈ, ਕਿਉਂਕਿ ਇਥੇ ਕਾਰਜ ਪਾਲਿਕਾ ਸਰਵਉੱਚ ਹੈ। ਇਹ ਤਾਂ ਉਹੋ ਗੱਲ ਹੋਈ ਜਿਵੇਂ ਕੋਈ ਵਿਦੇਸ਼ੀ ਆਗੂ ਸਾਡੇ ਸਪੀਕਰ ਜਾਂ ਰਾਜ ਸਭਾ ਦੇ ਚੇਅਰਮੈਨ ਨੂੰ ਆਖੇ ਕਿ ਜਦੋਂ ਉਹ ਉਨ੍ਹਾਂ ਨੂੰ ਵਿਚਾਰ-ਵਟਾਂਦਰੇ ਲਈ ਮਿਲੇ ਤਾਂ ਫਲਾਂ ਐੱਮਪੀ ਨੂੰ ਲਾਂਭੇ ਰੱਖਿਆ ਜਾਵੇ।

ਤਾਂ ਫਿਰ ਕੀ ਅਸੀਂ ਇਸਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਰੀਸ ਦੀ ਕੋਸ਼ਿਸ਼ ਕਰ ਰਹੇ ਹਾਂ ਜਿਨ੍ਹਾਂ ਅਗਸਤ ਵਿਚ ਅਮਰੀਕੀ ਕਾਂਗਰਸ ਦੀਆਂ ਦੋ ਔਰਤ ਮੈਂਬਰਾਂ ਨੂੰ ਆਪਣੇ ਮੁਲਕ ਵਿਚ ਦਾਖ਼ਲੇ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ ? ਇਨ੍ਹਾਂ ਵਿਚੋਂ ਇਕ ਕਾਂਗਰਸ ਦੀ ਵਿਦੇਸ਼ ਸਬੰਧਾਂ ਬਾਰੇ ਕਮੇਟੀ ਦੀ ਮੈਂਬਰ ਵੀ ਸੀ। ਜੇ ਇਉਂ ਹੈ ਤਾਂ ਅਸੀਂ ਭੁੱਲ ਗਏ ਕਿ ਨੇਤਨਯਾਹੂ ਨੇ ਅਜਿਹਾ ਅਮਰੀਕੀ ਸਦਰ ਡੋਨਲਡ ਟਰੰਪ ਦੇ ਦਬਾਅ ਹੇਠ ਆ ਕੇ ਕੀਤਾ ਪਰ ਇਸ ਕਾਰਵਾਈ ਦੀ ਕਾਂਗਰਸ ਦੇ ਦੋਵਾਂ ਸਦਨਾਂ ਨੇ ਨਿਖੇਧੀ ਕੀਤੀ।

ਅਮਰੀਕੀ ਕਾਂਗਰਸ ਦੇ ਹਲਕਿਆਂ ਵਿਚ ਐੱਸ ਜੈਸ਼ੰਕਰ ਦੀ ਇਸ ਕਾਰਵਾਈ ਨੂੰ ਵਿਰੋਧ ਦਾ ਸਾਹਮਣਾ ਕਰ ਸਕਣ ਪ੍ਰਤੀ 'ਕਮਜ਼ੋਰੀ' ਕਰਾਰ ਦਿੱਤਾ ਜਾ ਰਿਹਾ ਹੈ; ਬਿਲਕੁਲ ਉਵੇਂ ਜਿਵੇਂ ਪ੍ਰਤੀਨਿਧ ਸਭਾ ਦੀ ਸਪੀਕਰ ਨੈਂਸੀ ਪੈਲੋਸੀ ਨੇ ਇਸਰਾਈਲ ਦੀਆਂ ਮੁਸਲਿਮ ਸੰਸਦ ਮੈਂਬਰਾਂ ਖ਼ਿਲਾਫ਼ ਕਾਰਵਾਈ ਨੂੰ ਉਨ੍ਹਾਂ ਦੀ ਜਮਹੂਰੀਅਤ ਦੀ 'ਕਮਜ਼ੋਰੀ ਦੀ ਨਿਸ਼ਾਨੀ' ਕਰਾਰ ਦਿੱਤਾ ਸੀ। ਜੇ ਸਾਡੀ ਸਰਕਾਰ ਵਧੇਰੇ ਸਹਿਣਸ਼ੀਲ ਹੁੰਦੀ ਅਤੇ ਉਪ ਰਾਸ਼ਟਰਪਤੀ ਐੱਮ ਵੈਂਕਈਆ ਨਾਇਡੂ ਦੇ 'ਅਸਹਿਮਤੀ ਨੂੰ ਲੋਕਤੰਤਰ ਦਾ ਮੂਲ ਆਧਾਰ' ਕਰਾਰ ਦੇਣ ਵਾਲੇ ਬੀਤੇ 23 ਦਸੰਬਰ ਦੇ ਕਥਨ ਦਾ ਪਾਲਣ ਕਰਦੀ ਤਾਂ ਸ਼ਾਇਦ ਅੱਜ ਅਸੀਂ ਇਸ ਮਾੜੀ ਹਾਲਤ ਵਿਚ ਨਾ ਹੁੰਦੇ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੱਚ

**ਸੁਰਿੰਦਰ ਸਿੰਘ**



1918 'ਚ ਪਹਿਲੀ ਵਿਸ਼ਵ ਜੰਗ ਖਤਮ ਹੋਣ ਦੇ ਤੁਰੰਤ ਬਾਅਦ ਸੁੰਦਰ ਸਿੰਘ ਮਜੀਠੀਆ ਸਰਦਾਰ ਨੇ ਅੰਗ੍ਰੇਜ਼ ਤੱਕ ਆਜ਼ਾਦੀ ਦਾ ਵਾਅਦਾ ਨਿਭਾਉਣ ਲਈ ਪਹੁੰਚ ਕਰਨ ਦੀ ਥਾਂ ਹਿੰਦੂ ਲੀਡਰਸ਼ਿਪ ਵੱਲ ਮੂੰਹ ਕਰ ਲਿਆ। 1918 ਦੇ ਅਖੀਰ ਅਤੇ 1919 ਦੇ ਸ਼ੁਰੂ 'ਚ ਹਿੰਦੂ ਲੀਡਰਸ਼ਿਪ ਦੀ ਸ਼ਹਿ 'ਤੇ ਅੰਮ੍ਰਿਤਸਰ ਸ਼ਹਿਰ ਅੰਦਰ ਕੁੱਝ ਘਟਨਾਵਾਂ ਵਾਪਰਦੀਆਂ ਹਨ। ਹਿੰਦੂ ਲੀਡਰਾਂ ਦੀ ਅਗਵਾਈ 'ਚ ਕੁੱਝ ਰੋਸ ਵਿਖਾਵੇ ਕੀਤੇ ਜਾਂਦੇ ਹਨ, ਜਿਸ ਦੇ ਜਵਾਬ 'ਚ ਅੰਗ੍ਰੇਜ਼ੀ ਸਰਕਾਰ ਵੱਲੋਂ ਅੰਮ੍ਰਿਤਸਰ ਦੇ ਲੋਕਾਂ 'ਤੇ ਤਸ਼ੱਦਦ ਕੀਤੇ ਜਾਣ ਦੀਆਂ ਅਤੇ ਪੁਲਿਸ ਵੱਲੋਂ ਗੋਲੀ ਚਲਉਣ ਦੀਆਂ ਘਟਨਾਵਾਂ ਵਾਪਰਦੀਆਂ ਹਨ। ਕਈ ਬੇਕਸੂਰ ਲੋਕਾਂ ਦੀ ਜਾਨ ਚਲੀ ਜਾਂਦੀ ਹੈ। ਇਹਨਾਂ ਘਟਨਾਵਾਂ ਤੋਂ ਜਾਪਦਾ ਹੈ ਜਿਵੇਂ ਇਹ ਸਭ ਕੁੱਝ ਇਕ ਤੈਅਸ਼ੁਦਾ ਪ੍ਰੋਗਰਾਮ ਦਾ ਹਿੱਸਾ ਹੋਵੇ। ਅਚਾਨਕ ਹਿੰਦੂ ਲੀਡਰਸ਼ਿਪ ਜਲਿਆਂਵਾਲਾ ਬਾਗ਼ ਵਿਖੇ ਰੈਲੀ ਕਰਨ ਦਾ ਐਲਾਨ ਕਰਦੀ ਹੈ। ਇਸ ਵਰਤਾਰੇ ਦੇ ਸੌ ਸਾਲਾਂ ਬਾਅਦ ਇੱਕ ਸਧਾਰਨ ਜਿਹਾ ਸਵਾਲ ਸਾਹਮਣੇ ਖੜ੍ਹਾ ਦਿਖਾਈ ਦਿੰਦਾ ਹੈ, ਉਹ ਇਹ ਕਿ 'ਬਾਗ਼' ਨੂੰ ਇੱਕੋ ਇੱਕ ਅਤੇ ਉਹ ਵੀ ਬਹੁਤ ਜ਼ਿਆਦਾ ਤੰਗ ਰਸਤਾ ਜਾਂਦਾ ਹੈ, ਤਾਂ ਫਿਰ ਰੈਲੀ ਵਾਸਤੇ ਇਹੋ ਜਗ੍ਹਾ ਕਿਉਂ ਚੁਣੀ ਗਈ? ਕੀ ਇਹ ਅੰਗ੍ਰੇਜ਼ ਅਤੇ ਹਿੰਦੂ ਲੀਡਰਸ਼ਿਪ ਦੀ ਤੈਅਸ਼ੁਦਾ ਚਾਲ ਸੀ? ਕੀ ਜਲਿਆਂਵਾਲਾ ਬਾਗ਼ ਦੇ ਇਲਾਵਾ ਅੰਮ੍ਰਿਤਸਰ ਰੈਲੀ ਕਰਨ ਲਈ ਹੋਰ ਕੋਈ ਢੁੱਕਵੀਂ ਥਾਂ ਨਹੀਂ ਸੀ? ਪਰ ਤੈਅ ਕੀਤੀਆਂ ਜਾ ਚੁੱਕੀਆਂ ਘਟਨਾਵਾਂ ਦੇ ਅੰਜਾਮ ਵੀ ਪਹਿਲੋਂ ਹੀ ਮਿੱਥੇ ਹੁੰਦੇ ਹਨ।

1919 'ਚ ਅੰਗ੍ਰੇਜ਼ ਸਰਕਾਰ ਅਤੇ ਗਾਂਧੀ ਗਰੁੱਪ ਨੇ ਇਹ ਧਾਰਨਾ ਬਣਾ ਦਿੱਤੀ ਕਿ ਪੰਜਾਬ 'ਚ ਲੋਕ ਅੰਗ੍ਰੇਜ਼ ਦੇ ਕਾਨੂੰਨ ਰੌਲਟ ਐਕਟ ਵਿਰੁੱਧ ਸੰਘਰਸ਼ ਕਰ ਰਹੇ ਹਨ। ਇਹ ਕਾਨੂੰਨ ਤਹਿਤ ਬਿਨਾ ਮੁਕੱਦਮਾ ਚਲਾਏ 2 ਸਾਲ ਤੱਕ ਵਿਅਕਤੀ ਨੂੰ ਜੇਲ 'ਚ ਬੰਦ ਰੱਖਿਆ ਜਾ ਸਕਦਾ ਸੀ। ਗਾਂਧੀ ਨੇ ਵੀ ਇਸ ਗੱਲ ਨੂੰ ਵਾਰ ਵਾਰ ਉਭਾਰਿਆ ਕਿ ਭਾਰਤੀ ਲੋਕ ਰੌਲਟ ਐਕਟ ਦਾ ਵਿਰੋਧ ਕਰ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਜਲਿਆਂਵਾਲੇ ਬਾਗ਼ ਦੀ ਰੈਲੀ ਵੀ ਇਸੇ ਗੱਲ ਨੂੰ ਆਧਾਰ ਬਣਾ ਕੇ ਰੱਖੀ ਗਈ। ਜਦਕਿ ਪੰਜਾਬ ਦੇ ਲੋਕਾਂ ਨੂੰ ਰੌਲਟ ਐਕਟ ਬਾਰੇ ਬਿਲਕੁਲ ਵੀ ਜਾਣਕਾਰੀ ਨਹੀਂ ਸੀ। ਜਿਸ ਵੇਲੇ ਬਾਗ਼ 'ਚ ਜਨਰਲ ਡਾਇਰ ਆਪਣੀ ਫ਼ੌਜੀ ਟੁਕੜੀ ਲੈ ਕੇ ਪਹੁੰਚਿਆ ਉਸ ਵੇਲੇ ਤੱਕ ਚੋਟੀ ਦੇ 6 ਬੁਲਾਰੇ ਬੋਲ ਚੁੱਕੇ ਸਨ ਅਤੇ 7ਵਾਂ ਬੁਲਾਰਾ ਦੁਰਗਾ ਦਾਸ ਬੋਲ ਰਿਹਾ ਸੀ। ਉਸਦੇ ਭਾਸ਼ਣ ਦੇ ਦੌਰਾਨ ਹੀ ਜਨਰਲ ਡਾਇਰ ਨੇ ਗੋਲ਼ੀ ਚਲਾਉਣ ਦਾ ਹੁਕਮ ਦਿੱਤਾ ਅਤੇ ਗੋਲ਼ੀ ਚੱਲਣੀ ਸ਼ੁਰੂ ਹੋ ਗਈ। ਦੁਰਗਾ ਦਾਸ ਨੇ ਭਾਸ਼ਣ ਦੇ ਚੱਲਦਿਆਂ ਰੈਲੀ 'ਚ ਹਿੱਸਾ ਲੈਣ ਆਏ ਲੋਕਾਂ ਨੂੰ ਕਿਹਾ ਕਿ ਉਹ ਉੱਠ ਕੇ ਇੱਧਰ ਉੱਧਰ ਨਾ ਭੱਜਣ ਇਹ ਗੋਲ਼ੀ ਸਿਰਫ਼ ਡਰਾਬਾ ਦੇਣ ਲਈ ਚਲਾਈ ਜਾ ਰਹੀ ਹੈ ਇਸ ਨਾਲ ਕਿਸੇ ਨੂੰ ਕੋਈ ਚੋਟ ਨਹੀਂ ਪਹੁੰਚੇਗੀ ਅਤੇ ਘਬਰਾਉਣ ਦੀ ਲੋੜ ਨਹੀਂ ਹੈ। ਦੁਰਗਾ ਦਾਸ ਨੇ ਆਪਣੇ ਸੰਬੋਧਨ 'ਚ ਇੰਜ ਕਿਉਂ ਕਿਹਾ ਅਤੇ ਅਜਿਹਾ ਕਹਿਣ ਪਿੱਛੇ ਕੀ ਰਾਜ਼ ਹੋਵੇਗਾ ਉਹ ਇਸ ਗੱਲ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਰੈਲੀ ਨੂੰ ਸੰਬੋਧਨ ਕਰਨ ਵਾਲੇ ਜਾਂ ਸਟੇਜ 'ਤੇ ਬਿਰਾਜਮਾਨ ਕਿਸੇ ਵੀ ਵਿਅਕਤੀ ਜਾਂ ਲੀਡਰ ਨੂੰ ਕੋਈ ਝਰੀਟ ਤੱਕ ਨਹੀਂ ਆਈ। ਗਾਂਧੀ ਨੇ ਮਲਵੇਂ ਜਿਹੇ ਸ਼ਬਦਾਂ ਨਾਲ ਇਸ ਕਾਂਡ ਦੀ ਨਿਖੇਧੀ ਕਿਵੇਂ ਕੀਤੀ ਇਹ ਸਿਰਫ਼ ਭਾਰਤੀ ਲੋਕਾਂ ਨੂੰ ਉੱਲੂ ਬਣਾਉਣ ਵਾਲੀ ਗੱਲ ਹੈ। ਪਰ ਕਾਂਗਰਸ ਪਾਰਟੀ ਵੱਲੋਂ ਦਸੰਬਰ 1919 'ਚ ਜਿਹੜੀ ਪਾਰਟੀ ਦੀ ਸਲਾਨਾ ਕਾਨਫਰੰਸ ਰੱਖੀ ਗਈ ਉਸ ਵਿਚ ਅੰਗ੍ਰੇਜ਼ੀ ਸਾਮਰਾਜ ਪ੍ਰਤੀ ਵਫ਼ਦਾਰੀ ਦਾ ਮਤਾ ਬਾਕਾਇਦਗੀ ਨਾਲ ਪਾਸ ਕੀਤਾ ਗਿਆ। ਜਲਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਦੇ ਪਰਛਾਵੇਂ ਹੇਠ ਹੋ ਰਹੀ ਪਾਰਟੀ ਦੀ ਸਲਾਨਾ ਕਾਨਫਰੰਸ ਦੇ ਦੌਰਾਨ ਕੋਈ ਇੱਕ ਵੀ ਸ਼ਬਦ ਅਜਿਹਾ ਨਹੀਂ ਬੋਲਿਆ ਗਿਆ ਜਾਂ ਲਿਖਿਆ ਗਿਆ ਜਿਸ 'ਚ ਬਰਤਾਨੀਆ ਦੀ ਮਹਾਰਾਣੀ ਜਾਂ ਅੰਗ੍ਰੇਜ਼ ਹਕੂਮਤ ਦੀ ਇਹਨਾਂ ਕਤਲਾਂ ਨੂੰ ਲੈ ਕੇ ਨਿਖੇਧੀ ਕੀਤੀ ਗਈ ਹੋਵੇ ਜਾਂ ਉਹਨਾਂ ਖਿਲਾਫ਼ ਰੋਸ ਪ੍ਰਗਟ ਕੀਤਾ ਗਿਆ ਹੋਵੇ। ਇਹ ਗੱਲ ਦਾ ਜ਼ਿਕਰ ਤਾਰਾ ਚੰਦ ਨੇ HISTORY OF THE FREEDOM MOVEMENT IN INDIA BY Tara Chand ਦੇ VOLUME 3 ਵਿੱਚ ਕੀਤਾ ਹੈ।

ਵੱਡੀ ਗਿਣਤੀ 'ਚ ਸਿੱਖ, ਹਿੰਦੂ ਅਤੇ ਮੁਸਲਮਾਨ ਜਲਿਆਂਵਾਲੇ ਬਾਗ਼ 'ਚ ਅੰਗ੍ਰੇਜ਼ ਪੁਲਿਸ ਦੀਆਂ ਗੋਲੀਆਂ ਦਾ ਨਿਸ਼ਾਨਾ ਬਣੇ। ਇਸ ਗੱਲ ਦਾ ਵੀ ਜ਼ਿਕਰ ਹੈ ਕਿ ਅੰਮ੍ਰਿਤਸਰ ਸ਼ਹਿਰ ਦੇ ਲੋਕਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਬਾਗ਼ ਵਿੱਚ ਗੋਲ਼ੀ ਚੱਲ ਸਕਦੀ ਹੈ। ਸੋ ਰੈਲੀ 'ਚ ਹਿੱਸਾ ਲੈਣ ਤੋਂ ਉਹਨਾਂ ਆਪਣੀ ਦੂਰੀ ਬਣਾਈ ਰੱਖੀ। ਇਸ ਬਾਰੇ ਬਹੁਤ ਸਾਰੇ ਗਵਾਹਾਂ ਨੇ ਇਹ ਜਾਣਕਾਰੀ ਦਿੱਤੀ ਕਿ ਸ਼ਹਿਰ ਦੇ ਲੋਕਾਂ 'ਚ ਬਾਗ਼ ਅੰਦਰ ਗੋਲ਼ੀ ਚੱਲਣ ਬਾਰੇ ਪਹਿਲਾਂ ਹੀ ਬਹੁਤ ਰੌਲ਼ਾ ਪੈ ਚੁੱਕਾ ਸੀ। ਭਾਵ ਲੀਡਰਸ਼ਿਪ ਅਤੇ ਅੰਗ੍ਰੇਜ਼ੀ ਪ੍ਰਸ਼ਾਸ਼ਨਕ ਅਧਿਕਾਰੀਆਂ ਦਰਮਿਆਨ ਘਟਨਾ ਨੂੰ ਅੰਜਾਮ ਦੇਣ ਬਾਰੇ ਹੋਈ ਗੁਪਤ ਮੀਟਿੰਗ 'ਚੋਂ ਇਹ ਗੱਲ ਕਿਸੇ ਨੇ ਬਾਹਰ ਫ਼ੈਲਾ ਦਿੱਤੀ ਹੋਵੇਗੀ। ਵਿਸਾਖੀ ਦਾ ਦਿਨ ਹੋਣ ਕਰਨ ਪਿੰਡਾਂ ਦੀ ਵੱਡੀ ਗਿਣਤੀ ਸੰਗਤ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਈ ਹੋਈ ਸੀ ਜਿਹੜੀ ਕਿ 300 ਸਾਲ ਤੋਂ ਵੱਧ ਸਮੇਂ ਲੈ ਕੇ ਹੁਣ ਤੱਕ ਇੱਕ ਰਵਾਇਤ ਵਾਂਗ ਚੱਲੀ ਆ ਰਹੀ ਹੈ। ਇਸੇ ਸੰਗਤ ਦਾ ਬਹੁਤ ਵੱਡਾ ਹਿੱਸਾ ਜਲਿਆਂਵਾਲ਼ੇ ਬਾਗ਼ ਦੀ ਰੈਲੀ 'ਚ ਸ਼ਾਮਲ ਹੋਇਆ। ਅੰਗ੍ਰੇਜ਼ੀ ਪ੍ਰਸ਼ਾਸ਼ਨ ਵੱਲੋਂ ਜਿਹੜਾ ਥੋੜ੍ਹਾ ਬਹੁਤ ਮੁਆਵਜ਼ਾ ਮਰਨ ਵਾਲਿਆਂ ਅਤੇ ਜ਼ਖ਼ਮੀਆਂ ਦੇ ਪਰਿਵਾਰਾਂ ਨੂੰ ਦਿੱਤਾ ਗਿਆ ਉਸ ਸੂਚੀ 'ਤੇ ਨਜ਼ਰ ਮਾਰਿਆਂ ਇਸ ਗੱਲ ਨੂੰ ਤਸਦੀਕ ਕੀਤਾ ਜਾ ਸਕਦਾ ਹੈ। ਇਹ ਵੀ ਸਾਬਤ ਹੁੰਦਾ ਹੈ ਕਿ ਇਸ ਇੱਕ ਪਹਿਲਾਂ ਤੋਂ ਹੀ ਨਿਰਧਾਰਤ ਸਕੀਮ ਤਹਿਤ ਸਿੱਖਾਂ ਦਾ ਧਿਆਨ ਪੰਜਾਬ ਨੂੰ ਆਜ਼ਾਦ ਕਰਾਉਣ ਦੀ ਬਿਹਬਲਤਾ ਤੋਂ ਹਟਾਉਣ ਲਈ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ ਜਿਸ 'ਚ ਭਾਰਤ ਦੀ ਲੀਡਰਸ਼ਿਪ ਅਤੇ ਸੁੰਦਰ ਸਿੰਘ ਮਜੀਠੀਆ ਦੀ ਕਥਿਤ ਹਿੱਸੇਦਾਰੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜਿਸ ਦਿਨ ਕਾਂਡ ਵਾਪਰਿਆ ਉਸੇ ਰਾਤ ਸੁੰਦਰ ਸਿੰਘ ਮਜੀਠੀਆ ਨੇ ਜਨਰਲ ਡਾਇਰ ਨੂੰ ਡਿੱਨਰ ਪਾਰਟੀ ਕੀਤੀ ਅਤੇ ਆਪਣਾ ਰਸੂਖ਼ ਵਰਤਦਿਆਂ ਅਕਾਲ ਤਖ਼ਤ ਦੇ ਉਸ ਵੇਲੇ ਦੇ ਸਰਬਰਾਹ ਅਰੂੜ ਸਿੰਘ ਹੱਥੋਂ ਸਿਰੋਪਾਓ ਦਿਵਾਇਆ ਸੀ। 1926 'ਚ ਸੁੰਦਰ ਸਿੰਘ ਮਜੀਠੀਆ ਨੂੰ ਉਸਦੀ ਬਰਤਾਨੀਆ ਪ੍ਰਤੀ ਭਗਤੀ ਅਤੇ ਚਾਪਲੂਸੀ ਬਦਲੇ ਅੰਗ੍ਰੇਜ਼ ਸਰਕਾਰ ਵੱਲੋਂ 'ਨਾਈਟਹੁੱਡ' ਦੀ ਉਪਾਧੀ ਦਿੱਤੀ ਗਈ।

ਜਲਿਆਂਵਾਲੇ ਬਾਗ਼ ਦੀ ਇਸ ਘਟਨਾ 'ਤੇ ਹਿੰਦੂ ਲੀਡਰਾਂ ਨੇ ਅੰਗ੍ਰੇਜ਼ ਖਿਲਾਫ਼ ਕੋਈ ਬਿਆਨ ਨਹੀਂ ਦਿੱਤਾ। ਪਰ ਇਸ ਕਾਂਡ ਵਿੱਚ ਮਾਰੇ ਗਏ ਪੰਜਾਬੀਆਂ ਬਾਰੇ 'ਗਾਂਧੀ' ਵੱਲੋਂ ਇਸ ਨੂੰ 'ਰਾਸ਼ਟਰੀ' ਆਜ਼ਾਦੀ ਲਈ ਕੀਤੀ ਗਈ ਕੁਰਬਾਨੀ ਐਲਾਨੇ ਜਾਣ ਨਾਲ ਪੰਜਾਬ ਦੀ ਤਸਵੀਰ ਦੇ ਰੰਗ ਫ਼ਿੱਕੇ ਪੈਣੇ ਸ਼ੁਰੂ ਹੋ ਗਏ। ਪੰਜਾਬ ਦੀ ਆਜ਼ਾਦੀ ਦੀ ਤਾਂਘ ਲੈ ਕੇ ਜੂਝਣ ਲਈ ਤਿਆਰ ਬੈਠੇ ਸਿੱਖ ਗਾਂਧੀ ਅਤੇ ਹਿੰਦੂ ਲੀਡਰਸ਼ਿਪ ਵੱਲੋਂ ਦਿੱਤੇ ਗਏ ਰਾਸ਼ਟਰੀ ਆਜ਼ਾਦੀ ਦੇ ਸ਼ਬਦ ਜਾਲ 'ਚ ਉਲਝ ਕੇ ਰਹਿ ਗਏ। ਇਹ ਉਲਝਣ ਸੁੰਦਰ ਸਿੰਘ ਮਜੀਠੀਆ ਨੇ ਪੈਦਾ ਕੀਤੀ ਸੀ। ਇਸ ਤਰਾਂ ਅਸੀਂ ਦੇਖਦੇ ਹਾਂ ਕਿ 1919 'ਚ ਵਾਪਰੀ ਜਲਿਆਂਵਾਲਾ ਬਾਗ਼ ਦੀ ਘਟਨਾ ਦੇ ਬਾਅਦ ਭਾਰਤ ਦੀ ਹਿੰਦੂ ਲੀਡਰਸ਼ਿਪ ਪੰਜਾਬ ਵੱਲ ਕੁੱਝ ਵਧੇਰੇ ਧਿਆਨ ਦੇਣ ਲੱਗ ਪਈ। ਇਸ ਕਾਰਜ 'ਚ ਉਹਨਾਂ ਨੂੰ ਕਾਮਯਾਬੀ ਵੀ ਮਿਲਦੀ ਹੈ, ਕਿਉਂਕਿ ਸੁੰਦਰ ਸਿੰਘ ਜਿਹੇ ਅਖੌਤੀ ਸਰਦਾਰਾਂ ਜ਼ਰੀਏ ਉਹ 'ਗਦਰ' ਅਤੇ 'ਬੱਬਰ ਅਕਾਲੀ' ਲਹਿਰਾਂ ਨੂੰ ਦਬਾਉਣ 'ਚ ਵੀ ਆਪਣਾ ਰਸੂਖ ਸਮੇਂ ਸਮੇਂ ਵਰਤਦੇ ਰਹੇ।

**ਸਿੱਖ ਗੁਰਦੁਆਰੇ ਅੰਗ੍ਰੇਜ਼ ਦੀ ਅੱਖ ਥੱਲੇ ਕਿਉਂ ਆਏ?**

ਮੱਧਕਾਲ ਦੌਰਾਨ ਮੁਸਲਮਾਨਾਂ ਦੀ ਸੂਫ਼ੀ ਪਰੰਪਰਾ ਨੇ ਭਾਰਤ ਵਿਚ ਚੰਗਾ ਖਾਸਾ ਅਸਰ ਦਿਖਾਇਆ ਅਤੇ ਉਹ ਇਕ ਰੱਬ ਦੇ ਸਿਧਾਂਤ ਨੂੰ ਪ੍ਰਚਾਰਣ ਵਿਚ ਕਾਮਯਾਬ ਵੀ ਹੋਏ। ਅੰਗ੍ਰੇਜ਼ ਤੋਂ ਇਲਾਵਾ ਮੱਧ ਯੁੱਗ 'ਚ ਜਿੰਨੇ ਵੀ ਹਮਲਾਵਰਾਂ ਨੇ ਭਾਰਤ 'ਤੇ ਹਮਲੇ ਕੀਤੇ ਉਹਨਾਂ ਦਾ ਸਭ ਤੋਂ ਪਹਿਲਾ ਨਿਸ਼ਾਨਾ ਹਿੰਦੂ ਮੰਦਰ ਹੀ ਬਣਦੇ ਰਹੇ। ਇਸ ਦਾ ਕਾਰਨ ਉਹਨਾਂ ਦੀ ਆਪਣੀ ਮਜ਼ਹਬੀ ਫ਼ਿਲਾਸਫ਼ੀ ਸੀ। ਇੱਕ ਰੱਬ ਦੇ ਸਿਧਾਂਤ ਦੇ ਇਲਾਵਾ ਉਹਨਾਂ ਨੂੰ ਸਾਰਾ ਕੁੱਝ ਫੋਕਾ ਅਤੇ ਗ਼ੈਰਲੋੜੀਂਦਾ ਜਾਪਦਾ ਸੀ। ਹਿੰਦੂ ਮੰਦਰਾਂ 'ਚ ਇਕੱਠਾ ਕੀਤਾ ਹੋਇਆ ਅਥਾਹ ਧੰਨ ਦੌਲਤ ਉਹਨਾਂ ਲਈ ਖਿੱਚ ਦਾ ਕਾਰਨ ਸੀ। ਕਿਉਂਕਿ ਅੰਗ੍ਰੇਜ਼ ਵੀ ਇੱਕ ਤਰਾਂ ਦਾ ਹਮਲਾਵਰ ਹੀ ਸੀ ਇਸ ਲਈ ਨਿਸ਼ਾਨਾ ਉਸ ਦਾ ਵੀ ਲੁੱਟਮਾਰ ਸੀ ਪਰ ਉਸ ਨੇ ਆਪਣੇ ਤਰੀਕਿਆਂ ਨੂੰ ਤਰਕ ਸੰਗਤ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਇਸ ਲਈ ਨੀਤੀਗਤ ਲੁੱਟਮਾਰ ਅਧੀਨ ਉਸ ਨੇ ਕਿਸੇ ਧਰਮ ਵਿਸ਼ੇਸ਼ ਖਿਲਾਫ਼ ਅਜਿਹੀ ਮੁਹਿੰਮ ਨਹੀਂ ਚਲਾਈ ਜਿਹੜੀ ਉਸ ਤੋਂ ਪਹਿਲੇ ਧਾੜਵੀ ਕਰਦੇ ਆਏ ਸਨ। ਅਮੀਰ ਹਿੰਦੂ ਵਰਗ ਨੇ ਅੰਗ੍ਰੇਜ਼ ਤੋਂ ਪਹਿਲਾਂ ਆਏ ਧੜਵੀਆਂ ਨਾਲ ਵੀ ਭਾਈਵਾਲੀ ਪਾਲ ਕੇ ਆਪਣਾ ਨਿਰਬਾਹ ਕੀਤਾ ਸੀ ਇਸ ਲਈ ਉਸ ਵਾਸਤੇ ਧਰਮ ਨਿਰਪੱਖਤਾ ਦੇ ਭੇਸ 'ਚ ਆਏ ਨਵੇਂ ਧਾੜਵੀ ਨਾਲ ਭਾਈਵਾਲੀ ਪਾਉਣੀ ਔਖੀ ਗੱਲ ਨਹੀਂ ਸੀ। ਅੰਗ੍ਰੇਜ਼ ਦਾ ਬਾਹਰੀ ਸਰੂਪ ਵਪਾਰੀ ਦਾ ਸੀ ਪਰ ਉਹ ਅੰਦਰੋਂ ਪੂਰੀ ਤਰਾਂ ਹਮਲਾਵਰ ਅਤੇ ਲੁਟੇਰਾ ਰੁਚੀ ਦਾ ਸੀ। ਉਸ ਦੇ ਸੁਭਾਅ ਦੀਆਂ ਇਹ ਰੁਚੀਆਂ ਬ੍ਰਾਹਮਣੀ ਤਾਕਤਾਂ ਲਈ ਪੂਰੀ ਤਰਾਂ ਫਿੱਟ ਬੈਠਦੀਆਂ ਸਨ।



1854 'ਚ ਪੰਜਾਬ ਪੂਰੀ ਤਰਾਂ ਅੰਗ੍ਰੇਜ਼ ਦੇ ਕਬਜ਼ੇ ਹੇਠ ਚਲਾ ਗਿਆ। ਬੱਸ, ਇੱਥੋਂ ਹੀ ਅੰਗ੍ਰੇਜ਼ ਦੀ ਧਰਮ ਨਿਰਪੱਖ ਦਿਖਾਈ ਦਿੰਦੀ ਬਾਹਰੀ ਛਵੀ 'ਚ ਯੱਕਦਮ ਬਦਲਾਅ ਆ ਗਿਆ। ਪੰਜਾਬ, ਖਾਲਸਾ ਰਾਜ 'ਤੇ ਕਬਜ਼ਾ ਕਰਨ ਬਾਅਦ ਅੰਗ੍ਰੇਜ਼ਾਂ ਨੇ ਸਭ ਤੋਂ ਪਹਿਲਾ ਕੰਮ ਸਿੱਖਾਂ ਦੇ ਧਾਰਮਿਕ ਅਤੇ ਸਮਾਜਕ ਮਸਲਿਆਂ 'ਚ ਸਿੱਧਾ ਦਖਲ ਅੰਦਾਜ਼ੀ ਕਰਨ ਦਾ ਕੀਤਾ। ਗੁਰਦੁਆਰਿਆਂ ਦੀ ਸਾਂਭ ਸੰਭਾਲ ਕਰ ਰਹੇ ਗ੍ਰੰਥੀਆਂ ਅਤੇ ਭਾਈਆਂ ਨੂੰ ਗ੍ਰਿਫ਼ਤਾਰ ਕਰਕੇ ਤਸੀਹੇ ਦਿੱਤੇ ਗਏ ਅਤੇ ਉਹਨਾਂ ਨੂੰ ਉਜਾੜ ਦਿੱਤਾ ਗਿਆ। ਸਿੱਖਾਂ ਦੇ ਧਰਮ, ਰੱਬ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਸਿੱਧਾ ਹਮਲਾ ਨਾ ਕਰਕੇ ਉਹਨਾਂ ਨੇ ਸ਼ਬਦ ਗੁਰੂ ਦਾ ਸਿਧਾਂਤ ਲਾਗੂ ਕਰਨ ਵਾਲੇ ਗ੍ਰੰਥੀਆਂ ਜਿਹੜੇ ਕਿ ਉਸ ਵੇਲੇ ਤੱਕ ਅਧਿਆਪਕ ਵੱਜੋਂ ਵੀ ਦੋਹਰੀ ਸੇਵਾ ਨਿਭਾਉਂਦੇ ਸਨ ਨੂੰ ਦਹਿਸ਼ਤਜ਼ਦਾ ਕਰ ਕੇ ਭਜਾ ਦਿੱਤਾ। ਜਿਹੜੇ ਭੱਜਣ ਤੋਂ ਇਨਕਾਰੀ ਸਨ ਉਹਨਾਂ ਨੂੰ ਜੇਲ ਵਿਚ ਬੰਦ ਕਰ ਦਿੱਤਾ ਅਤੇ ਕੁੱਝ ਨੂੰ ਝੋਲੀ ਚੁੱਕ ਅਖੌਤੀ ਸਰਦਾਰਾਂ ਜ਼ਰੀਏ 'ਸ਼ਬਦ ਗੁਰੂ' ਦਾ ਮੂਲ ਪ੍ਰਚਾਰ ਨਾ ਕਰਨ ਲਈ ਮਨਾ ਕੇ ਗੁਰਦੁਆਰਿਆਂ ਵਿਚ ਟਿਕੇ ਰਹਿਣ ਦਿੱਤਾ। ਇੱਥੇ 'ਸ਼ਬਦ ਗੁਰੂ' ਦਾ ਮੂਲ ਪ੍ਰਚਾਰ ਤੋਂ ਭਾਵ ਇੱਕ ਸਿੱਖ ਲਈ 'ਸੱਚ-ਆਚਾਰ', ਨਿਰਭਉ ਨਿਰਵੈਰ, ਗਊ ਗਰੀਬ ਦੀ ਰੱਖਿਆ, ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ਅਤੇ ਖਾਲਸਾ ਰਾਜ ਦੀ ਗੱਲ ਗੁਰੂ ਘਰ ਵਿਚ ਕਰਨ ਤੋਂ ਸੀ। ਗੁਰਦੁਆਰਿਆਂ 'ਚ 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ' ਦਾ ਦੋਹਰਾ ਪੜ੍ਹਨ 'ਤੇ ਪੂਰਨ ਪਾਬੰਦੀ ਲਾ ਦਿੱਤੀ ਗਈ। ਇਸ ਦੇ ਨਾਲ ਹੀ ਅੰਗ੍ਰੇਜ਼ ਨੇ ਦੋ ਹੋਰ ਕਾਰਜਾਂ ਨੂੰ ਅੰਜਾਮ ਦਿੱਤਾ। ਇੱਕ ਤਾਂ ਖਾਲਸਾ ਰਾਜ ਦੇ ਅਧਿਕਾਰ ਖੇਤਰ ਅਧੀਨ ਜਿੰਨੇ ਵੀ ਕਿਲ੍ਹੇ (ਗੜ੍ਹ) ਸਨ ਉਹਨਾਂ ਨੂੰ ਢਾਹ ਕੇ ਖੰਡਰਾਂ 'ਚ ਤਬਦੀਲ ਕਰ ਦਿੱਤਾ ਗਿਆ ਤਾਂ ਕਿ ਸਿੱਖ ਆਪਣੇ ਬਾਦਸ਼ਾਹੀ ਰੰਗ ਨੂੰ ਸਦਾ ਸਦਾ ਲਈ ਭੁੱਲ ਜਾਣ ਅਤੇ ਰਾਜ ਭਾਗ ਦੀਆਂ ਨਿਸ਼ਾਨੀਆਂ ਨੂੰ ਆਪਣੇ ਮਨਾਂ 'ਚੋਂ ਕੱਢ ਦੇਣ। ਦੂਜਾ ਕੰਮ ਅੰਗ੍ਰੇਜ਼ਾਂ ਨੇ ਸਿੱਖਾਂ ਨੂੰ ਨਿਹੱਥੇ ਕਰਨ ਦਾ ਕੀਤਾ। ਪੰਜਾਬ 'ਤੇ ਅੰਗ੍ਰੇਜ਼ੀ ਰਾਜ ਹੋਣ ਦੇ ਨਾਲ ਹੀ 'ਖਾਲਸਾ ਫੌਜ' ਦੀਆਂ ਤੋਪਾਂ ਤੋਂ ਲੈ ਕੇ ਇੱਕ ਸਿੱਖ ਦੇ ਘਰ ਦੀ ਰਸੋਈ 'ਚ ਕੰਮ ਆਉਣ ਵਾਲੇ ਚਾਕੂ (ਕਰਦ) ਤੱਕ ਨੂੰ ਕਬਜ਼ੇ 'ਚ ਲੈ ਲਿਆ ਗਿਆ। ਤਿੰਨ ਸਾਲ ਤੱਕ ਅੰਗ੍ਰੇਜ਼ ਨੇ ਪੰਜਾਬ ਨੂੰ ਅਤੇ ਸਿੱਖਾਂ ਨੂੰ ਆਪਣੀ ਮਨ-ਮਰਜ਼ੀ ਨਾਲ ਲਤਾੜਿਆ। ਖਾਲਸਾ ਰਾਜ ਸਮੇਂ ਧਰਮਸ਼ਾਲਾਵਾਂ ਅਤੇ ਗੁਰਦੁਆਰਿਆਂ 'ਚ ਪੜ੍ਹਾਈ ਜਾਂਦੀ ਮੁਢਲੀ ਸਮੱਗਰੀ ਜਿਹਨਾਂ 'ਚ ਧਾਰਮਿਕ ਪੋਥੀਆਂ, ਗੁਰਬਾਣੀ ਦੇ ਗੁਟਕੇ ਅਤੇ ਆਚਰਣ ਉਸਾਰਣ ਸੰਬੰਧੀ ਗੁਰਬਾਣੀ 'ਤੇ ਅਧਾਰਤ ਕਾਇਦੇ ਸਨ, ਨੂੰ ਚੌਰਾਹਿਆਂ 'ਚ ਇਕੱਠਿਆਂ ਕਰਕੇ ਅੱਗ ਲਾ ਕੇ ਸੜਵਾ ਦਿੱਤਾ ਗਿਆ। ਚੰਡੀਗੜ੍ਹ 'ਚ ਪੰਜਾਬ ਡਿਜੀਟਲ ਲਾਇਬ੍ਰੇਰੀ ਦੇ ਪ੍ਰਬੰਧਕ ਦਵਿੰਦਰਪਾਲ ਸਿੰਘ ਆਪਣੀ ਦਹਾਕੇ ਤੋਂ ਵੱਧ ਦੀ ਖੋਜ ਬਾਰੇ ਦੱਸਦੇ ਹਨ ਕਿ ਅੰਗ੍ਰੇਜ਼ੀ ਰਾਜ ਤੋਂ ਪਹਿਲਾਂ ਭਾਰਤ ਦੇ ਵੱਖ ਵੱਖ ਸੂਬਿਆਂ ਨਾਲ ਸਬੰਧਤ ਪੜ੍ਹਾਈ ਦੇ ਮਾਧਿਅਮ ਵਜੋਂ ਵਰਤੀ ਜਾਂਦੀ ਸਮੱਗਰੀ ਦਾ ਬਹੁਤ ਹਿੱਸਾ ਕਈ ਰੂਪਾਂ 'ਚ ਮਿਲ ਜਾਂਦਾ ਹੈ। ਦਵਿੰਦਰਪਾਲ ਸਿੰਘ ਮੁਤਾਬਕ ਬੰਗਾਲ, ਮਹਾਰਾਸ਼ਟਰ ਅਤੇ ਹੋਰਨਾਂ ਥਾਵਾਂ 'ਤੇ ਪੜ੍ਹਾਈ ਜਾਂਦੀ ਸਮੱਗਰੀ ਅਤੇ ਕੁੱਝ ਹੋਰ ਲਿਖਤਾਂ ਉਪਲਬਧ ਹਨ, ਜਦਕਿ ਦੁਨੀਆਂ ਦੇ ਸਭ ਤੋਂ ਖ਼ੁਸ਼ਹਾਲ ਮੁਲਕ ਪੰਜਾਬ 'ਚ ਖਾਲਸਾ ਰਾਜ ਸਮੇਂ ਪੜ੍ਹਾਈ ਜਾਂਦੀ ਸਮੱਗਰੀ ਦਾ ਥੋੜ੍ਹਾ ਬਹੁਤਾ ਹਿੱਸਾ ਵੀ ਉਪਲੱਬਧ ਨਹੀਂ ਹੋ ਸਕਿਆ। ਇਸ ਦਾ ਕਾਰਨ ਹੈ ਕਿ ਖਾਲਸਾ ਰਾਜ ਨਾਲ ਸਬੰਧਤ ਸਕੂਲਾਂ ਦੀ ਪੜ੍ਹਾਈ ਸਮੱਗਰੀ ਨੂੰ ਜਾਣਬੁੱਝ ਕੇ ਖਤਮ ਕੀਤਾ ਗਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਖਾਲਸਾ ਰਾਜ ਦੀ ਖ਼ੁਸ਼ਹਾਲੀ, ਏਕਤਾ ਅਤੇ ਮਜ਼ਬੂਤੀ 'ਚ ਪੰਜਾਬ ਦੀ ਮੁੱਢਲੀ ਸਿੱਖਿਆ ਜੋ ਕਿ ਗੁਰਬਾਣੀ 'ਤੇ ਅਧਾਰਤ ਸੀ, ਦੀ ਵੱਡੀ ਭੂਮਿਕਾ ਦੇਖਣ ਨੂੰ ਮਿਲਦੀ ਹੈ। ਇਸ ਲਈ ਅੰਗ੍ਰੇਜ਼ ਨੇ ਪੰਜਾਬ ਦੀ ਪ੍ਰਫੁੱਲਤਾ ਅਤੇ ਅਗਾਂਹਵਧੂ ਮਜ਼ਬੂਤ ਸਮਾਜ ਸਿਰਜਣ ਪ੍ਰਣਾਲੀ ਨੂੰ ਨਸ਼ਟ ਕਰਨ ਲਈ ਹੀ ਇਸ ਦੀ ਸਿੱਖਿਆ ਪ੍ਰਣਾਲੀ ਅਤੇ ਸਿੱਖਿਆ ਸਮੱਗਰੀ ਨੂੰ ਖਤਮ ਕੀਤਾ।

ਇਤਿਹਾਸ ਕਿਧਰੇ ਵੀ ਇਸ ਗੱਲ ਦਾ ਜ਼ਿਕਰ ਨਹੀਂ ਕਰਦਾ ਕਿ ਅੰਗ੍ਰੇਜ਼ ਨੇ ਕਿਸੇ ਧਰਮ ਦੇ ਅਦਾਰਿਆਂ ਅਤੇ ਕੇਂਦਰਾਂ ਨੂੰ ਆਪਣੇ ਕਬਜ਼ੇ 'ਚ ਕੀਤਾ ਹੋਵੇ ਸਿਵਾਏ ਗੁਰਦੁਆਰਿਆਂ ਦੇ। ਸਿਰਫ਼ ਸਿੱਖ ਧਰਮ ਦੇ ਇਤਿਹਾਸਕ ਅਤੇ ਵੱਡੇ ਗੁਰਦੁਆਰਿਆਂ ਨੂੰ ਪਹਿਲਾਂ ਤਾਂ ਸਿੱਧਾ ਆਪਣੇ ਅਧਿਕਾਰ ਹੇਠ ਲੈ ਲਿਆ ਗਿਆ ਅਤੇ ਫਿਰ ਹਿੰਦੂ ਮਹੰਤਾਂ ਰਾਹੀਂ ਸਿੱਖ ਵਿਰੋਧੀ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵਰਤਿਆ। ਇਹ ਵੀ ਸਪਸ਼ਟ ਹੈ ਕਿ ਅੰਗ੍ਰੇਜ਼ ਨੇ ਗੁਰਬਾਣੀ 'ਤੇ ਅਧਾਰਤ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਖਤਮ ਕੀਤਾ। ਸਿੱਖ ਰਾਜ ਦੀਆਂ ਨਿਸ਼ਾਨੀ ਕਿਲਿਆਂ ਅਤੇ ਗੜ੍ਹਾਂ ਨੂੰ ਢਾਹਿਆ ਅਤੇ ਸਿੱਖਾਂ ਨੂੰ ਸ਼ਸਤਰਹੀਣ ਕਰ ਦਿੱਤਾ। ਇਹ ਸੱਭ ਕੁੱਝ ਕਰਨ ਦੇ ਮੁੱਖ ਕਾਰਨ ਇਹੋ ਸਨ ਕਿ ਅੰਗ੍ਰੇਜ਼ ਸਿੱਖਾਂ ਤੋਂ ਬਹੁਤ ਜ਼ਿਆਦਾ ਖੌਫ਼ਜ਼ਦਾ ਸਨ। ਉਹ ਭਾਰਤ ਨੂੰ ਅਖੌਤੀ ਆਜ਼ਾਦੀ ਦੇਣ ਬਾਅਦ ਪੰਜਾਬ ਨੂੰ ਛੱਡ ਕੇ ਜਾਣ ਦੇ ਸੱਤ ਦਹਾਕਿਆਂ ਬਾਅਦ ਤੱਕ ਅੱਜ ਵੀ ਖਾਲਸਾ ਰਾਜ ਦੀਆਂ ਫੌਜਾਂ ਦੇ ਮੁੜ ਸੰਗਠਤ ਹੋਣ ਦੇ ਖਿਆਲ ਤੋਂ ਬੇਚੈਨ ਹੋ ਜਾਂਦੇ ਹਨ। ਇਹ ਤਰਕ ਨਿਰਆਧਾਰ ਜਿਹਾ ਜਾਪੇਗਾ ਜੇ ਇਸ ਬਾਰੇ ਕੁੱਝ ਸਿੱਟਾ ਕੱਢਣ ਦੇ ਬਿਨਾ ਹੀ ਅੱਗੇ ਤੁਰ ਪਈਏ। ਸਭਾਰਾਉਂ, ਮੁਦਕੀ, ਬੱਦੋਵਾਲ ਅਤੇ ਚਿੱਲਿਆਂ ਵਾਲਾ ਦੀਆਂ ਲੜਾਈਆਂ 'ਚ ਜਿਹਨਾਂ ਅੰਗ੍ਰੇਜ਼ ਜਰਨੈਲਾਂ ਨੇ ਹਿੱਸਾ ਲਿਆ ਉਹਨਾਂ ਦੀਆਂ ਹੱਡਬੀਤੀਆਂ ਲਿਖਤੀ ਰੂਪ 'ਚ ਇਸ ਗੱਲ ਦੀਆਂ ਗਵਾਹ ਹਨ ਕਿ ਅੰਗ੍ਰੇਜ਼ਾਂ ਨੂੰ ਇਹ ਸੱਭ ਕਿਉਂ ਕਰਨਾ ਪਿਆ।

ਇਤਿਹਾਸਕ ਵਰਕਿਆਂ ਨੂੰ ਪੜ੍ਹਦਿਆਂ ਉਹਨਾਂ ਦੀ ਵਿਆਖਿਆ ਤੋਂ ਪਤਾ ਲੱਗਦਾ ਹੈ ਕਿ ਜਿਹੜੇ ਵੀ ਹਮਲਾਵਰ ਜਾਂ ਧਾੜਵੀ ਨੇ ਪੰਜਾਬ ਅਤੇ ਭਾਰਤ 'ਤੇ ਕਬਜ਼ਾ ਕੀਤਾ ਤਾਂ ਬਹੁ-ਗਿਣਤੀ ਪਰਜਾ ਦੇ ਅਮੀਰ ਅਤੇ ਸਮਾਜ ਦੇ ਰਸੂਖ ਵਾਲੇ ਹਿੱਸੇ ਨੇ ਜੇਤੂ ਹਮਲਾਵਰਾਂ ਸਵਾਗਤ ਕੀਤਾ ਅਤੇ ਉਹਨਾਂ ਨੂੰ ਰਾਜ ਭਾਗ ਚਲਾਉਣ ਦੀਆਂ ਬਾਰੀਕੀਆਂ ਦੱਸੀਆਂ। ਅਜਿਹਾ ਸ਼ਾਇਦ ਇਸ ਲਈ ਕੀਤਾ ਹੋਵੇਗਾ ਕਿਉਂਕਿ ਅਮੀਰ ਵਰਗ ਲੜਨ ਦੇ ਸਮਰੱਥ ਨਹੀਂ ਹੁੰਦਾ ਅਤੇ ਆਪਣਾ ਮਾਲ ਅਸਬਾਬ ਅਤੇ ਕਾਰੋਬਾਰ ਸਾਂਭਣ ਬਾਰੇ ਚਿੰਤਾ ਪਾਲ਼ਦਾ ਹੈ। ਭਾਰਤੀ ਬਹੁ-ਗਿਣਤੀ ਦਾ ਅਮੀਰ ਵਰਗ ਇਸ ਦੇ ਬਦਲੇ ਆਪਣਾ ਵਪਾਰ ਵੀ ਚਲਾਉਂਦਾ ਰਿਹਾ ਅਤੇ ਰਾਜ ਭਾਗ 'ਚ ਉੱਚੇ ਅਹੁਦਿਆਂ 'ਤੇ ਨਿਯੁਕਤ ਵੀ ਹੁੰਦਾ ਰਿਹਾ। ਮੁਗ਼ਲਾਂ ਅਤੇ ਬਾਅਦ ਵਿਚ ਅੰਗ੍ਰੇਜ਼ਾਂ ਨਾਲ ਭਾਰਤੀ ਬਹੁ-ਗਿਣਤੀ ਦੀ ਅਮੀਰ ਸ਼੍ਰੇਣੀ ਦੀ ਮਿਲੀ-ਭੁਗਤ ਇਤਿਹਾਸ ਦੇ ਪੰਨਿਆਂ 'ਤੇ ਕੌੜਾ ਸੱਚ ਬਣੀ ਉਹਨਾਂ ਦੀ ਦੇਸ਼ ਭਗਤੀ ਨੂੰ ਅੰਗੂਠਾ ਦਿਖਾ ਰਹੀ ਹੈ। ਪੰਜਾਬ 'ਤੇ ਅੰਗ੍ਰੇਜ਼ਾਂ ਦੇ ਕਬਜ਼ੇ ਦੇ ਤੁਰੰਤ ਬਾਅਦ ਭਾਰਤੀ ਬਹੁ-ਗਿਣਤੀ ਦੀ ਅਮੀਰ ਸ਼੍ਰੇਣੀ ਨੇ ਵੀ ਖ਼ੁਸ਼ੀ 'ਚ ਦੀਵੇ ਜਗਾਏ ਅਤੇ ਇਹੋ ਬਹੁ-ਗਿਣਤੀ ਪੰਜਾਬ ਵਿੱਚ ਵੀ ਅੰਗ੍ਰੇਜ਼ ਦੀ ਭਾਈਵਾਲ ਬਣ ਗਈ। ਹਿੰਦੂਆਂ ਦੀ ਇਸੇ ਅਮੀਰ ਸ਼੍ਰੇਣੀ ਨੇ ਅੰਗ੍ਰੇਜ਼ੀ ਹਾਕਮਾਂ ਨੂੰ ਸਿੱਖਾਂ ਦੀ ਸਰੀਰਕ ਅਤੇ ਮਾਨਸਿਕ ਸ਼ਕਤੀ ਨੂੰ ਖਤਮ ਕਰਨ ਦੀਆਂ ਵਿਉਂਤਾਂ ਦੱਸੀਆਂ ਅਤੇ ਉਹਨਾਂ ਵਿਉਂਤਾਂ 'ਤੇ ਅਮਲ ਕਰਵਾਇਆ। ਇਹੋ ਕਾਰਨ ਸੀ ਕਿ ਸਿੱਖਾਂ 'ਚ 'ਸ਼ਬਦ ਗੁਰੂ' ਨਾਲੋਂ ਦੂਰੀਆਂ ਵਧੀਆਂ ਅਤੇ ਆਪਣੇ ਦੀਨ ਲਈ ਲੜਨ ਤੋਂ ਪਿੱਛੇ ਹਟਦੇ ਗਏ। ਅਮੀਰ ਹਿੰਦੂ ਵਾਂਗ ਪੰਜਾਬ ਦੇ ਕੁੱਝ ਸਿੱਖ ਵੀ 'ਸਰਦਾਰ ਬਹਾਦਰ' ਅਤੇ ਨਾਈਟਹੁੱਡ ਦੀਆਂ ਉਪਾਧੀਆਂ ਲੈ ਕੇ ਅਯਾਸ਼ੀਆਂ ਵਿਚ ਪੈ ਗਏ। 1854 ਤੋਂ ਲੈ ਕੇ 1870-75 ਤੱਕ ਦਾ ਸਮਾਂ ਕੁੱਝ ਅਜਿਹਾ ਰਿਹਾ ਜਦੋਂ ਸਿੱਖਾਂ ਨੂੰ ਧਾਰਮਿਕ ਅਤੇ ਰਾਜਨੀਤਕ ਪੱਖੋਂ ਮੁਗ਼ਲਾਂ ਦੇ ਸਮੇਂ ਨਾਲੋਂ ਵੀ ਵਧੇਰੇ ਜ਼ੁਲਮ ਸਹਿਣੇ ਪਏ ਅਤੇ ਇਸ ਦੌਰਾਨ ਸਿੱਖਾਂ ਦਾ ਕੋਈ ਵੀ ਧਾਰਮਿਕ ਜਾਂ ਰਾਜਨੀਤਕ ਰਹਿਬਰ ਕੌਮ ਨੂੰ ਅਗਵਾਈ ਦੇਣ ਲਈ ਅੱਗੇ ਨਹੀਂ ਆਇਆ। ਇਹੋ ਸਮਾਂ ਸੀ ਜਦੋਂ ਸਿੱਖਾਂ 'ਚ ਆਚਰਣ-ਹੀਣਤਾ ਅਤੇ ਸ਼ਰਾਬ ਦੀ ਬੁਰਾਈ ਨੇ ਆਪਣੇ ਪੈਰ ਪਸਾਰਣੇ ਸ਼ੁਰੂ ਕਰ ਦਿੱਤੇ ਸਨ। ਅੰਗ੍ਰੇਜ਼ਾਂ ਵੱਲੋਂ ਗੁਰੂ ਘਰਾਂ ਵਿਚ ਬਠਾਏ ਮਹੰਤ ਅਤੇ ਉਹਨਾਂ ਦੀ ਜੁੰਡਲੀ ਪਹਿਲਾਂ ਹੀ ਸ਼ਰਾਬ, ਅਫ਼ੀਮ, ਭੰਗ ਆਦਿ ਨਸ਼ਿਆਂ ਦਾ ਖੁਲ੍ਹੇ ਰੂਪ 'ਚ ਸੇਵਨ ਕਰਨ ਲੱਗੀ ਸੀ ਅਤੇ ਹਿੰਦੂ ਮਹੰਤਾਂ ਵੱਲੋਂ ਔਰਤਾਂ ਨਾਲ ਵਿਭਚਾਰ ਦੀਆਂ ਘਟਨਾਵਾਂ ਵਧਣ ਲੱਗੀਆਂ ਸਨ। ਗੁਰੂ ਨਾਨਕ ਨਾਮ ਲੇਵਾ ਸਿੱਖ ਇਹਨਾਂ ਘਟਨਾਵਾਂ ਅਤੇ ਸਿੱਖ ਸਮਾਜ ਦੀ ਤੇਜ਼ੀ ਨਾਲ ਵਿਗੜ ਰਹੀ ਹਾਲਤ ਤੋਂ ਬਹੁਤ ਦੁਖੀ ਹੋਇਆ। ਇਹਨਾਂ ਵਿਚ ਸ. ਚਰਨ ਸਿੰਘ ਸ਼ਹੀਦ ਅਤੇ ਹੋਰ ਬਹੁਤ ਸਾਰੇ ਵਿਦਵਾਨ ਸਿੱਖ

**ਬਾਕੀ ਸਫ਼ਾ 33 'ਤੇ**

# ਮੇਰੇ ਮਰਨ ਤੋਂ ਬਾਅਦ ਸਸਕਾਰ ਕਰਨ ਤਕ

**ਗੁਰਚਰਨ ਸਿੰਘ ਜਿਉਣ ਵਾਲਾ**
# 647 966 31323, 810 449 1079



ਬਹੁਤੇ ਮਰਦਾਂ ਔਰਤਾਂ ਦੀ ਇਹ ਖ਼ੁਆਸ਼ ਹੁੰਦੀ ਹੈ ਕਿ ਮਰਨ ਤੋਂ ਬਾਅਦ ਮੈਨੂੰ ਵੱਡਾ ਕੀਤਾ ਜਾਵੇ। ਪੁਰਾਣੇ ਜ਼ਮਾਨੇ ਵਿਚ ਲੋਕ ਕਹਿੰਦੇ ਹੁੰਦੇ ਸਨ ਕਿ ਕੀ ਤੁਸੀਂ ਗਦੌੜਾ ਫੇਰਿਆ ਐ। ਇਸ ਦਾ ਮਤਲਬ ਇਹ ਸੀ ਕਿ ਕਿਸੇ ਬਜ਼ੁਰਗ ਦੇ ਮਰਨ ਤੋਂ ਬਾਅਦ ਸਾਰੇ ਪਿੰਡ ਵਿਚ ਥਾਲੀ ਥਾਲੀ ਗੁੜ ਦਾ ਕੜਾਹ ਵੰਡਣਾ। ਇਹ ਕੰਮ ਵੀ ਆਪਣੇ ਵਿਤ ਅਨੁਸਾਰ ਕੋਈ ਕੋਈ ਹੀ ਕਰ ਸਕਦਾ ਸੀ। ਇਹ ਰਿਵਾਜ਼ ਚੱਲਦੇ ਚੱਲਦੇ ਅੱਜ-ਕੱਲ ਲੱਡੂ ਜਲੇਬੀਆਂ ਦਾ ਰੂਪ ਧਾਰਣ ਕਰ ਗਏ ਅਤੇ ਅਸੀਂ ਕਰਜ਼ੇ ਦੇ ਭਾਰ ਨੂੰ ਨਾ ਸਹਾਰਦੇ ਹੋਏ ਆਤਮ ਹੱਤਿਆਵਾਂ ਦੇ ਰਾਹ ਪੈ ਗਏ। ਇਸ ਕਰਕੇ ਅੱਜ ਮੈਂ ਆਪਣੀ ਆਖਰੀ ਖ਼ੁਆਸ਼ ਲਿਖਣ ਦਾ ਕੰਮ ਸ਼ੁਰੂ ਕੀਤਾ ਹੈ ਤੇ ਗੁਰਬਾਣੀ ਦੇ ਆਸਰੇ ਇਸ ਨੂੰ ਮੁਕੰਮਲ ਕਰਕੇ ਦੋਸਤਾਂ, ਮਿਤਰਾਂ, ਸਨੇਹੀਆਂ ਅਤੇ ਪਾਠਕਾਂ ਦੇ ਸਪੁਰਦ ਕਰਨ ਦਾ ਮਨ ਬਣਾ ਲਿਆ ਹੈ। ਹੋ ਸਕਦਾ ਹੈ ਕਿ ਇਹ ਹੋਰ ਕਿਸੇ ਵੀਰ ਦੇ ਵੀ ਕੰਮ ਆ ਜਾਵੇ।

ਗੁਰਬਾਣੀ ਸਾਨੂੰ ਸਸਕਾਰ ਕਰਨ ਦੇ ਕੁੱਝ ਤਰੀਕੇ ਦੱਸਦੀ ਹੈ। ਜਿਵੇਂ: ਮ.੧॥ ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥ ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥ ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥੨॥ ਪੰਨਾ 648॥ ਕੋਈ ਮੁਰਦੇ ਨੂੰ ਸਾੜ ਦਿੰਦਾ ਹੈ, ਕੋਈ ਦੱਬ ਦਿੰਦਾ ਹੈ, ਕੋਈ ਕੁਤਿਆਂ ਮੂਹਰੇ ਸੁੱਟ ਦਿੰਦਾ ਹੈ ਤੇ ਕੋਈ ਜਲ ਪ੍ਰਵਾਹ ਕਰਕੇ ਹੱਸਦੇ ਹਨ। ਹਿੰਦੂ ਮੱਤ ਅਨੁਸਾਰ ਮਰਨ ਤੋਂ ਬਾਅਦ ਸ਼ਰੀਰ ਵਿਚੋਂ ਆਤਮਾ ਨਿਕਲਦੀ ਹੈ ਤੇ ਧਰਮਰਾਜ ਕੋਲ ਜਾਂਦੀ ਹੈ। ਇਸੇ ਕਰਕੇ ਗੁਰੂ ਜੀ ਅਖੀਰਲੀ ਪੰਗਤੀ ਵਿਚ ਸਵਾਲ ਖੜਾ ਕਰਦੇ ਹਨ ਕਿ ਭਾਈ ਪਤਾ ਨਹੀਂ ਕਿ ਮਰਨ ਤੋਂ ਬਾਅਦ ਕੌਣ ਕਿੱਥੇ ਜਾਂਦਾ ਹੈ। ਗੁਰਬਾਣੀ ਵਿਚੋਂ ਇਸ ਸਵਾਲ ਦਾ ਜਵਾਬ ਲੈ ਕੇ ਅੱਗੇ ਚੱਲਦੇ ਹਾਂ। ਪੀਪਾ ॥ ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥ ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥ ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥ ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥ ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥ ਪੰਨਾ 695

ਜਿਸ ਮਨੁੱਖ ਦੇ ਸਰੀਰ ਵਿਚ ਰਾਮ ਦੀ ਯਾਦ ਦੀ ਦੁਹਾਈ ਮੱਚ ਜਾਂਦੀ ਹੈ, ਉਹ ਦੇਸ ਦੇਸਾਂਤਰਾਂ ਦੇ ਤੀਰਥਾਂ ਤੇ ਮੰਦਰਾਂ ਵਲ ਭਟਕਣ ਦੇ ਥਾਂ ਰਾਮ ਨੂੰ ਆਪਣੇ ਸਰੀਰ ਵਿਚ ਹੀ ਲੱਭ ਲੈਂਦਾ ਹੈ। ਸੋ, ਉਸ ਰਾਮ ਨੂੰ ਆਪਣੇ ਸਰੀਰ ਦੇ ਅੰਦਰ ਲੱਭੋ, ਇਹੀ ਅਸਲ ਦੇਵਤੇ ਦੀ ਭਾਲ ਹੈ, ਇਹੀ ਅਸਲ ਮੰਦਰ ਹੈ, ਇਹੀ ਅਸਲ ਪੂਜਾ ਹੈ। ਪਰ ਉਸ ਪਰਮ-ਤੱਤ (ਪਰਮਾਤਮਾ) ਨੂੰ ਨਿਰਾ ਆਪਣੇ ਸਰੀਰ ਵਿਚ ਹੀ ਨਾਹ ਸਮਝ ਰੱਖਣਾ, ਸਾਰੇ ਬ੍ਰਹਮੰਡ ਵਿਚ ਭੀ ਉਹੀ ਵੱਸਦਾ ਵੇਖੋ। ਇਹ ਸੂਝ ਸਤਿਗੁਰੂ ਪਾਸੋਂ ਮਿਲਦੀ ਹੈ। ਰਹਾਉ ਦੀ ਪੰਗਤੀ ਵਿਚ ਫੁਰਮਾਉਂਦੇ ਹਨ; ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ। ਪ੍ਰਮਾਤਮਾ ਦਾ ਵਾਸਤਾ ਪਾ ਕੇ ਮੈਂ ਕਹਿਦਾ ਹਾਂ ਕਿ ਬਾਹਰੋਂ ਇਸ ਸੰਸਾਰ ਵਿਚ ਕੁੱਝ ਨਹੀਂ ਆਉਂਦਾ ਤੇ ਨਾ ਹੀ ਬਾਹਰ ਕੁੱਝ ਜਾਂਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮਰਦਾ ਕੀ? ਇਸ ਬਾਰੇ ਗੁਰਬਾਣੀ ਦਾ ਕੀ ਫੁਰਮਾਣ ਹੈ:

ਰਾਮਕਲੀ ਮਹਲਾ ੫ ॥ ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥ਮਾਟੀ ਮਾਟੀ ਹੋਈ ਏਕ ॥ਰੋਵਨਹਾਰੇ ਕੀ ਕਵਨ ਟੇਕ ॥੧॥ ਕਉਨੁ ਮੂਆ ਰੇ ਕਉਨੁ ਮੂਆ ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥ ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥ ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥ ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥ ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥ ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥ ਪੰਨਾ 885

ਇਸ ਸਲੋਕ ਦੀਆਂ ਅਖੀਰਲੀਆਂ ਪੰਗਤੀਆਂ ਤੋਂ ਵੀਚਾਰ ਸ਼ੁਰੂ ਕਰਦੇ ਹਾਂ। ਇਸ ਸਲੋਕ ਵਿਚ ਗੁਰੂ ਜੀ ਨੇ ਜੰਮਣ-ਮਰਨ ਦੀ ਅਸਲੀਅਤ ਦੱਸ ਕੇ ਸਾਡਾ ਭਰਮ ਖਤਮ ਕਰ ਦਿੱਤਾ ਹੈ ਕਿ ਕੋਈ ਨਾ ਮਰਦਾ ਹੈ, ਨਾ ਕੋਈ ਕਿਤੋਂ ਆਉਂਦਾ ਹੈ ਤੇ ਨਾ ਹੀ ਕੋਈ ਕਿਤੇ ਜਾਂਦਾ ਹੈ। ਇਸ ਸ਼ਰੀਰ ਦੇ ਤੱਤ; ਹਵਾ, ਪਾਣੀ, ਅੱਗ (ਗਰਮਾਇਸ਼ ਜੋ ਪੇਟ ਵਿਚ ਖਾਣਾ ਪਾ ਨਾਲ ਪੈਦਾ ਹੁੰਦੀ ਹੈ) ਮਿੱਟੀ ਤੇ ਅਕਾਸ਼, ਤੱਤਾਂ ਵਿਚ ਮਿਲ ਗਏ ਪਰ ਅਸੀਂ ਭਰਮ ਅਤੇ ਮੋਹ ਦੇ ਬੰਧਨ ਵਿਚ ਬੱਧੇ ਹੋਏ ਆਪਣੀ ਜੀਵਨ ਲੀਲਾ ਪੂਰੀ ਕਰ ਚੁੱਕੇ ਮਨੁੱਖ ਨੂੰ ਰੋ ਰਹੇ ਹੁੰਦੇ ਹਾਂ ਜਦੋਂ ਕਿ ਕੱਲ ਨੂੰ ਸਾਡੇ ਨਾਲ ਵੀ ਇਹੋ ਕੁੱਝ ਵਾਪਰਨ ਵਾਲਾ ਹੈ। ਰੱਬੀ ਨਿਯਮਾਂ ਨੂੰ ਸਾਹਮਣੇ ਰੱਖ ਕੇ ਵੀਚਾਰ ਕਰੋ ਤੁਹਾਡੇ ਸਾਰੇ ਭੁਲੇਖੇ ਦੂਰ ਹੋ ਜਾਣਗੇ। ਇਹ ਕੁਦਰਤੀ ਨਿਯਮਾਂ ਵਿਚ ਪੈਦਾ ਕੀਤਾ ਸੰਸਾਰ ਹੈ ਤੇ ਇਨਾਂ ਹੀ ਨਿਯਮਾਂ ਵਿਚ ਅਸੀਂ ਇਥੋਂ ਕੂਚ ਕਰ ਜਾਣਾ ਹੈ। ਕੁਦਰਤੀ ਨਿਯਮ ਸਦਾ ਰਹਿਣ ਵਾਲੇ ਹਨ ਅਤੇ ਜੋ ਕੁੱਝ ਆਪਾਂ ਸਮਝਦੇ ਹਾਂ ਇਹ ਓਹ ਨਹੀਂ। ਜਿਹੜੇ ਇਸ ਸਿਧਾਂਤ ਨੂੰ ਸਮਝਦੇ ਹਨ ਉਨਾ ਤੋਂ ਕੁੱਝ ਸਿੱਖੋ! ਪੁਨਰ-ਜਨਮ ਦੇ ਸਿਧਾਂਤ ਦਾ ਇਸ ਸਲੋਕ ਵਿਚ ਖੰਡਣ ਕੀਤਾ ਹੈ।

ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸ ਮਹਿ ਰਾਮ ਰਤਨੁ ਲੈ ਚੀਨੀ ॥ ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥ 1030॥ ਦਰਅਸਲ ਗੁਰੂ ਸਾਹਿਬ ਸਾਨੂੰ ਇਹ ਸਮਝਾਉਣ ਚਾਹੁੰਦੇ ਹਨ ਕਿ ਬੰਦਿਆ ਤੂੰ ਬੰਦੇ ਦਾ ਪੁੱਤ ਬਣ। ਲੋਕ ਸੰਸਾਰਕ ਜ਼ੁਮੇਵਾਰੀ ਤੋਂ ਭੱਜ ਕੇ ਜੰਗਲਾਂ ਬੇਲਿਆਂ ਵਿਚ ਰੱਬ ਨੂੰ ਲਭਦੇ ਫਿਰਦੇ ਸਨ ਪਰ ਗੁਰੂ ਜੀ ਸਮਝਾਉਂਦੇ ਹਨ ਕਿ ਪੜ ਲਿਖ ਕੇ ਗਿਆਨ ਪ੍ਰਾਪਤ ਕਰਕੇ ਇਸ ਸ਼ਰੀਰ ਨਾਲ ਚੰਗੇ ਕੰਮ ਕਰ ਇਹੀ ਪ੍ਰਮਾਤਮਾ ਨੂੰ ਪਾਉਣਾ ਹੈ। ਇਹ ਹੈ ਸਾਡਾ ਇਸ ਸੰਸਾਰ ਵਿਚ ਆਉਣ ਦਾ ਅਸਲ ਮਕਸਦ।

ਜੇ ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥ ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥ ਤਾਂ ਮਿਰਤਕ ਕਾ ਕਿਆ ਘਟਿ ਜਾਈ ॥੩॥ ਕਹਤ ਕਬੀਰ ਹਉ ਕਹਉ ਪੁਕਾਰਿ ॥ ਸਮਝਿ ਦੇਖੁ ਸਾਕਤ ਗਾਵਾਰ ॥ ਦੂਜੈ ਭਾਇ ਬਹੁਤੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥੪॥੪॥੧੨॥ ਪੰਨਾ 1160

ਜੇਕਰ ਮਰੇ ਹੋਏ ਪ੍ਰਾਣੀ ਨੂੰ ਚੰਦਨ ਦੀ ਲੱਕੜੀ, ਜੋ ਬਹੁਤ ਹੀ ਕੀਮਤੀ ਹੈ, ਜਾਂ ਦੇਸੀ ਘੀਓ ਪਾ ਕੇ ਜਲਾਈਏ ਜਿਵੇਂ ਟਕਸਾਲੀਆਂ ਨੇ ਅਖਾੜੇ ਵਾਲੇ ਗੁਰਬਚਨ ਸਿੰਘ ਨੂੰ 18-20 ਪੀਪੇ ਦੇਸੀ ਘਿਓ ਦੇ ਪਾ ਕੇ ਸਾੜਿਆ ਸੀ ਅਤੇ ਨਾਲ ਹੀ ਕੁੰਦਨ ਸਿੰਘ ਨਾਮੀ ਇਕ ਸ਼ਰਧਾਲੂ ਆਤਮ ਹੱਤਿਆ ਕਰ ਗਿਆ ਸੀ ਤਾਂ ਦੱਸੋ ਮਿਰਤਕ ਨੂੰ ਕੀ ਮਿਲਿਆ? ਜੇਕਰ ਮਿਰਤਕ ਨੂੰ ਗੰਦਗੀ ਵਿਚ ਸੁੱਟ ਦੇਈਏ ਤਾਂ ਦੱਸੋ ਕਿ ਉਸਦਾ ਕੀ ਘੱਟ ਜਾਵੇਗਾ? ਕਬੀਰ ਜੀ ਦੇ ਇਹ ਸਵਾਲ ਸਾਡੇ ਵਾਸਤੇ ਹਨ। ਕਬੀਰ ਸਾਹਿਬ ਪੁਕਾਰ ਪੁਕਾਰ ਕੇ ਕਹਿ ਰਹੇ ਹਨ; ਐ ਮੂਰਖ ਲੋਕੋ! ਸਮਝੋ ਕੁੱਝ। ਕੀਮਤੀ ਗਹਿਣੇ, ਚੰਦਨ ਦੀ ਲੱਕੜੀ ਅਤੇ ਘਿਓ ਆਦਿਕ ਜਲਾ ਕੇ ਆਪਾਂ ਆਪਣੇ ਘਰਾਂ ਨੂੰ ਬਰਬਾਦ ਕਰ ਰਹੇ ਹਾਂ। ਨਾਲ ਹੀ ਜਵਾਬ ਹੈ ਜਿਨਾ ਨੂੰ ਮੇਰੀ ਗੱਲ ਦੀ ਸਮਝ ਪੈ ਗਈ ਉਹ ਸਦਾ ਸੌਖੇ ਰਹਿਣਗੇ। ਇਸਦਾ ਮਤਲਬ ਇਹ ਹੋਇਆ ਕਿ ਕਿਸੇ ਪ੍ਰਾਣੀ ਦੇ ਮਰਨ ਤੋਂ ਬਾਅਦ ਜੋ ਨਹਾਉਣ ਤੇ, ਨਵੇਂ ਕਪੜੇ ਪਾਉਣ ਤੇ, ਅਰਥੀ ਵਾਲੇ ਡੱਬੇ, ਗੁਰਦਵਾਰੇ ਲੰਗਰ ਵਗੈਰਾ ਛਕਾਉਣ ਅਤੇ ਭਾਈਆਂ ਨੂੰ ਅਰਦਾਸ ਕਰਨ ਕਰਾਉਣ ਅਤੇ ਪਾਠ ਕਰਾਉਣ ਲਈ ਦਿੱਤਾ ਜਾਂਦਾ ਹੈ ਉਹ ਬਿਲਕੁਲ ਖੂਹ ਵਿਚ ਸੁਟਣ ਬਰਾਬਰ ਹੈ। ਗੁਰਬਾਣੀ ਮੁਤਾਬਕ ਜਿਵੇਂ; ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥ ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥ ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥ ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥ ਪੰਨਾ 969 ਜਦੋਂ ਕੋਈ ਨਰਕ-ਸਵਰਗ ਹੈ ਹੀ ਨਹੀਂ ਤਾਂ ਸਾਡੇ ਗੁਰਦਵਾਰਿਆਂ ਵਿਚ ਬੈਠੇ ਕਾਬਜ਼ ਲੋਕ ਸਾਡੇ ਕਿਸੇ ਮਰੇ ਹੋਏ ਨੂੰ ਕਿਵੇਂ ਅਰਦਾਸਾਂ ਕਰ ਕਰ ਕੇ ਪ੍ਰਮਾਤਮਾ ਦੇ ਚਰਣਾਂ ਵਿਚ ਨਿਵਾਸ ਦੇਈ ਜਾਂਦੇ ਹਨ? ਕੋਈ ਦੱਸ ਸਕਦਾ ਹੈ? ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੩॥ ਪੰਨਾ 1159॥ ਜੋ ਕੁੱਝ ਵੀ ਪੰਡਿਤ, ਮੁਲਾਂ ਜਾਂ ਕਿਸੇ ਹੋਰ ਦਾ ਲਿਖਿਆ ਹੋਇਆ ਉਹ ਅਸੀਂ ਬਿਲਕੁੱਲ ਛੱਡਣਾ ਹੈ ਇਹ ਸਾਡੇ ਸ਼ਬਦ ਗੁਰੂ ਦਾ ਹੁਕਮ ਹੈ ਇਸ ਕਰਕੇ ਨਾ ਕੋਈ ਧਰਮਰਾਜ ਹੈ, ਨਾ ਕੋਈ ਜਮਦੂਤ, ਨਾ ਆਤਮਾ, ਨਾ ਲੇਖਾ-ਜੋਖਾ, ਨਾ ਸਵਰਗ ਨਾ ਨਰਕ ਆਦਿ।

ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥ ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥ ਪੰਨਾ 614॥

ਧਰਮ ਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ ॥ ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥੧੭॥ ਪੰਨਾ 555

ਧਰਮ ਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ ॥ ਹਰਿ ਨਾਮੁ ਧਿਆਵਹਿ ਦਿਨਸੁ ਰਾਤਿ ਹਰਿ ਨਾਮਿ ਸਮਾਵੈ ॥੧੪॥ ਪੰਨਾ 1091

ਉਪਰਲੀਆਂ ਤਿੰਨਾਂ ਉਦਾਰਹਣਾਂ ਦਾ ਮਤਲਬ ਇਕੋ ਹੈ ਕਿ ਜਿਹੜੇ ਮਨੁੱਖ ਸੱਚਾ-ਸੁਚਾ ਜੀਵਨ ਜਿਉਂਦੇ ਹਨ ਧਰਮ ਰਾਇ ਉਨਾਂ ਦਾ ਮਿਤਰ ਬਣ ਜਾਂਦਾ ਹੈ ਤੇ ਜਮ ਕੁੱਝ ਨਹੀਂ ਕਹਿੰਦੇ। ਚੰਗੇ ਗੁਣਾਂ ਕਰਕੇ ਮੇਰੇ ਮਨ ਦਾ ਭਰਮ ਖਤਮ ਹੋ ਗਿਆ ਹੈ ਅਤੇ ਧਰਮ ਰਾਇ ਦਾ ਪੂਰਾ ਲੇਖਾ-ਜੋਖਾ ਹੀ ਫਾੜ ਦਿੱਤਾ ਗਿਆ ਹੈ ਸਗੋਂ ਸੱਚੇ-ਸੁਚੇ ਜੀਵਨ ਬਿਤਾਉਣ ਵਾਲੇ ਦੀ ਧਰਮ ਰਾਇ ਸੇਵਾ ਕਰਦਾ ਹੈ। ਗੁਰਬਾਣੀ ਮੁਤਾਬਕ ਧਰਮ ਰਾਇ ਵਗੈਰਾ ਵੀ ਨਹੀਂ ਹਨ ਪਰ ਲੋਕਾਂ ਨੂੰ ਸਮਝਾਉਣ ਵਾਸਤੇ ਇਹ ਨਾਮ ਵਰਤੇ ਹਨ। ਇਸ ਨੂੰ ਕਹਿੰਦੇ ਹਨ; 'ਜਾਣੇ ਗਿਆਨ ਰਾਹੀ ਅਣਜਾਣੇ ਗਿਆਨ ਦੀ ਜਾਣਕਾਰੀ ਦੇਣੀ'। ਅੱਜ-ਕੱਲ ਦੇ ਮਨੋਵਿਗਿਆਨੀ ਵੀ ਇਹ ਤਰੀਕਾ ਵਰਤ ਕੇ ਲੋਕਾਂ ਦਾ ਇਲਾਜ਼ ਕਰਦੇ ਹਨ ਜੋ ਗੁਰੂ ਸਾਹਿਬ 500-600 ਸਾਲ ਪਹਿਲਾਂ ਵਰਤਦੇ ਸਨ।

ਸਿੱਖ ਹੋਣ ਦੇ ਨਾਤੇ ਮੇਰਾ ਫਰਜ਼ ਬਣਦਾ ਹੈ ਕਿ ਗੁਰਮਤਿ ਅਨੁਸਾਰ ਸਾਰੇ ਕ੍ਰਿਆ-ਕਰਮ ਕੀਤੇ ਜਾਣ। ਮੇਰਾ ਭੋਗ ਉਦੋਂ ਪੈ ਗਿਆ ਜਦੋਂ ਮੈਂ ਮਰ ਗਿਆ। ਉਪਰਲੀ ਸਾਰੀ ਲਿਖਤ ਮੁਤਾਬਕ ਮਰਨ ਤੋਂ ਬਾਅਦ ਇਸ਼ਨਾਨ ਕਰਵਾਉਣਾ, ਨਵੇਂ ਕਪੜੇ ਪਾਉਣੇ, ਅਰਦਾਸ ਕਰਾਉਣੀ, ਪਾਠ ਕਰਵਾਉਣਾ, ਲੋਕਾਂ ਨੂੰ ਅੰਨ-ਪਾਣੀ ਛਕਾਉਣਾ ਆਦਿ ਸੱਭ ਵਿਆਰਥ ਹਨ। ਮੇਰੇ ਸ਼ਰੀਰ ਨੂੰ ਮਰਨ ਉਪਰੰਤ ਉਸੇ ਵਕਤ ਜਲਾਉਣ ਲਈ ਭੇਜ ਦਿੱਤਾ ਜਾਵੇ, ਕਿਸੇ ਨੂੰ ਵੀ ਸੱਦਣ-ਸਦਾਉਣ ਤੇ ਦੱਸਣ ਦੀ ਲੋੜ ਨਹੀਂ। ਜੇਕਰ ਪਾਠ ਆਪ ਕਰ ਸਕਦੇ ਹੋ ਤਾਂ ਆਪਣੇ ਲਈ ਕਰੋ ਨਹੀਂ ਤਾਂ ਇਸ ਕੀਤੇ ਪਠ ਦਾ ਫਲ ਜਿਵੇਂ ਅਰਦਾਸੀਏ ਲੋਕ ਕਹਿੰਦੇ ਹਨ; 'ਪੜੀ ਸੁਣੀ ਬਾਣੀ ਦਾ ਫਲ ਵਿਛੜੀ ਰੂਹ ਨੂੰ ਪਹੁੰਚਾਉਣਾ। ਗਲਤ ਹੈ। ਪਤਾ ਨਹੀਂ ਕੌਣ ਤੇ ਕਿਹੜੇ ਡੀਐਚਐਲ ਰਾਹੀਂ, ਕਿਹੜੇ ਲੈਟਰਬਾਕਸ ਵਿਚ ਬੈਠੀ, ਵਿਛੜ ਚੁੱਕੀ ਰੂਹ ਨੂੰ ਪਹੁੰਚਾਉਣਗੇ। ਇਸ ਸੱਭ ਝੂਠ ਹੈ। ਪੈਸੇ ਬਟੋਰਨ ਦਾ ਤਰੀਕਾ ਹੈ। ਇਸ ਤੋਂ ਬਚੋ ਜੇ ਹੋ ਸਕੇ ਤਾਂ। ਜੇਕਰ ਬੱਚਿਆਂ ਨੇ ਸੇਵਾ ਕੀਤੀ ਹੈ ਤਾਂ ਠੀਕ ਹੈ ਤੇ ਆਪਣੀ ਜਾਇਦਾਦ ਉਨਾਂ ਨੂੰ ਦੇ ਜਾਓ। ਜੇ ਨਹੀਂ ਤਾਂ ਸਾਰੀ ਜਾਇਦਾਦ ਕਿਸੇ ਚੈਰੀਟੀ ਨੂੰ ਦੇਣੀ ਹੀ ਮੁਨਾਸਬ ਹੈ। ਮਰਣ ਤੋਂ ਬਾਅਦ ਕੋਈ ਕਿਸੇ ਦਾ ਨਹੀਂ।

ਮ. ੩ ॥ ਨਾਨਕ ਸਤਿਗੁਰੁ ਸੇਵਹਿ ਆਪਣਾ ਸੇ ਜਨ ਸਚੇ ਪਰਵਾਣੁ ॥ ਹਰਿ ਕੈ ਨਾਇ ਸਮਾਇ ਰਹੇ ਚੂਕਾ ਆਵਣੁ ਜਾਣੁ ॥੨॥ ਪੰਨਾ 648

ਹੇ ਨਾਨਕ! ਜੋ ਮਨੁੱਖ ਆਪਣੇ ਸਤਿਗੁਰੂ ਦੀ ਦੱਸੀ ਕਾਰ ਕਰਦੇ ਹਨ ਉਹ ਮਨੁੱਖ ਸੱਚੇ ਤੇ ਕਬੂਲ ਹਨ; ਉਹ ਹਰੀ ਦੇ ਨਾਮ ਵਿਚ ਲੀਨ ਰਹਿੰਦੇ ਹਨ ਤੇ ਉਹਨਾਂ ਦਾ ਜੰਮਣਾ ਮਰਣਾ ਮੁੱਕ ਜਾਂਦਾ ਹੈ।

# ਕੈਨੇਡਾ ਤੇ ਆਸਟ੍ਰੇਲੀਆ ਦੇ ਗੁਰਦੁਆਰਿਆਂ ਨੇ ਪ੍ਰਵਾਸੀ ਵਿਦਿਆਰਥੀਆਂ ਲਈ ਸ਼ੁਰੂ ਕੀਤੀ ਮੁ.ਫਤ ਲੰਗਰ ਟਿ.ਫਨ ਸੇਵਾ

**ਜਲੰਧਰ**-ਕੈਨੇਡਾ ਤੇ ਆਸਟ੍ਰੇਲੀਆ ਜਿਹੇ ਦੇਸ਼ਾਂ ਵਿਚ ਸਥਿਤ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕੀ ਕਮੇਟੀਆਂ ਨੇ ਭਾਰਤੀ ਮੂਲ ਦੇ ਵਿਦਿਆਰਥੀਆਂ ਨੂੰ ਪੈਕ ਕੀਤੀ ਮੁਫ਼ਤ ਲੰਗਰ ਸੇਵਾ ਸ਼ੁਰੂ ਕਰ ਦਿੱਤੀ ਹੈ। ਇਹ ਸੇਵਾ ਕੈਨੇਡੀਅਨ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ (ਜਿੱਥੇ ਵੱਡੀ ਗਿਣਤੀ ਵਿਚ ਪ੍ਰਵਾਸੀ ਪੰਜਾਬੀ ਰਹਿ ਰਹੇ ਹਨ) ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵੱਲੋਂ ਬੀਤੇ ਅਕਤੂਬਰ ਮਹੀਨੇ ਤੋਂ ਸ਼ੁਰੂ ਕੀਤੀ ਗਈ ਹੈ। ਇਸ ਸੇਵਾ ਦਾ ਲਾਭ ਸਾਰੇ ਧਰਮਾਂ ਦੇ ਵਿਦਿਆਰਥੀਆਂ ਨੂੰ ਮਿਲ ਰਿਹਾ ਹੈ। ਗੁਰੂ-ਘਰ ਦੇ ਲੰਗਰ ਹਾਲ ਵਿਚ ਖਾਣੇ ਦੇ ਪੈਕੇਟ (ਟਿਫ਼ਨ) ਤਿਆਰ ਕਰਨ ਦਾ ਖ਼ਾਸ ਇੰਤਜ਼ਾਮ ਕੀਤੇ ਗਏ ਹਨ। ਇੱਥੋਂ ਵਿਦਿਆਰਥੀ ਆਪਣੇ ਘਰ, ਸਕੂਲ/ ਕਾਲਜ ਜਾਂ ਕੰਮ-ਕਾਜ ਵਾਲੀ ਥਾਂ ਆਸਾਨੀ ਨਾਲ ਲਿਜਾ ਰਹੇ ਹਨ। ਸਰੀ ਦੇ ਗੁਰੂ ਘਰ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਨੇ ਦੱਸਿਆ ਕਿ ਹੋਰਨਾਂ ਦੇਸ਼ਾਂ ਤੋਂ ਉਚੇਰੀ ਸਿੱਖਿਆ ਹਾਸਲ ਕਰਨ ਲਈ ਸਰੀ ਪੁੱਜੇ ਵਿਦਿਆਰਥੀ ਇਸ ਲੰਗਰ ਸੇਵਾ ਦਾ ਲਾਹਾ ਲੈ ਰਹੇ ਹਨ। ਗੁਰੂ-ਘਰ ਵਿਚ ਪੁੱਜ ਕੇ ਇਸ ਸੇਵਾ ਦਾ ਲਾਭ ਉਠਾਉਣ ਵਾਲੇ ਜ਼ਿਆਦਾਤਰ ਵਿਦਿਆਰਥੀ ਪੰਜਾਬ ਤੋਂ ਹਨ। ਸ੍ਰੀ ਨਿੱਝਰ ਨੇ ਕਿਹਾ ਕਿ ਬਹੁਤੇ ਪ੍ਰਵਾਸੀ ਵਿਦਿਆਰਥੀਆਂ ਨੂੰ ਰੋਟੀ ਬਣਾਉਣੀ ਨਹੀਂ ਆਉਂਦੀ ਹੁੰਦੀ। ਪੀਜ਼ਾ ਤੇ ਬਰਗਰ ਉਨ੍ਹਾਂ ਲਈ ਬਹੁਤ ਮਹਿੰਗੇ ਪੈਂਦੇ ਹਨ। ਦੂਜੇ ਉਨ੍ਹਾਂ ਕੋਲ ਬਹੁਤ ਵਾਰ ਖਾਣਾ ਤਿਆਰ ਕਰਨ ਲਈ ਸਮਾਂ ਵੀ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਨੂੰ ਕਲਾਸਾਂ ਲਾਉਣ ਲਈ ਕਾਫ਼ੀ ਦੂਰ ਜਾਣਾ ਪੈਂਦਾ ਹੈ। ਉਨ੍ਹਾਂ ਦੇ ਕੰਮ-ਕਾਜੀ ਦਫ਼ਤਰ ਬਹੁਤ ਦੂਰ-ਦੂਰ ਹੁੰਦੇ ਹਨ। ਕਈ ਵਾਰ ਤਾਂ ਬਹੁਤੇ ਵਿਦਿਆਰਥੀਆਂ ਨੂੰ ਭੁੱਖੇ ਢਿੱਡ ਹੀ ਸੌਣਾ ਪੈਂਦਾ ਹੈ। ਇਸੇ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਦਿਆਰਥੀਆਂ ਲਈ ਲੰਗਰ ਸੇਵਾ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਸੀ।



ਉਨ੍ਹਾਂ ਦੱਸਿਆ ਕਿ ਗੁਰੂਘਰ ਦਾ ਲੰਗਰ ਹਾਲ 24 ਘੰਟੇ ਖੁੱਲ੍ਹਾ ਰਹਿੰਦਾ ਹੈ। ਵਿਦਿਆਰਥੀ ਜਦੋਂ ਵੀ ਆਪਣੇ ਦਫ਼ਤਰਾਂ ਤੋਂ ਦੇਰ ਰਾਤ ਨੂੰ ਘਰ ਪਰਤਦੇ ਹਨ, ਉਹ ਗੁਰੂ-ਘਰ ਵਿਚ ਆ ਕੇ ਖਾਣੇ ਦੇ ਪੈਕੇਟ ਆਪਣੇ ਘਰਾਂ ਨੂੰ ਲੈ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇੱਕ ਦਿਨ ਵਿੱਚ ਖਾਣੇ ਦੇ ਹਾਲੇ 100 ਕੁ ਪੈਕੇਟ ਲੱਗ ਰਹੇ ਹਨ।

ਪੰਜਾਬ ਵਿਚ ਆਏ ਕੈਨੇਡਾ ਦੇ ਉੱਘੇ ਪੱਤਰਕਾਰ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਜਦੋਂ ਸੰਗਤ ਨੂੰ ਵਿਦਿਆਰਥੀਆਂ ਲਈ ਸ਼ੁਰੂ ਕੀਤੀ ਇਸ ਸੇਵਾ ਦਾ ਪਤਾ ਲੱਗਾ, ਤਦ ਤੋਂ ਉਨ੍ਹਾਂ ਨੇ ਦਾਨ ਦੀਆਂ ਰਕਮਾਂ ਵੀ ਵਧਾ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਕੈਨੇਡਾ ਦੇ ਕਈ ਹੋਰ ਗੁਰੂ ਘਰਾਂ ਵੱਲੋਂ ਵੀ ਅਜਿਹੀ ਸੇਵਾ ਸ਼ੁਰੂ ਕੀਤੇ ਜਾਣ ਦੀ ਯੋਜਨਾ ਉਲੀਕੀ ਜਾ ਰਹੀ ਹੈ। ਉੱਧਰ ਆਸਟ੍ਰੇਲੀਆ ਵਿਚ ਵੀ ਵਿਦਿਆਰਥੀਆਂ ਲਈ ਅਜਿਹੀ ਸੇਵਾ ਮੈਲਬੌਰਨ ਦੇ ਪਲੰਪਟਨ ਸਥਿਤ ਗੁਰਦੁਆਰਾ ਦਲ ਬਾਬਾ ਬਿਧੀ ਚੰਦ ਜੀ ਖ਼ਾਲਸਾ ਸ਼ਾਉਨੀ ਵਿਖੇ ਬੀਤੇ ਐਤਵਾਰ ਤੋਂ ਸ਼ੁਰੂ ਕਰ ਦਿੱਤੀ ਗਈ ਹੈ। ਇਹ ਸ਼ੁਰੂਆਤ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੇ ਸ਼ਹੀਦੀ ਦਿਵਸ ਮੌਕੇ ਕੀਤੀ ਗਈ ਹੈ। ਪਲੰਪਟਨ ਗੁਰਦੁਆਰਾ ਦੇ ਪ੍ਰਤੀਨਿਧ ਸ੍ਰੀ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਸੰਗਤ ਦੇ ਸਹਿਯੋਗ ਨਾਲ ਪ੍ਰਵਾਸੀ ਵਿਦਿਆਰਥੀਆਂ ਲਈ ਲੰਗਰ ਦੀ ਸੇਵਾ ਸ਼ੁਰੂ ਕੀਤੀ ਗਈ ਹੈ।

# ਕੈਪਟਨ ਸਰਕਾਰ ਦੇ ਉਹ ਲੀਡਰ ਜੋ ਰਹੇ ਵਿਵਾਦਾਂ ਵਿਚ

**ਅੰਕੁਰ ਤਾਂਗੜੀ**, ਚੰਡੀਗੜ੍ਹ, 9780216988

2019 ਸਾਲ ਖਤਮ ਹੋ ਗਿਆ ਹੈ। ਪੰਜਾਬ ਵਿੱਚ ਕਾਂਗਰਸ ਸਰਕਾਰ ਨੂੰ ਵੀ ਬਣੇ ਲਗਭਗ ਤਿੰਨ ਸਾਲ ਹੋ ਗਏ ਹਨ। ਪੰਜਾਬ ਕਾਂਗਰਸ ਸਰਕਾਰ ਭਾਵੇਂ ਆਪਣੇ ਲੰਘੇ ਤਿੰਨ ਸਾਲਾਂ ਦੀਆਂ ਉਪਲਭਧੀਆਂ ਗਣਵਾ ਰਹੀ ਹੈ ਪਰ ਤਿੰਨ ਸਾਲ ਵਿੱਚ ਅਕਾਲੀ-ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਲੀਡਰਾਂ ਨੇ ਕਾਂਗਰਸ ਸਰਕਾਰ ਦੇ ਵਜ਼ੀਰਾਂ ਅਤੇ ਸੀਨੀਅਰ ਲੀਡਰਾਂ 'ਤੇ ਜਮ ਕੇ ਦੋਸ਼ ਲਗਾਏ ਅਤੇ ਇਹ ਕਾਂਗਰਸੀ ਲੀਡਰ ਅਤੇ ਵਜ਼ੀਰ ਅਖ਼ਬਾਰਾਂ ਅਤੇ ਚੈਨਲਾਂ ਦੀ ਮੁੱਖ ਸੁਰਖੀਆਂ ਬਣੇ ਰਹੇ। ਕਾਂਗਰਸ ਦੇ ਕਿਹੜੇ ਕਿਹੜੇ ਮੰਤਰੀ ਅਖਬਾਰਾਂ ਦੀਆਂ ਸੁਰਖੀਆਂ ਬਣੇ ਰਹੇ ਆਓ ਜਾਣਦੇ ਹਾਂ...

ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਦਾ ਪਹਿਲਾ ਵਿਵਾਦ ਸੀ ਡੀਐੱਸਪੀ ਬਲਵਿੰਦਰ ਸਿੰਘ ਸੇਖੋਂ ਨਾਲ.. ਇਸ ਵਿਵਾਦ ਵਿੱਚ ਡੀਐੱਸਪੀ ਸਸਪੈਂਡ ਹੋਏ। ਜਿਸ ਤੋਂ ਬਾਅਦ ਡੀਐੱਸਪੀ ਨੇ ਹਾਈਕੋਰਟ ਦੀ ਸ਼ਰਨ ਲਈ ਜਿਸ ਵਿੱਚ ਉਨਾਂ ਕਿਹਾ ਕਿ ਮੈਨੂੰ ਮੰਤਰੀ ਤੋਂ



ਜਾਨ ਤੋਂ ਖ਼ਤਰਾ ਹੈ ਇੱਕ ਹੋਰ ਵਿਵਾਦ ਵਿੱਚ ਮੰਤਰੀ ਆਸ਼ੂ ਦਾ ਨਾਮ ਆਉਂਦਾ ਹੈ ਜਿਸ ਵਿੱਚ ਸ਼ਰੇਆਮ ਉਨਾਂ ਨੇ ਜ਼ਿਲਾ ਸਿੱਖਿਆ ਅਧਿਕਾਰੀ ਨੂੰ ਇੱਕ ਪ੍ਰੋਗਰਾਮ ਵਿੱਚ ਲੇਟ ਆਉਣ 'ਤੇ ਝਿੜਕ ਦਿੱਤਾ ਸੀ। ਜਿਸ ਕਾਰਨ ਮੰਤਰੀ ਆਸ਼ੂ ਕਾਫੀ ਵਿਵਾਦਾਂ ਵਿੱਚ ਰਹੇ।

ਇਸ ਤੋਂ ਬਾਅਦ ਗੱਲ ਕਰਦੇ ਹਾਂ ਕੈਬਨਿਟ ਮੰਤਰੀ ਚਰਨਜੀਤ ਚੰਨੀ ਜੋ ਮਹਿਲਾ ਅਫਸਰ ਨੂੰ ਗਲਤ ਮੈਸੇਜ ਭੇਜਣ ਕਾਰਨ ਵਿਵਾਦਾਂ ਵਿੱਚ ਫਸ ਗਏ ਸਨ ਜਿਸ ਤੋਂ ਬਾਅਦ ਉਹ ਕਾਫੀ ਵਿਵਾਦਾਂ ਵਿੱਚ ਰਹੇ ਤੇ ਵਿਰੋਧੀ ਪਾਰਟੀਆਂ ਨੇ ਉਨਾਂ ਨੂੰ ਬਰਖਾਸਤ ਕਰਨ ਦੀ ਮੰਗ ਕਰ ਦਿੱਤੀ। ਵਿਵਾਦਾਂ ਵਿੱਚ ਸੀਨੀਅਰ ਕਾਂਗਰਸੀ ਲੀਡਰ ਰਾਣਾ ਗੁਰਜੀਤ ਦਾ ਵੀ ਨਾਮ ਵੀ ਸਭ ਤੋਂ ਪਹਿਲਾਂ ਆਇਆ ਸੀ ਜੋ ਕਿ ਐਮਐਲਏ ਸੁਖਪਾਲ ਖਹਿਰਾ ਦੇ ਨਿਸ਼ਾਨੇ 'ਤੇ ਕਾਫੀ ਦੇਰ ਰਹੇ ਜਿਸ ਤੋਂ ਬਾਅਦ ਉਨਾਂ ਨੂੰ ਕੈਬਨਿਟ ਮੰਤਰੀ ਤੋਂ ਅਸਤੀਫ਼ਾ ਦੇਣਾ ਪਿਆ।

ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੀ ਕਾਫੀ ਵਿਵਾਦਾਂ ਵਿੱਚ ਰਹੇ ਪਹਿਲਾਂ ਪਾਕਿਸਤਾਨ ਦੌਰੇ 'ਤੇ ਗਏ ਨਵਜੋਤ ਸਿੰਘ ਸਿੱਧੂ ਨੇ ਜਦੋਂ ਪਾਕਿਸਤਾਨ ਸੈਨਾ ਮੁਖੀ ਬਾਜਵਾ ਨਾਲ ਜੱਫੀ ਪਾਈ ਤਾਂ ਉਹ ਵਿਵਾਦਾਂ ਵਿੱਚ ਘਿਰ ਗਏ। ਇਸ ਤੋਂ ਇਲਾਵਾ ਉਨਾਂ ਦਾ ਜਦੋਂ ਵਿਭਾਗ ਬਦਲਿਆ ਗਿਆ ਤਾਂ ਸਿੱਧੂ ਸੁਰਖੀਆਂ ਵਿੱਚ ਆਏ। ਪਿਛਲੇ ਦਿਨੀਂ ਉਹ ਇੱਕ ਹੋਰ ਵਿਵਾਦ ਵਿੱਚ ਆ ਗਏ, ਖ਼ਬਰ ਆਈ ਕਿ ਸਿੱਧੂ ਵੱਲੋਂ ਦੱਸਿਆ ਗਿਆ ਕਿ ਪਾਕਿਸਤਾਨ ਵੱਲੋਂ ਪ੍ਰਧਾਨ ਮੰਤਰੀ ਸਹੁੰ ਚੁੱਕ ਸਮਾਗਮ ਉਨਾਂ ਦਾ ਨਿੱਜੀ ਦੌਰਾ ਸੀ ਪਰ ਆਰਟੀਆਈ ਦੇ ਖੁਲਾਸੇ ਵਿਚ ਇਹ ਸਾਹਮਣੇ ਆਇਆ ਹੈ ਕਿ ਇਹ ਦੌਰਾ ਉਨਾਂ ਦਾ ਨਿੱਜੀ ਸੀ ਇਹ ਦੌਰਾ ਉਨਾਂ ਨੇ ਸਰਕਾਰੀ ਦੌਰੇ ਵਿੱਚ ਕਲੇਮ ਕੀਤਾ ਹੈ।

ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੌਤ ਦੀ ਗੱਲ ਕੀਤੀ ਜਾਵੇ ਤਾਂ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਨੇ ਦਲਿਤ ਵਿਦਿਆਰਥੀਆਂ ਦੇ ਵਜੀਫਾ ਘੋਟਾਲੇ ਲਈ ਪੰਜਾਬ ਦੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਤੇ ਅਸਤੀਫੇ ਦੀ ਮੰਗ ਕੀਤੀ। ਸਿੱਖਿਆ ਮੰਤਰੀ ਵਿਜੇ ਇੰਦਰ ਸਿੰਗਲਾ ਵੀ ਅਧਿਆਪਕਾਂ ਦੇ ਵਿਰੁੱਧ ਇੱਕ ਭੱਦੀ ਸ਼ਬਦਾਵਲੀ ਕਾਰਨ ਵਿਵਾਦਾਂ ਵਿੱਚ ਆ ਚੁੱਕੇ ਹਨ।

ਕੈਬਨਿਟ ਮੰਤਰੀ ਸੁੱਖੀ ਰੰਧਾਵਾ ਅਕਾਲੀ ਦਲ ਦੇ ਹਮੇਸ਼ਾ ਨਿਸ਼ਾਨੇ 'ਤੇ ਰਹੇ ਪਿਛਲੇ ਦਿਨੀਂ ਉਨਾਂ ਤੇ ਗੈਂਗਸਟਰਾਂ ਨਾਲ ਸਬੰਧ ਕਾਰਨ ਉਹ ਸੁਰਖੀਆਂ ਵਿੱਚ ਰਹੇ, ਇਸ ਤੋਂ ਬਾਅਦ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਵਾਇਰਲ ਵੀਡੀਓ ਕਾਰਨ ਸੁਰੱਖਿਆ ਵਿੱਚ ਰਹੇ ਪਰ ਮੰਤਰੀ ਜੀ ਨੇ ਦੋਨੋਂ ਦੋਸ਼ਾਂ ਨੂੰ ਨਕਾਰ ਦਿੱਤਾ। ਪੰਜਾਬ ਦੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਕੋਠੀ 'ਚ 27 ਏ.ਸੀ. ਲੱਗਣ ਦੇ ਮਾਮਲੇ ਚ ਮਨਪ੍ਰੀਤ ਵਿਵਾਦਾਂ ਵਿਚ ਆਏ।

ਇਸ ਸਾਲ ਦੇ ਆਖ਼ਰ ਮਹੀਨੇ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਦੇ ਵਿਰੁੱਧ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਇੱਕ ਪਿੰਡ ਦੀ ਜ਼ਮੀਨ ਦੀ ਵਰਤੋਂ ਵਿੱਚ ਤਬਦੀਲੀ ਕਰਵਾ ਕੇ ਛੋਟੇ ਭਰਾ ਦੀ ਕੰਪਨੀ ਨੂੰ ਲਾਭ ਪਹੁੰਚਾਉਣ ਦਾ ਦੋਸ਼ ਲਗਾ ਦਿੱਤਾ। ਜਿਸ ਤੋਂ ਬਾਅਦ ਸੁਖਬੀਰ ਬਾਦਲ ਨੇ ਇਸ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਾਉਣ ਦੀ ਮੰਗ ਕੀਤੀ ਇਸ ਸਬੰਧ ਵਿੱਚ ਸਿੱਧੂ ਨੇ ਆਪਣੇ ਤੇ ਲੱਗੇ ਸਾਰੇ ਦੋਸ਼ ਨਕਾਰ ਦਿੱਤੇ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਦੇ ਚਹੇਤੇ ਅਤੇ ਸਲਾਹਕਾਰ ਅਮਰਿੰਦਰ ਸਿੰਘ ਰਾਜਾ ਵੜਿੰਗ 'ਖੰਘ ਵਾਲੀ ਦਵਾਈ' (ਸ਼ਰਾਬ) ਦਾ ਸੱਦਾ ਦੇ ਕੇ ਵਿਵਾਦਾਂ ਵਿੱਚ ਘਿਰੇ, ਫਿਰ ਹਨੂਮਾਨ ਚਾਲੀਸਾ ਦੀਆਂ ਕੁਝ ਸ਼ਰਤਾਂ ਗਲਤ ਲਿਖ ਕੇ ਉਹ ਵਿਵਾਦਾਂ ਵਿੱਚ ਰਹੇ, ਇਸ ਤੋਂ ਇਲਾਵਾ ਰਾਜਾ ਵੜਿੰਗ ਆਮ ਆਦਮੀ ਪਾਰਟੀ ਦੇ ਵਲੰਟੀਅਰ ਨੂੰ 50 ਹਜ਼ਾਰ ਰੁਪਏ ਦੇਣ ਦੇ ਦੋਸ਼ ਵਿੱਚ ਵਿਵਾਦਾਂ ਵਿੱਚ ਰਹੇ। ਇੱਕ ਹੋਰ ਬਿਆਨ ਜਿਸ ਵਿਚ ਉਨਾਂ ਨੇ ਕਿਹਾ ਸੀ ਕਿ ਜੇਕਰ ਤੁਹਾਡੇ ਬੱਚੇ ਪੜ ਗਏ ਤਾਂ ਸਾਨੂੰ ਵੋਟਾਂ ਕਿਸ ਨੇ ਪਾਉਣੀਆਂ ਤੋਂ ਬਾਅਦ ਉਹ ਵਿਵਾਦਾਂ ਵਿੱਚ ਰਹੇ।

ਵਿਵਾਦਾਂ ਦੀ ਗੱਲ ਕਰੀਏ ਤਾਂ ਐਮਐਲਏ ਦਵਿੰਦਰ ਸਿੰਘ ਘੁਬਾਇਆ ਨੂੰ ਅਸੀਂ ਕਿਵੇਂ ਭੁੱਲ ਸਕਦੇ ਹਾਂ। ਉਨਾਂ ਦਾ ਵਿਵਾਦ ਉਦੋਂ ਹੋਇਆ ਜਦੋਂ ਉਨਾਂ ਅਤੇ ਮਹਿਲਾ ਐਸਐਚਓ ਦੀ ਵੀਡੀਓ ਕਾਫੀ ਵਾਇਰਲ ਹੋਈ ਜਿਸ ਵਿੱਚ ਘੁਬਾਇਆ ਨੇ ਮਹਿਲਾ ਐਸਐਚਓ ਨੂੰ ਕਿਹਾ ਸੀ ਕਿ 'ਤੂੰ ਐੱਸਐੱਚਓ ਲੱਗੀ ਐਂ ਕੋਈ ਰੱਬ ਤਾਂ ਨਹੀਂ ਲੱਗ ਗਈ। ਇਸ ਤੋਂ ਇਲਾਵਾ ਘੁਬਾਇਆ ਆਪਣੀ ਉਮਰ ਨੂੰ ਲੈ ਕੇ ਵੀ ਵਿਵਾਦਾਂ ਵਿੱਚ ਰਹੇ।

ਐਮਐਲਏ ਕੁਲਬੀਰ ਸਿੰਘ ਜ਼ੀਰਾ ਨੇ ਜਦੋਂ ਆਪਣੀ ਹੀ ਸਰਕਾਰ ਤੇ ਸਵਾਲ ਚੁੱਕੇ ਸਨ ਉਹ ਵਿਵਾਦਾਂ ਵਿੱਚ ਆ ਗਏ ਸਨ ਉਨਾਂ ਨੂੰ ਪਾਰਟੀ ਨੇ ਨੋਟਿਸ ਵੀ ਜਾਰੀ ਕੀਤਾ ਸੀ ਇਸ ਤੋਂ ਇਲਾਵਾ ਸੁਖਬੀਰ ਬਾਦਲ ਵੱਲੋਂ ਉਨਾਂ ਨੂੰ ਨਸ਼ਾ ਸਮੱਗਲਰ ਕਿਹਾ ਗਿਆ ਪਰ ਸੁਖਬੀਰ ਵੱਲੋਂ ਲਗਾਏ ਇਸ ਦੋਸ਼ ਨੂੰ ਉਨਾਂ ਨੇ ਨਕਾਰ ਦਿੱਤਾ।

ਇੱਥੇ ਇਹ ਵੀ ਲਿਖਣਾ ਗਲਤ ਨਹੀਂ ਹੋਵੇਗਾ ਕਿ ਪੰਜਾਬ ਸਰਕਾਰ ਦੇ ਕਈ ਹੋਰ ਸੀਨੀਅਰ ਲੀਡਰਾਂ ਨੇ ਵੀ ਆਪਣੀ ਹੀ ਸਰਕਾਰ ਖਿਲਾਫ ਮੋਰਚਾ ਖੋਲ ਦਿੱਤਾ ਸੀ ਜਿਸ ਵਜਾ ਨਾਲ ਉਹ ਵਿਵਾਦਾਂ ਵਿੱਚ ਰਹੇ ਸਨ।

# "ਹਿੰਦੂਤਵੀ ਤਾਕਤਾਂ ਨੇ ਹਮੇਸ਼ਾਂ ਸਿੱਖਾਂ ਨਾਲ ਧੱਕਾ ਕੀਤਾ"

## ਫਤਹਿਗੜ੍ਹ ਸਾਹਿਬ ਦਾ ਸ਼ਹੀਦੀ ਜੋੜ ਮੇਲਾ ਤੇ ਜਜ਼ਬਿਆਂ ਅਤੇ ਦਲੀਲਾਂ ਨਾਲ ਭਰਪੂਰ ਸੀ ਸਿਮਰਨਜੀਤ ਸਿੰਘ ਮਾਨ ਦੀ ਤਕਰੀਰ

**ਕਰਮਜੀਤ ਸਿੰਘ ਚੰਡੀਗੜ੍ਹ**




ਜੋੜ ਮੇਲੇ ਤੇ ਅਕਾਲੀ ਦਲ (ਅੰਮ੍ਰਿਤਸਰ) ਨੂੰ ਛੱਡ ਕੇ ਕਿਸੇ ਵੀ ਰਾਜਸੀ ਪਾਰਟੀ ਨੇ ਪਹਿਲਾਂ ਵਾਂਗ ਕੋਈ ਕਾਨਫਰੰਸ ਨਹੀਂ ਕੀਤੀ। ਰੇਲਵੇ ਫਾਟਕ ਦੇ ਨੇੜੇ ਹੋਈ ਇਸ ਕਾਨਫਰੰਸ ਵਿੱਚ ਦਲ ਖ਼ਾਲਸਾ ਦੀ ਚੋਟੀ ਦੀ ਲੀਡਰਸ਼ਿਪ ਵੀ ਸ਼ਾਮਿਲ ਸੀ। ਕਾਨਫਰੰਸ ਵਿੱਚ ਤਿੰਨ ਤਕਰੀਰਾਂ ਵਰਨਣਯੋਗ ਸਨ। ਇਹ ਤਕਰੀਰਾਂ ਕਰਨ ਵਾਲੇ ਸਨ, ਦਲ ਖਾਲਸਾ ਦੇ ਤਰਜਮਾਨ ਤੇ ਜਨਰਲ ਸਕੱਤਰ ਕੰਵਰਪਾਲ ਸਿੰਘ, ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਤੇ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ। ਤਿੰਨੇ ਭਾਸ਼ਣ ਇਸ ਕਰਕੇ ਅਹਿਮ ਸਨ ਕਿਉਂਕਿ ਉਨ੍ਹਾਂ ਸਭਨਾਂ ਨੇ ਆਪਣੀਆਂ ਰਾਜਨੀਤਕ ਗੱਲਾਂ ਨੂੰ ਸ਼ਹੀਦੀ ਜੋੜ ਮੇਲੇ ਦੇ ਉਦੇਸ਼ਾਂ ਨਾਲ ਲਗਾਤਾਰ ਜੋੜ ਕੇ ਵੇਖਿਆ, ਜਦ ਕਿ ਪਿਛਲੇ ਕੁਝ ਸਾਲਾਂ ਤੋਂ ਮੈਂ ਇਹ ਵੇਖਦਾ ਰਿਹਾ ਹਾਂ ਕਿ ਇੱਥੋਂ ਤੱਕ ਕਿ ਅਕਾਲੀ ਦਲ ਬਾਦਲ ਦੀ ਸਟੇਜ ਉੱਤੇ ਵੀ ਸਾਹਿਬਜ਼ਾਦਿਆਂ ਦਾ ਰਸਮੀ ਜਿਹਾ ਜ਼ਿਕਰ ਕਰਕੇ ਸਾਰੇ ਆਗੂ ਚਲੰਤ ਰਾਜਨੀਤਿਕ ਮਾਮਲਿਆਂ ਤੇ ਹੀ ਆਪਣੀ ਸਾਰੀ ਤਾਕਤ ਖਰਚ ਕਰ ਦਿੰਦੇ ਸਨ। ਪਰ 28 ਦਸੰਬਰ ਨੂੰ ਅਕਾਲੀ ਦਲ ਅੰਮ੍ਰਿਤਸਰ ਦੀ ਕਾਨਫ਼ਰੰਸ ਵਿੱਚ ਇਉਂ ਨਹੀਂ ਸੀ।

ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਰੋਜ਼ਾ ਸ਼ਰੀਫ਼ ਸਾਹਮਣੇ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਮੀਰੀ-ਪੀਰੀ ਸਮਾਗਮ ਦੌਰਾਨ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦਿੰਦਿਆਂ ਕੇਂਦਰ ਸਰਕਾਰ ਉਪਰ ਸ਼ਬਦੀ ਬਾਣ ਚਲਾਏ। ਮਾਨ ਨੇ ਕਿਹਾ ਕਿ ਹਿੰਦੂਤਵੀ ਤਾਕਤਾਂ ਹਰ ਖੇਤਰ ਵਿਚ ਸਿੱਖ ਕੌਮ, ਘੱਟ ਗਿਣਤੀ ਕੌਮਾਂ ਤੇ ਪੰਜਾਬ ਸੂਬੇ ਨਾਲ ਵਿਤਕਰੇ ਤੇ ਬੇਇਨਸਾਫ਼ੀਆਂ ਕਰਦੇ ਆ ਰਹੇ ਹਨ ਜਿਸ ਦਾ ਮੁੱਖ ਕਾਰਨ ਸਿੱਖ ਸਮਾਜ ਵੱਲੋਂ ਨਾਸਮਝੀ ਕਾਰਨ ਹਿੰਦੂਵਾਦੀ ਪਾਰਟੀਆਂ ਜਿਨ੍ਹਾਂ ਵਿਚ ਬਾਦਲ ਦਲ ਵੀ ਸ਼ਾਮਲ ਹੈ, ਨੂੰ ਵੋਟਾਂ ਦੀ ਤਾਕਤ ਬਖ਼ਸ਼ ਕੇ ਸੱਤਾ ਵਿਚ ਲਿਆਉਣਾ ਹੈ। ਉਨ੍ਹਾਂ ਕਿਹਾ ਕਿ 25-25 ਸਾਲਾਂ ਤੋਂ ਬੰਦੀ ਬਣਾਏ ਗਏ ਸਿੱਖ ਨੌਜਵਾਨਾਂ ਨੂੰ ਵਾਅਦੇ ਕਰਕੇ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ, ਸਿੱਖਾਂ ਦੇ ਗੁਰੂਘਰਾਂ ਤੇ ਮੁਸਲਮਾਨਾਂ ਦੀਆਂ ਮਸਜਿਦਾਂ ਢਾਹੀਆਂ ਜਾ ਰਹੀਆਂ ਹਨ। ਕੇਂਦਰ ਸਰਕਾਰ ਐਨਆਰਸੀ ਤੇ ਸੀਏਏ ਵਰਗੇ ਕਾਲੇ ਕਾਨੂੰਨ ਬਣਾ ਕੇ ਸਿੱਖ ਕੌਮ ਤੇ ਘੱਟ ਗਿਣਤੀਆਂ ਨੂੰ ਗ਼ੁਲਾਮ ਬਣਾਉਣ ਦੇ ਮਨਸੂਬਿਆਂ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਅਤੇ ਪੰਥ ਪ੍ਰਸਤ ਪਾਰਟੀਆਂ ਨੂੰ ਆਪਣੇ ਵਖਰੇਵਿਆਂ ਨੂੰ ਪਾਸੇ ਰੱਖ ਕੇ ਸਿੱਖ ਕੌਮ ਦੀ ਸੰਪੂਰਨ ਆਜ਼ਾਦੀ ਲਈ ਬਫ਼ਰ ਸਟੇਟ ਖਾਲਿਸਤਾਨ ਦੀ ਮੰਗ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਿੰਦੂਤਵ ਆਗੂਆਂ ਦੀਆਂ ਸਾਜ਼ਿਸ਼ਾਂ ਤਹਿਤ ਤੇ ਨਵੀਂ ਦਿੱਖ ਦੇਣ ਦੇ ਨਾਂ 'ਤੇ ਗੁਰੂਘਰਾਂ ਨਾਲ ਸਬੰਧਿਤ ਇਤਿਹਾਸਿਕ ਯਾਦਗਾਰਾਂ ਖ਼ਤਮ ਕਰਵਾਈਆਂ ਜਾ ਰਹੀਆਂ ਹਨ। ਦਰਬਾਰ ਸਾਹਿਬ, ਤਰਨਤਾਰਨ ਦੀ ਦਰਸ਼ਨੀ ਡਿਓੜੀ ਵੀ ਇਸੇ ਸਾਜ਼ਿਸ਼ ਤਹਿਤ ਕਾਰ-ਸੇਵਾ ਵਾਲਿਆਂ ਰਾਹੀਂ ਢਹਿ-ਢੇਰੀ ਕਰਵਾਈ ਗਈ, ਸੁਲਤਾਨਪੁਰ ਲੋਧੀ ਵਿਖੇ ਬੇਬੇ ਨਾਨਕੀ ਨਾਲ ਸਬੰਧਿਤ ਇਤਿਹਾਸਕ ਚੁੱਲਾ ਅਤੇ ਹੋਰ ਯਾਦਗਾਰਾਂ ਖ਼ਤਮ ਕਰ ਦਿੱਤੀਆਂ ਗਈਆਂ ਹਨ। ਮਾਨ ਖਾਲਸਤਾਨ ਨੂੰ ਜਨਤਾ ਦਾ ਹਿੱਸਾ ਬਣਾਉਣ ਲਈ "ਨਵਾਬੀ" ਤੇ "ਬਾਦਸ਼ਾਹੀ" ਵਿੱਚ ਫਰਕ ਦੱਸਦੇ ਹੋਏ ਜਿੱਥੇ ਇੱਕ ਪਾਸੇ ਵਰਤਮਾਨ ਸਿੱਖ ਲੀਡਰਾਂ ਦਾ ਕੇਵਲ ਵਜ਼ੀਰੀਆਂ ਉੱਤੇ ਹੀ ਟਿਕੇ ਰਹਿਣ ਦੇ ਲਾਲਚਾਂ ਦਾ ਮਜ਼ਾਕ ਉਡਾ ਰਹੇ ਸਨ, ਉੱਥੇ ਦੂਜੇ ਪਾਸੇ "ਬਾਦਸ਼ਾਹੀ" ਦੀ ਮੰਜ਼ਲ ਵੀ ਚੇਤੇ ਕਰਵਾ ਰਹੇ ਸਨ ਜੋ ਸਿੱਖ ਹੁਣ ਭੁੱਲ ਚੁੱਕੇ ਸਨ। ਤਕਰੀਰ ਦੇ ਅਖੀਰ ਤੇ ਖਾਲਿਸਤਾਨ ਦੇ ਨਾਅਰੇ ਲਗਾਉਂਦਿਆਂ ਜਦੋਂ ਉਨ੍ਹਾਂ ਕਿਹਾ ਕਿ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਉਨ੍ਹਾਂ ਨੂੰ ਖਾਲਿਸਤਾਨ ਬਖਸ਼ ਦੇਣਗੇ ਤਾਂ ਇਸ ਵਾਕ ਵਿੱਚ ਉਨ੍ਹਾਂ ਨੇ ਕੁਝ ਪਲਾਂ ਲਈ ਖਾਲਿਸਤਾਨ ਦੀ ਮੰਜ਼ਿਲ ਤੇ ਸਾਹਿਬਜਾਦਿਆਂ ਦੀ ਮੰਜ਼ਿਲ ਵਿੱਚ ਗੂੜ੍ਹੀਆਂ ਸਾਂਝਾਂ ਦਾ ਇੱਕ ਜਜ਼ਬਾਤੀ ਮਾਹੌਲ ਪੈਦਾ ਕਰ ਦਿੱਤਾ। ਇਸ ਤਕਰੀਰ ਵਿੱਚ ਆਪਣੀ ਹੀ ਕਿਸਮ ਦਾ ਉਤਸ਼ਾਹ ਸੀ, ਪ੍ਰੇਰਨਾ ਸੀ। ਇੱਕ ਤਰ੍ਹਾਂ ਨਾਲ ਇਹ ਭਾਸ਼ਣ ਮੀਰੀ -ਪੀਰੀ ਦਾ ਹੀ ਪ੍ਰਤੀਕ ਬਣ ਗਿਆ ਸੀ ਕਿਉਂਕਿ ਇਸ ਕਾਨਫਰੰਸ ਦਾ ਨਾਂ ਵੀ ਮੀਰੀ- ਪੀਰੀ ਸੰਮੇਲਨ ਰੱਖਿਆ ਗਿਆ ਸੀ। ਪਰ ਲੋਕ ਵੱਡੀ ਗਿਣਤੀ ਵਿੱਚ ਸ਼ਾਮਲ ਕਿਉਂ ਨਹੀਂ ਹੋਏ, ਇਸ ਦਾ ਢੁੱਕਵਾਂ ਜਵਾਬ ਪ੍ਰਬੰਧਕ ਵੀ ਨਹੀਂ ਦੇ ਸਕੇ।

ਮਾਨ ਅਕਾਲ ਤਖ਼ਤ ਸਾਹਿਬ ਦੇ ਇਸ ਫੁਰਮਾਨ ਉੱਤੇ ਵੀ ਹੈਰਾਨ ਸਨ ਜਿਸ ਵਿੱਚ ਇਤਿਹਾਸਕ ਜੋੜ ਮੇਲਿਆਂ ਤੇ ਰਾਜਸੀ ਕਾਨਫਰੰਸਾਂ ਦੀ ਮਨਾਹੀ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸੰਚਾਰ ਦੇ ਸਾਰੇ ਸਾਧਨਾਂ ਉੱਤੇ ਸਰਕਾਰਾਂ ਦਾ ਕਬਜ਼ਾ ਹੋ ਚੁੱਕਾ ਹੈ ਤਾਂ ਸਾਡੇ ਕੋਲ ਆਪਣੀ ਗੱਲ ਕਹਿਣ ਲਈ ਇਹ ਜੋੜ ਮੇਲੇ ਹੀ ਤਾਂ ਰਹਿ ਜਾਂਦੇ ਹਨ। ਬਹੁਤ ਸਾਰੇ ਸਿੱਖ ਨੌਜਵਾਨ ਇਨ੍ਹਾਂ ਕਾਨਫਰੰਸਾਂ ਨੂੰ ਬੰਦ ਕਰਨ ਦਾ ਸਖ਼ਤ ਵਿਰੋਧ ਕਰ ਰਹੇ ਹਨ। ਇੱਕ ਸੁਲਝੇ ਹੋਏ ਨੌਜਵਾਨ ਨੇ ਰੋਸ ਪ੍ਰਗਟ ਕੀਤਾ ਕਿ ਜਦੋਂ ਸਾਰੇ ਸਿੱਖ ਆਗੂ ਹਰ ਰੋਜ਼ ਦੁਹਾਈ ਪਾਉਂਦੇ ਹਨ ਕਿ ਸਿੱਖ ਕੌਮ ਵਿੱਚ ਰਾਜਨੀਤੀ ਤੇ ਧਰਮ ਮੋਢੇ ਨਾਲ ਮੋਢਾ ਜੋੜ ਕੇ ਚੱਲਦੇ ਹਨ ਤਾਂ ਫਿਰ ਕਾਨਫਰੰਸਾਂ ਉੱਤੇ ਪਾਬੰਦੀ ਕਿਉਂ? ਚੰਡੀਗੜ੍ਹ ਤੋਂ ਪੰਜਾਬ ਯੂਨੀਵਰਸਿਟੀ ਦੀਆਂ ਕੁਝ ਨੌਜਵਾਨ ਕੁੜੀਆਂ ਜੋ ਹਰ ਸਾਲ ਉਨ੍ਹਾਂ ਦੇ ਕਹਿਣ ਮੁਤਾਬਕ ਇਸ ਜੋੜ ਮੇਲੇ ਤੇ ਹਾਜ਼ਰੀ ਭਰਦੀਆਂ ਹਨ, ਉਨ੍ਹਾਂ ਕੁੜੀਆਂ ਵਿੱਚੋਂ ਨਾਲ ਲੱਗਦੇ ਪਿੰਡ ਤੋਂ ਕਮਲਦੀਪ ਕੌਰ (ਨਾਂ ਬਦਲ ਦਿੱਤਾ ਗਿਆ ਹੈ) ਤਾਂ ਗੁੱਸੇ ਨਾਲ ਭਰੀ ਪੀਤੀ ਸੀ। ਉਸ ਦਾ ਚੇਤਨ ਜਵਾਬ ਸੁਣੋ : ਜਾਮੀਆ ਮਿਲੀਆ ਯੂਨੀਵਰਸਿਟੀ ਦੀਆਂ ਕੁੜੀਆਂ ਨੂੰ ਵੇਖੋ, ਰਾਜਨੀਤਿਕ ਤੌਰ ਤੇ ਉਹ ਕਿੰਨੀਆਂ ਸਿਆਣੀਆਂ ਹਨ, ਸੜਕਾਂ ਤੇ ਉੱਤਰ ਰਹੀਆਂ ਹਨ, ਡਾਂਗਾਂ ਖਾ ਰਹੀਆਂ ਹਨ ਪਰ ਇਥੇ ਸਾਨੂੰ ਕੌਣ ਦੱਸੇਗਾ ਕਿ ਨਿੱਕੇ ਨਿੱਕੇ ਸਾਹਿਬਜ਼ਾਦੇ ਸ਼ਹੀਦ ਕਿਉਂ ਹੋਏ? ਤੇ ਅੱਜ ਆਪਣੇ ਆਪ ਨੂੰ ਵੱਡੇ ਵੱਡੇ ਅਖਵਾਉਂਦੇ ਸਿਆਸਤਦਾਨ ਧਰਮ ਤੋਂ ਦੂਰ ਕਿਉਂ ਹਨ? ਇਹ ਕਾਨਫਰੰਸਾਂ ਹੋਣੀਆਂ ਚਾਹੀਦੀਆਂ ਹਨ ਅਤੇ ਅਕਾਲ ਤਖਤ ਤਾਂ ਖੁਦ ਮੀਰੀ -ਪੀਰੀ ਦਾ ਸੁਮੇਲ ਕਿਹਾ ਜਾਂਦਾ ਹੈ, ਫਿਰ ਇਹ ਸੁਮੇਲ ਇੱਥੇ ਕਿਉਂ ਨਾ ਹੋਵੇ? ਇੱਕ ਕੁੜੀ ਨੇ ਤਾਂ ਇੱਥੋਂ ਤਕ ਕਿਹਾ ਕਿ ਉਹ ਅਕਾਲ ਤਖਤ ਦੇ ਜਥੇਦਾਰ ਸਾਹਿਬ ਨੂੰ ਇਸ ਸਬੰਧ ਵਿੱਚ ਮਿਲ ਕੇ ਰੋਸ ਵੀ ਪਰਗਟ ਕਰਨਗੇ।

ਮਾਨ ਨੇ ਕਾਲੀ ਸੂਚੀ ਦੇ ਕਾਨੂੰਨੀ ਪੱਖਾਂ ਦਾ ਜ਼ਿਕਰ ਵੀ ਕੀਤਾ ਜੋ ਸਿੱਖ ਨੌਜਵਾਨਾਂ ਲਈ ਕਦੇ ਨਹੀਂ ਲਾਗੂ ਕੀਤੇ ਜਾਂਦੇ। ਉਨ੍ਹਾਂ ਨੇ ਕਸ਼ਮੀਰੀਆਂ ਦੇ ਹੱਕ ਵਿੱਚ ਡਟ ਕੇ ਖੜ੍ਹੇ ਹੋਣ ਲਈ ਲਈ ਸਿੱਖਾਂ ਨੂੰ ਸੱਦਾ ਦਿੱਤਾ। ਮਾਨ ਨੇ ਬੜੇ ਤਰੀਕੇ ਤੇ ਜੁਗਤ ਨਾਲ ਚਲੰਤ ਮਸਲਿਆਂ ਨੂੰ ਖਾਲਿਸਤਾਨ ਦੇ ਨਾਲ ਜੋੜ ਕੇ ਵੇਖਿਆ, ਜਦ ਕਿ ਦਲ ਖਾਲਸਾ ਦੇ ਆਗੂ ਚਲੰਤ ਮਸਲਿਆਂ ਤੇ ਜ਼ੋਰਦਾਰ ਨੁਕਤੇ ਉਠਾ ਕੇ ਵੀ ਇਨ੍ਹਾਂ ਮੁੱਦਿਆਂ ਨੂੰ ਖਾਲਿਸਤਾਨ ਦੀ ਤਕਦੀਰ ਨਾਲ ਨਾ ਜੋੜ ਸਕੇ। ਇਸ ਦਿਸ਼ਾ ਵਿੱਚ ਮਾਨ ਨੇ ਸੰਤ ਜਰਨੈਲ ਸਿੰਘ ਅਤੇ ਜੁਝਾਰੂ ਲਹਿਰ ਦੀਆਂ ਕੁਰਬਾਨੀਆਂ ਨੂੰ ਜਜ਼ਬਿਆਂ ਦੇ ਵੇਗ ਵਿੱਚ ਪੇਸ਼ ਕਰਦਿਆਂ ਕਿਹਾ ਕਿ ਸੰਤ ਜਰਨੈਲ ਸਿੰਘ ਨੇ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਵਿੱਚ ਤਿੰਨ ਮੁਲਕਾਂ- ਭਾਰਤ, ਰੂਸ ਤੇ ਬਰਤਾਨੀਆ ਦੀਆਂ ਫ਼ੌਜਾਂ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਉਸ ਨੇ ਬੁਲੰਦ ਆਵਾਜ਼ ਵਿੱਚ ਲੋਕਾਂ ਨੂੰ ਅਪੀਲ ਕੀਤੀ ਕਿ ਕਿਤੇ "ਸੰਤ ਭਿੰਡਰਾਂਵਾਲੇ ਨੂੰ ਭੁੱਲ ਨਾ ਜਾਇਓ।" ਮਾਨ ਦੀ ਤਕਰੀਰ ਸਾਰੇ ਪੱਖਾਂ ਤੋਂ ਪ੍ਰਭਾਵਸ਼ਾਲੀ ਅਤੇ ਠੋਸ ਦਲੀਲਾਂ ਨਾਲ ਲੈਸ ਸੀ ਅਤੇ ਇੱਥੋਂ ਤੱਕ ਕਿ ਕਾਨਫਰੰਸ ਦੇ ਪੰਡਾਲ ਤੋਂ ਬਾਹਰ ਸੁਣ ਰਹੇ ਭਾਰੀ ਗਿਣਤੀ ਚ ਲੋਕ ਬੜੇ ਧਿਆਨ ਨਾਲ ਭਾਸ਼ਨ ਦੀ ਇੱਕ ਇੱਕ ਗੱਲ ਤੇ ਨੁਕਤੇ ਨੂੰ ਆਪਣੇ ਅੰਦਰ ਜਜ਼ਬ ਕਰ ਰਹੇ ਹਨ ਜਿਵੇਂ ਉਹ ਕੁਝ ਘੜੀਆਂ ਲਈ ਤਕਰੀਰ ਨਾਲ ਤਨੋਂ ਮਨੋਂ ਜੁੜ ਗਏ ਹੋਣ। ਦਿਲਚਸਪ ਗੱਲ ਇਹ ਸੀ ਕਿ ਖਾਲਿਸਤਾਨ ਦੇ ਨਾਅਰੇ ਨੂੰ ਉਨ੍ਹਾਂ ਨੇ ਵੀ ਉਤਸ਼ਾਹ ਨਾਲ ਹਥ ਖੜ੍ਹੇ ਕਰ ਕੇ ਹੁੰਗਾਰਾ ਦਿੱਤਾ।

## ਅਕਾਲੀ ਦਲ (ਅ) ਨੇ 17 ਮਤੇ ਪਾਸ ਕੀਤੇ

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਅੱਜ ਸਰਹਿੰਦ ਦੇ ਸ਼ਹੀਦਾਂ ਨੂੰ ਨਮਨ ਕਰਨ ਲਈ ਕੀਤੇ ਗਏ ਮੀਰੀ-ਪੀਰੀ ਸਮਾਗਮ ਦੌਰਾਨ 17 ਮਤੇ ਪਾਸ ਕੀਤੇ ਗਏ। ਮਤਿਆਂ ਅਨੁਸਾਰ ਕੌਮੀ ਵਿਰਾਸਤਾਂ ਨੂੰ ਸਾਜ਼ਿਸ਼ੀ ਢੰਗ ਨਾਲ ਖ਼ਤਮ ਕਰਨ ਦੀਆਂ ਕਾਰਵਾਈਆਂ ਸਹਿਣ ਨਹੀਂ ਕੀਤੀਆਂ ਜਾਣਗੀਆਂ, ਜਗਨਨਾਥ ਪੁਰੀ, ਗਿਆਨ ਗੋਦੜੀ ਅਤੇ ਕਸ਼ਮੀਰ ਵਿਚ ਢਹਿ-ਢੇਰੀ ਕੀਤੇ ਗੁਰੂਘਰਾਂ 'ਤੇ ਹਮਲਿਆਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਇਮਰਾਨ ਖ਼ਾਨ, ਜਨਰਲ ਬਾਜਵਾ ਅਤੇ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ, ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਭਾਈ ਬਲਵੰਤ ਸਿੰਘ ਰਾਜੋਆਣਾ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਭਾਈ ਦਿਆ ਸਿੰਘ ਲਾਹੌਰੀਆ ਅਤੇ ਹੋਰ ਨੌਜਵਾਨਾਂ ਨੂੰ ਰਿਹਾਅ ਨਾ ਕਰਨ ਦੇ ਅਮਲ ਨੂੰ ਵਿਤਕਰੇ ਵਾਲਾ ਦੱਸਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਧਾਨ ਅਨੁਸਾਰ ਮਿੱਥੇ ਸਮੇਂ 'ਤੇ ਚੋਣਾਂ ਨਾ ਕਰਵਾਉਣ ਦੇ ਅਮਲ ਨੂੰ ਸਿੱਖਾਂ ਦੇ ਮਾਮਲਿਆਂ ਵਿਚ ਸਿੱਧੀ ਦਖ਼ਲਅੰਦਾਜ਼ੀ ਦੱਸਿਆ।

## ਸਿੱਖ ਇਤਿਹਾਸ ਸਬੰਧੀ ਸ਼ੰਕਾ ਪੈਦਾ ਕਰ ਰਹੇ ਪ੍ਰਚਾਰਕਾਂ ਤੋਂ ਸੁਚੇਤ ਰਹੇ ਕੌਮ: ਜਥੇਦਾਰ

ਫਤਹਿਗੜ੍ਹ ਸਾਹਿਬ-ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਤਿੰਨ ਰੋਜ਼ਾ ਸ਼ਹੀਦੀ ਜੋੜ ਮੇਲ ਦੇ ਆਖ਼ਰੀ ਦਿਨ ਇਤਿਹਾਸਕ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਨਾਮ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਵਰਤਮਾਨ ਸਮੇਂ ਵਿਚ ਸਿੱਖ ਇਤਿਹਾਸ ਅਤੇ ਰਵਾਇਤਾਂ ਸਬੰਧੀ ਪਾਏ ਜਾ ਰਹੇ ਸ਼ੰਕਿਆਂ ਤੋਂ ਸਿੱਖ ਕੌਮ ਸੁਚੇਤ ਰਹੇ। ਉਨ੍ਹਾਂ ਕਿਹਾ ਕਿ ਧਰਮ ਵਿਚ ਸ਼ਰਧਾ ਦਾ ਵੱਡਾ ਮਹੱਤਵ ਹੈ ਅਤੇ ਤਰਕ ਦੀ ਥਾਂ ਵਿਵੇਕ ਸਿੱਖ ਚਿੰਤਨ ਦਾ ਅਹਿਮ ਅੰਗ ਹੈ। ਉਨ੍ਹਾਂ ਕਿਹਾ ਕਿ ਕੌਮ ਨੂੰ ਅੱਜ ਸਿਆਣਪ ਨਾਲ ਅੱਗੇ ਵਧਣਾ ਚਾਹੀਦਾ ਹੈ ਅਤੇ ਆਪਣੀ ਰਵਾਇਤ, ਪਰੰਪਰਾ ਅਤੇ ਵਿਰਾਸਤ ਦੀ ਅਗਵਾਈ ਵਿੱਚ ਕੌਮੀ ਇੱਕਜੁੱਟਤਾ ਲਈ ਯਤਨ ਕਰਨੇ ਚਾਹੀਦੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸਿੱਖ ਕੌਮ ਦੇ ਇਤਿਹਾਸ ਵਿਚ ਸ਼ਹਾਦਤਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਅਜੋਕੀ ਨੌਜਵਾਨੀ ਨੂੰ ਆਪਣੇ ਇਤਿਹਾਸ ਤੋਂ ਜਾਣੂ ਕਰਵਾਉਣ ਦੀ ਮਾਪਿਆਂ ਅਤੇ ਬੁੱਧੀਜੀਵੀਆਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ।

ਇਕਮਿਕ ਹੋਣ ਸਾਰੇ-ਦੂਜ-ਤੀਜ ਮੁਕ ਜਾਵੇ
ਕਿਸੇ ਮੁੱਖ ਤੇ ਅੱਜ ਰਹੇ ਨਾ ਮਲਾਲ ਜੀ
ਚਾਈਂ ਚਾਈਂ ਰੱਖੇ ਸਾਰਿਆਂ ਨੂੰ ਘਰੋਂ ਘਰੀਂ
ਖੁਸ਼ੀਆਂ ਤੇ ਖੇੜੇ ਲੈ ਕੇ ਆਏ 2020 ਨਵਾਂ ਸਾਲ ਜੀ

## ਬਾਬਾ ਮੱਖਣ ਸ਼ਾਹ ਲੁਬਾਣਾ ਵੈਲਫੇਅਰ ਸੇਵਾ ਸੁਸਾਇਟੀ ਲਾਸ ਏਂਜਲਸ ਵਲੋਂ ਦੇਸ਼ ਵਿਦੇਸ਼ ਵਸਦੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਨਵੇਂ ਸਾਲ

# 2020 ਦੀਆਂ ਲੱਖ ਲੱਖ ਵਧਾਈਆਂ

ਵਲੋਂ

## ਕਮਿਊਨਿਟੀ ਦੇ ਨਿਸ਼ਕਾਮ ਸੇਵਕ ਲਾਸ ਏਂਜਲਸ ਕੈਲੀਫੋਰਨੀਆ ਦੇ ਨੌਜਵਾਨ ਸਿੱਖ ਆਗੂ ਜੋ ਦਹਾਕਿਆਂ ਤੋਂ ਪੰਥ ਦੀ ਸੇਵਾ ਕਰਦੇ ਆ ਰਹੇ ਹਨ

ਸੰਗਤਾਂ ਦੇ ਸੇਵਾਦਾਰ ਸ. ਸੁਰਜੀਤ ਸਿੰਘ ਬਾਵਾ, ਚੇਅਰਮੈਨ ਸ. ਰਵਿੰਦਰ ਸਿੰਘ ਰਸੀਆ, ਪ੍ਰਧਾਨ ਸ. ਮਨਜੀਤ ਸਿੰਘ, ਵਾਈਸ ਪ੍ਰਧਾਨ ਗੁਰਬਚਨ ਸਿੰਘ, ਜਨਰਲ ਸੈਕਟਰੀ ਸ. ਗੁਰਦੇਵ ਸਿੰਘ, ਵਾਇਸ ਸੈਕਟਰੀ ਸ. ਤਜਿੰਦਰ ਸਿੰਘ, ਖਜ਼ਾਨਚੀ ਸ. ਹਰਭਜਨ ਸਿੰਘ, ਸ. ਸਤਪਾਲ ਸਿੰਘ ਘੋਤੜਾ ਐਂਡ ਬ੍ਰਦਰਜ਼, ਗੁਰਚਰਨ ਸਿੰਘ ਬਲੀ ਐਂਡ ਬ੍ਰਦਰਜ਼, ਨਿਰਮਲ ਸਿੰਘ, ਅਮਰੀਕ ਸਿੰਘ ਰਸੀਆ, ਜੋਗਿੰਦਰ ਸਿੰਘ ਬਿੱਲਾ ਐਂਡ ਬ੍ਰਦਰਜ਼, ਗੁਰਮੀਤ ਸਿੰਘ ਬ੍ਰਦਰਜ਼, ਬਲਜਿੰਦਰ ਸਿੰਘ ਮੁਲਤਾਨੀ, ਪ੍ਰਕਾਸ਼ ਸਿੰਘ, ਅਜਮੇਰ ਸਿੰਘ, ਗੁਰਮੁਖ ਸਿੰਘ, ਸੁਰਿੰਦਰ ਸਿੰਘ, ਬਲਦੇਵ ਸਿੰਘ, ਪਰਮਜੀਤ ਸਿੰਘ, ਕਮਲਜੀਤ ਸਿੰਘ, ਗੁਰਧਿਆਨ ਸਿੰਘ, ਨਿਸ਼ਾਨ ਸਿੰਘ, ਜਸਵਿੰਦਰ ਸਿੰਘ, ਬਲਕਾਰ ਸਿੰਘ, ਚਰਨਜੀਤ ਸਿੰਘ, ਜੋਗਿੰਦਰ ਸਿੰਘ, ਮੇਹਰ ਸਿੰਘ, ਮਨਜੀਤ ਸਿੰਘ ਖਲੀਲ ਅਤੇ ਹੋਰ ਸਾਰਿਆਂ ਨੂੰ, ਤੁਹਾਨੂੰ ਨਵੇਂ ਸਾਲ ਦੀ ਬਹੁਤ ਹੀ ਜ਼ਿਆਦਾ ਵਧਾਈ ਹੋਵੇ ਜੀ। ਸੇਵਾਦਾਰ 818-486-6579 ਨਿਰਮਲ ਸਿੰਘ ਸੀਕਰੀ, ਪਰਵਿੰਦਰ ਸਿੰਘ ਰਸੀਆ, ਪਾਲ ਸਿੰਘ ਲੁਬਾਣਾ ਐਂਡ ਬ੍ਰਦਰਜ਼, ਮੇਹਰ ਸਿੰਘ, ਸੁਰਿੰਦਰ ਕੌਰ, ਮਨਜੀਤ ਸਿੰਘ, ਸੁਰਿੰਦਰ ਸਿੰਘ ਬਾਵਾ ਐਂਡ ਬ੍ਰਦਰਜ਼, ਭੋਲਾ ਸਿੰਘ, ਤਰਸੇਮ ਸਿੰਘ, ਸੁਰਿੰਦਰ ਸਿੰਘ, ਮਸਤਾਨ ਸਿੰਘ ਸੇਠੀ, ਮਨਜੀਤ ਸਿੰਘ ਬਾਵਾ ਬ੍ਰਦਰਜ਼।



# ਗੁਰਦੁਆਰਾ ਸਾਹਿਬ ਫਰੀਮਾਂਟ

300 Gurdwara Road Fremont CA 94536



## ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਪ੍ਰਤੀ ਨਵੀਆਂ ਵੋਟਾਂ ਬਨਣੀਆਂ ਸ਼ੁਰੂ

## ਵੋਟਾਂ 26 ਜਨਵਰੀ, 2020 ਤੱਕ ਬਨਣਗੀਆਂ

**ਵੋਟਾਂ ਬਣਾਉਣ ਲਈ ਤਰੀਕਾਂ ਅਤੇ ਸਮੇਂ ਦਾ ਵੇਰਵਾ**

ਐਤਵਾਰ ਵਾਲੇ ਦਿਨ
15 ਦਸੰਬਰ, 22 ਦਸੰਬਰ, 29 ਦਸੰਬਰ, 2019
5 ਜਨਵਰੀ, 12 ਜਨਵਰੀ, 19 ਜਨਵਰੀ, 26 ਜਨਵਰੀ, 2020
(ਸਮਾਂ : ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ)

ਬੁੱਧਵਾਰ ਵਾਲੇ ਦਿਨ
11 ਦਸੰਬਰ, 18 ਦਸੰਬਰ, 25 ਦਸੰਬਰ, 2019
1 ਜਨਵਰੀ, 8 ਜਨਵਰੀ, 15 ਜਨਵਰੀ, 22 ਜਨਵਰੀ, 2020
(ਸਮਾਂ : ਸ਼ਾਮ 6 ਵਜੇ ਤੋਂ 8 ਵਜੇ ਤੱਕ)

### ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਗੁਰੂ ਰੂਪ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਪਤਾ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ 2020 ਵਿਚ ਹੋ ਰਹੀਆਂ ਹਨ ਅਤੇ ਚੋਣਾਂ ਵਿਚ ਉਹ ਮਾਈ ਭਾਈ ਹੀ ਹਿੱਸਾ ਲੈ ਸਕਦੇ ਹਨ ਜਿਨ੍ਹਾਂ ਨੇ ਗੁਰੂ ਘਰ ਦੀ ਮੈਂਬਰਸ਼ਿਪ ਰਜਿਸਟਰਡ ਕਰਵਾਈ ਹੋਵੇ। ਸਾਧ ਸੰਗਤ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਮੈਂਬਰ ਬਣੋ ਤਾਂ ਜੋ ਗੁਰੂ ਘਰ ਵਿਚ ਹੋਣ ਵਾਲੇ ਅਹਿਮ ਫ਼ੈਸਲਿਆਂ ਵਿਚ ਤੁਸੀਂ ਸ਼ਾਮਿਲ ਹੋ ਸਕੋ। ਇਸ ਕਰਕੇ ਉੱਪਰ ਦਿੱਤੀਆਂ ਤਰੀਕਾਂ ਅਤੇ ਸਮਾਂ ਅਨੁਸਾਰ ਪਹੁੰਚ ਕੇ ਆਪਣੀਆਂ ਵੋਟਾਂ ਬਣਵਾਓ।

### ਨਵੀਆਂ ਵੋਟਾਂ ਲਈ ਰਜਿਸਟ੍ਰੇਸ਼ਨ ਹੇਠ ਲਿਖੇ ਅਨੁਸਾਰ ਚੱਲੇਗੀ।

ਮੈਂਬਰਸ਼ਿਪ ਦੀ ਕੋਈ ਫੀਸ ਨਹੀਂ ਹੈ। ਮੈਂਬਰ ਬਨਣ ਲਈ ਹੇਠ ਲਿਖੀਆਂ ਸ਼ਰਤਾਂ ਜ਼ਰੂਰੀ ਹਨ ਅਤੇ ਆਪਣੀ ਰਿਹਾਇਸ਼ ਦਾ ਪਰੂਫ ਅਤੇ ਆਈ.ਡੀ. ਨਾਲ ਲੈ ਕੇ ਆਵੋ ਜੀ। (ਆਪਣੀ ਰਿਹਾਇਸ਼ ਦਾ ਪਰੂਫ ਕੇਵਲ ਉਨ੍ਹਾਂ ਵਿਅਕਤੀਆਂ ਲਈ ਲੈ ਕੇ ਆਉਣਾ ਜ਼ਰੂਰੀ ਹੈ ਜਿਨ੍ਹਾਂ ਦੀ ਆਈ.ਡੀ. ਉਪਰਲਾ ਐਡਰੈਸ ਮੌਜੂਦਾ ਐਡਰੈਸ ਤੋਂ ਅਲੱਗ ਹੈ। ਜੇਕਰ ਤੁਹਾਡੀ ਆਈ.ਡੀ. ਉਪਰਲਾ ਐਡਰੈਸ ਤੁਹਾਡੀ ਮੌਜੂਦਾ ਰਿਹਾਇਸ਼ ਵਾਲਾ ਹੈ ਤਾਂ ਤੁਹਾਨੂੰ ਆਪਣਾ ਪਰੂਫ ਲਿਆਉਣ ਦੀ ਜ਼ਰੂਰਤ ਨਹੀਂ ਹੈ।)

ਸ਼ਰਤਾਂ : ਸਿੱਖ ਹੋਣਾ ਲਾਜ਼ਮੀ ਹੈ। ਉਮਰ 18 ਸਾਲ ਤੋਂ ਉੱਪਰ ਹੋਵੇ, ਮੈਂਬਰ ਵਿਅਕਤੀ ਐਲਾਮੀਡਾ, ਸੈਂਟਾ ਕਲਾਰਾ, ਸੈਂਟਾ ਕਰੂਜ਼, ਸੋਲਾਨੋ, ਸੈਣ ਮੈਟੀਓ, ਸੈਨ ਫਰਾਂਸਿਸਕੋ ਅਤੇ ਕੌਂਟਰਾ ਕੋਸਟਾ ਕਾਉਂਟੀਆਂ ਦਾ ਵਸਨੀਕ ਹੋਵੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ : ਗੁਰਦੁਆਰਾ ਸਾਹਿਬ ਫਰੀਮਾਂਟ (510) 790-0177**

# Travel for Less Inc.



SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Asiana Airlines
Daily Flight To New Delhi

## Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.



CST NO : 2031914-40

We have moved to
**Serving the Bay Area Since 1996**
32116-Alvarado Blvd. Union City, CA-94587
Email: info@travelforlessinc.com

**CALL 510-791-3300** Book online 24x7 @ www.Letsflyhome.com

# Website Design & Development

- ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES

- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲੱਬਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

## 1-866-FOR-RAJA (367-7252)
## www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

## (510) 900-6319

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ
ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ
ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ,
ਫਾਰਮ ਹਾਊਸ ਅਤੇ ਟਰੱਕ ਯਾਰਡ ਲਈ
ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205,
Total 8 APN number, one lot,
7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.**

**$4,399,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ**
**ਖਰੀਦਣ ਜਾਂ ਵੇਚਣ ਲਈ ਕਾਲ ਕਰੋ**

# Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.

Anthem BlueCross
2014 ACE INDIVIDUAL
CHAMPION LEVEL
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਅ.ਫਗਾਨਾਂ ਉੱਤੇ ਖਾਲਸਾ ਜੀ ਦੀ .ਫਤਹਿ ਦਾ ਪ੍ਰਤੀਕ ਕਿਲ੍ਹਾ ਅਟਕ

**-ਸੁਰਿੰਦਰ ਕੋਛੜ**

ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਤੋਂ 80 ਕਿਲੋਮੀਟਰ ਅਤੇ ਪਿਸ਼ਾਵਰ ਤੋਂ 100 ਕਿਲੋਮੀਟਰ ਦੀ ਦੂਰੀ 'ਤੇ ਅਟਕ ਸ਼ਹਿਰ ਵਿੱਚ ਕਿਲ੍ਹਾ ਅਟਕ ਨੇ ਅੱਜ ਵੀ ਦਰਿਆ ਸਿੰਧ ਦੇ ਪੱਤਣ 'ਤੇ ਮੌਜੂਦ ਆਪਣੀ ਸ਼ਾਨ ਨੂੰ ਕਾਇਮ ਰੱਖਿਆ ਹੋਇਆ ਹੈ। ਦੇਸ਼ ਦੀ ਵੰਡ ਤੋਂ ਬਾਅਦ ਤੋਂ ਇਸ ਵਿੱਚ ਪਾਕਿਸਤਾਨੀ ਸੈਨਾ ਦੀ ਛਾਉਣੀ ਕਾਇਮ ਹੈ, ਜਿਸ ਕਾਰਨ ਕਿਲ੍ਹਾ ਯਾਤਰੀਆਂ ਨੂੰ ਅੰਦਰੋਂ ਵੇਖਣ ਦੀ ਮਨਜ਼ੂਰੀ ਨਹੀਂ ਹੈ। ਰਾਵਲਪਿੰਡੀ ਤੋਂ ਪਿਸ਼ਾਵਰ ਜਾਂਦਿਆਂ ਦਰਿਆ-ਏ-ਸਿੰਧ ਦੇ ਪੁਲ ਤੋਂ ਪੁਰਾਣੀ ਜੀ.ਟੀ. ਰੋਡ ਵਾਲੇ ਪਾਸੇ ਸਥਾਪਿਤ ਇਹ ਕਿਲ੍ਹਾ ਦੂਰੋਂ ਵਿਖਾਈ ਦੇ ਜਾਂਦਾ ਹੈ।

ਅਟਕ ਕਿਲ੍ਹਾ ਮੌਜੂਦਾ ਸਮੇਂ ਅਟਕ ਸ਼ਹਿਰ ਤੋਂ ਕਰੀਬ 34 ਕਿਲੋਮੀਟਰ ਦੀ ਦੂਰੀ 'ਤੇ ਪਿੰਡ ਅਟਕ ਖ਼ੁਰਦ ਵਿੱਚ ਮੌਜੂਦ ਹੈ। ਕਿਲ੍ਹੇ ਦੀਆਂ ਲੋਹੇ ਵਰਗੀਆਂ ਮਜ਼ਬੂਤ ਅਤੇ ਵਿਸ਼ਾਲ ਦੀਵਾਰਾਂ ਇਸ ਦੀ ਮਹੱਤਤਾ ਦਾ ਅਹਿਸਾਸ ਕਰਵਾਉਂਦੀਆਂ ਹਨ। ਅ.ਫਗਾਨੀ ਹਮਲਾਵਰਾਂ ਅਤੇ ਧਾੜਵੀਆਂ ਵੱਲੋਂ ਪੰਜਾਬ 'ਤੇ ਹਮਲਿਆਂ ਲਈ ਸਵਾਗਤੀ ਪ੍ਰਵੇਸ਼ ਦੁਆਰ ਵਜੋਂ ਇਹ ਕਿਲ੍ਹਾ ਇਸਤੇਮਾਲ ਕੀਤਾ ਜਾਂਦਾ ਸੀ ਅਤੇ ਸਿੱਖ ਰਾਜ ਸਮੇਂ ਇਸ ਦੇ ਪ੍ਰਬੰਧ ਅ.ਫਗਾਨੀ ਹਕੂਮਤ ਦੇ ਸਰਦਾਰ ਜਹਾਨ ਦਾਦ ਖ਼ਾਂ ਦੇ ਅਧੀਨ ਸਨ। ਮਹਾਰਾਜਾ ਰਣਜੀਤ ਸਿੰਘ ਇਹ ਸਮਝ ਚੁੱਕੇ ਸਨ ਕਿ ਜਦੋਂ ਤਕ ਕਿਲ੍ਹਾ ਅਟਕ 'ਤੇ ਅ.ਫਗਾਨੀ ਹਕੂਮਤ ਦਾ ਕਬਜ਼ਾ ਰਹੇਗਾ, ਉਦੋਂ ਤਕ ਪੰਜਾਬ ਵਿੱਚ ਅਮਨ ਬਹਾਲ ਨਹੀਂ ਕੀਤਾ ਜਾ ਸਕਦਾ। ਅ.ਫਗਾਨੀਆਂ ਦੇ ਨਿੱਤ ਦੇ ਹਮਲਿਆਂ ਨੂੰ ਰੋਕਣ ਲਈ ਇਸ ਕਿਲ੍ਹੇ 'ਤੇ ਖ਼ਾਲਸਾ ਦਰਬਾਰ ਦਾ ਕਬਜ਼ਾ ਹੋਣਾ ਜ਼ਰੂਰੀ ਸੀ। ਇਸ ਉਦੇਸ਼ ਦੀ ਪੂਰਤੀ ਲਈ ਜੁਲਾਈ 1813 ਵਿੱਚ ਦੀਵਾਨ ਮੋਹਕਮ ਚੰਦ, ਹਰੀ ਸਿੰਘ ਨਲਵਾ, ਜੀਵੰਤ ਸਿੰਘ ਮੋਕਲ ਤੇ ਕੁਝ ਹੋਰਨਾਂ ਸਰਦਾਰਾਂ ਨੂੰ .ਫੌਜ ਸਹਿਤ ਇਸ ਮੁਹਿੰਮ ਲਈ ਰਵਾਨਾ ਕੀਤਾ ਗਿਆ। ਜਹਾਨ ਦਾਦ ਖ਼ਾਂ ਨੂੰ ਇਹ ਖ਼ਬਰ ਮਿਲਣ 'ਤੇ ਉਸ



ਨੇ 15000 ਦੇ ਕਰੀਬ ਅ.ਫਗਾਨੀ .ਫੌਜ ਅਤੇ ਮੁਲਕੀਆ ਲਸ਼ਕਰ ਨਾਲ ਹਜ਼ਰੋ ਨੇੜੇ ਸ਼ਮਸ਼ਾਬਾਦ ਦੇ ਮੈਦਾਨ ਵਿੱਚ ਸਿੱਖ .ਫੌਜ ਦਾ ਰਸਤਾ ਰੋਕਣ ਲਈ ਡੇਰਾ ਲਾ ਲਿਆ। 12 ਜੁਲਾਈ ਦੀ ਸਵੇਰ ਨੂੰ ਸਿੱਖ .ਫੌਜ ਨੇ ਅ.ਫਗਾਨੀ ਲਸ਼ਕਰ 'ਤੇ ਹਮਲਾ ਬੋਲ ਦਿੱਤਾ। ਰਾਤ ਹੋਣ ਤਕ ਦੋਵਾਂ ਪਾਸਿਆਂ ਦੀਆਂ .ਫੌਜਾਂ ਵਿੱਚ ਘਮਸਾਣ ਯੁੱਧ ਹੋਇਆ ਤੇ ਕਈ ਸੂਰਮਿਆਂ ਨੇ ਆਪਣੇ ਪ੍ਰਾਣ ਗਵਾਏ। ਅਗਲੀ ਸਵੇਰ ਸੂਰਜ ਚੜ੍ਹਦਿਆਂ ਹੀ ਫਿਰ ਗੋਲੀਬਾਰੀ ਸ਼ੁਰੂ ਹੋ ਗਈ। ਦੁਪਹਿਰ ਨੂੰ ਜੀਵੰਤ ਸਿੰਘ ਮੋਕਲ ਦਾ ਟਾਕਰਾ ਦੋਸਤ ਮੁਹੰਮਦ ਖ਼ਾਂ ਨਾਲ ਹੋ ਗਿਆ। ਜੀਵੰਤ ਸਿੰਘ ਨੇ ਤਲਵਾਰ ਨਾਲ ਵਾਰ ਕਰ ਕੇ ਦੋਸਤ ਮੁਹੰਮਦ ਖ਼ਾਂ ਨੂੰ ਧਰਤੀ 'ਤੇ ਸੁੱਟ ਲਿਆ ਅਤੇ ਮਾਰ ਮੁਕਾਇਆ। ਇਹ ਖ਼ਬਰ ਸੁਣ ਕੇ ਅ.ਫਗਾਨੀ .ਫੌਜ ਵਿੱਚ ਹਲਚਲ ਮਚ ਗਈ ਅਤੇ .ਫੌਜ ਰਣ ਖੇਤਰ ਤੋਂ ਲੋਪ ਹੋਣੀ ਸ਼ੁਰੂ ਹੋ ਗਈ। ਦੀਵਾਨ ਅਮਰ ਨਾਥ 'ਜ਼.ਫਰਨਾਮਾ ਮਹਾਰਾਜਾ ਰਣਜੀਤ ਸਿੰਘ' ਦੇ ਸ.ਫਾ 74 'ਤੇ ਲਿਖਦਾ ਹੈ ਕਿ ਇਸ ਯੁੱਧ ਵਿੱਚ ਦੋ ਹਜ਼ਾਰ ਦੇ ਕਰੀਬ ਅ.ਫਗਾਨੀ ਮਾਰੇ ਗਏ।

ਸਿੱਖ .ਫੌਜ ਤੋਂ ਵੱਡੀ ਹਾਰ ਖਾਣ ਮਗਰੋਂ ਅ.ਫਗਾਨੀਆਂ ਵਿੱਚ ਕਿਲ੍ਹਾ ਅਟਕ ਨੂੰ ਬਚਾਉਣ ਦੀ ਹਿੰਮਤ ਨਹੀਂ ਸੀ, ਜਿਸ 'ਤੇ ਸਿੱਖ .ਫੌਜ ਨੇ ਸਹਿਜ ਹੀ ਕਿਲ੍ਹੇ 'ਤੇ ਖ਼ਾਲਸਾਈ ਨਿਸ਼ਾਨ ਚੜ੍ਹਾ ਕੇ ਆਪਣੀ .ਫਤਹਿ ਦਾ ਪ੍ਰਮਾਣ ਦੇ ਦਿੱਤਾ। ਇਸ ਪਿੱਛੋਂ 13 ਜੁਲਾਈ 1813 ਤੋਂ 20 ਮਾਰਚ 1849 ਤਕ ਇਹ ਕਿਲ੍ਹਾ ਸਿੱਖ .ਫੌਜ ਦੇ ਅਧਿਕਾਰ ਅਧੀਨ ਰਿਹਾ।

'ਅਟਕ' ਹਿੰਦੀ ਸ਼ਬਦ ਹੈ, ਜਿਸ ਦਾ ਅਰਥ 'ਰੋਕ' ਹੁੰਦਾ ਹੈ। ਇਹ ਸ਼ਬਦ ਪਹਿਲੀ ਵਾਰ ਆਈਨ-ਏ-ਅਕਬਰੀ ਵਿੱਚ ਵਰਤਿਆ ਗਿਆ। ਇਸ ਦਰਿਆ ਦਾ ਪੁਰਾਣਾ ਤੇ ਸੰਸਕ੍ਰਿਤ ਨਾਂ 'ਸਿੰਧੂ' ਹੈ, ਜਦੋਂਕਿ ਗ ਕੇ ਉਹ ਹੱਸਦਾ ਹੋਇਆ ਕਹਿਣ ਲੱਗਾ ਕਿ 'ਸਿੱਖ' ਬਣਨ ਦਾ ਕੀ ਫਾਇਦਾ, ਜੇ ਸਿੱਖ ਦਰਿਆ ਅਟਕ (ਸਿੰਧ) ਇਸ ਤਰ੍ਹਾਂ ਨਾਲ ਘੋੜੇ 'ਤੇ ਪਾਰ ਹੀ ਨਾ ਕਰ ਸਕੇ ? ਉਸ ਦਾ ਭਾਵ ਸੀ ਕਿ ਦਰਿਆ ਅਟਕ ਕਿਸੇ ਸਿੱਖ ਨੂੰ ਨਹੀਂ ਰੋੜ ਸਕਦਾ।"

ਸਰ ਬਾਰਨਸ ਅਨੁਸਾਰ ਜਦੋਂ ਉਹ ਦੂਜੀ ਵਾਰ ਕਾਬਲ ਜਾਂਦਾ ਹੋਇਆ 1837 ਵਿੱਚ ਅਟਕ ਤੋਂ ਗੁਜ਼ਰਿਆ ਤਾਂ ਦਰਿਆ ਅਟਕ 'ਤੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਵਾਇਆ ਪੁਲ ਬਣਿਆ ਹੋਇਆ ਸੀ, ਜਿਸ ਵਿੱਚ 30 ਬੇੜੀਆਂ ਜੋੜੀਆਂ ਗਈਆਂ ਸਨ। ਇੱਥੇ ਦਰਿਆ ਅਟਕ ਦੀ ਚੌੜਾਈ 507 ਫੁੱਟ ਅਤੇ ਡੂੰਘਾਈ 72 ਫੁੱਟ ਸੀ। ਉਸ ਸਮੇਂ ਹਰੀ ਸਿੰਘ ਨਲਵਾ ਦੁਆਰਾ ਬਣਾਏ ਅਟਕ ਦੇ ਪੁਲ ਦੇ ਤਿੰਨ ਪਾਏ (ਪਿੱਲਰ) ਦਰਿਆ ਵਿੱਚ ਕਿਲ੍ਹੇ ਦੇ ਨੇੜੇ ਮੌਜੂਦ ਸਨ। ਇਨ੍ਹਾਂ ਵਿੱਚ ਪੁਲ ਦੇ ਰੱਸੇ ਬੰਨ੍ਹਣ ਲਈ ਲੋਹੇ ਦੇ ਭਾਰੀ ਕੜੇ ਤੇ ਹੁੱਕ ਲੱਗੇ ਹੋਏ ਸਨ।

# ਬ੍ਰਿਟਿਸ਼ ਰਾਜ ਦੀਆਂ ਬਚੀਆਂ ਨਿਸ਼ਾਨੀਆਂ

**-ਜੰਗਪਾਲ ਸਿੰਘ**

ਅੰਗਰੇਜ਼ਾਂ ਨੇ ਲਗਪਗ ਇਕ ਸਦੀ ਤਕ ਪੰਜਾਬ 'ਤੇ ਰਾਜ ਕੀਤਾ। ਇਸ ਦੌਰਾਨ ਜਿੱਥੇ ਨਹਿਰਾਂ ਅਤੇ ਰੇਲਾਂ ਦਾ ਜਾਲ ਵਿਛਾਇਆ ਗਿਆ, ਉੱਥੇ ਕਈ ਸੰਸਥਾਵਾਂ ਤੇ ਭਵਨ ਵੀ ਉਸਾਰੇ ਗਏ। ਇਨ੍ਹਾਂ ਵਿੱਚੋਂ ਕਈ ਸਰਕਾਰਾਂ ਦੀ ਅਣਦੇਖੀ ਕਾਰਨ ਢਹਿ ਢੇਰੀ ਹੋ ਗਏ ਹਨ। ਕਈਆਂ ਦੇ ਨਾਂ ਬਦਲ ਦਿੱਤੇ ਗਏ ਹਨ ਤੇ ਕਈ ਸਦੀ ਤੋਂ ਵੱਧ ਉਮਰ ਭੋਗ ਕੇ ਵੀ ਜਿਉਂ ਦੇ ਤਿਉਂ ਖੜੇ ਹਨ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਲਗਪਗ ਹਰ ਸ਼ਹਿਰ ਦੇ ਦੁਆਲੇ ਇਕ ਦੀਵਾਰ ਹੁੰਦੀ ਸੀ। ਇਸ ਦੀਵਾਰ ਵਿੱਚ ਲੋਕਾਂ ਦੇ ਆਉਣ ਜਾਣ ਲਈ ਕਈ ਦਰਵਾਜ਼ੇ ਰੱਖੇ ਹੁੰਦੇ ਸਨ। ਅੰਗਰੇਜ਼ਾਂ ਨੇ ਇਸ ਚਾਰਦੀਵਾਰੀ ਤੋਂ ਬਾਹਰ ਮਾਡਲ ਟਾਊਨ ਤੇ ਸਿਵਲ ਲਾਈਨਜ਼ ਨਾਂ ਦੀਆਂ ਆਧੁਨਿਕ ਬਸਤੀਆਂ ਦਾ ਨਿਰਮਾਣ ਆਰੰਭਿਆ। ਹਰ ਵੱਡੇ ਸ਼ਹਿਰ ਵਿੱਚ ਇਕ ਖੁੱਲ੍ਹੀ-ਡੁੱਲੀ ਸੜਕ ਦਾ ਨਿਰਮਾਣ ਕਰਵਾਇਆ, ਜਿਸ ਨੂੰ ਮਾਲ ਰੋਡ ਦਾ ਨਾਂ ਦਿੱਤਾ ਗਿਆ। ਮਾਲ ਰੋਡ ਦੇ ਦੋਹੀਂ ਪਾਸੇ ਸ਼ਹਿਰ ਦੇ ਅਮੀਰ ਲੋਕਾਂ ਦੀਆਂ ਕੋਠੀਆਂ ਉਸਰੀਆਂ। ਹਰ ਸ਼ਹਿਰ ਦੀ ਮਾਲ ਉਸ ਸ਼ਹਿਰ ਦੀਆਂ ਕਚਹਿਰੀਆਂ ਦੇ ਅੱਗੋਂ ਦੀ ਗੁਜ਼ਰਦੀ ਸੀ। ਹਕੀਕਤ ਵਿੱਚ ਕਿਸੇ



ਵੱਡੇ ਸ਼ਹਿਰ ਦੀ ਮਾਲ ਰੋਡ ਉਸ ਸ਼ਹਿਰ ਦੀ ਸ਼ਾਨ ਹੋਇਆ ਕਰਦੀ ਸੀ। ਲਾਹੌਰ ਦੀ ਮਾਲ ਰੋਡ ਨੂੰ ਛੱਡ ਕੇ ਅੱਜ ਵੀ ਇਸ ਸੜਕ ਦਾ ਨਾਂ ਮਾਲ ਰੋਡ ਹੀ ਚਲਿਆ ਆ ਰਿਹਾ ਹੈ। ਲਾਹੌਰ ਦੀ ਮਾਲ ਰੋਡ ਦਾ ਨਾਂ ਬਦਲ ਕੇ ਸ਼ਾਹਰਾਜ-ਏ-ਕਾਇਦੇ ਆਜ਼ਮ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਅੰਗਰੇਜ਼ਾਂ ਨੇ ਅਫਸਰਾਂ ਦੀ ਰਿਹਾਇਸ਼ ਲਈ ਵੱਡੇ-ਵੱਡੇ ਬੰਗਲੇ ਉਸਾਰੇ। ਇਹ ਬੰਗਲੇ ਕਈ ਕਈ ਏਕੜ ਵਿੱਚ ਫੈਲੇ ਹੋਏ ਸਨ। ਨਹਿਰਾਂ ਦੇ ਕਿਨਾਰੇ 10-15 ਮੀਲ ਦੀ ਵਿਥ 'ਤੇ ਨਹਿਰੀ ਵਿਸ਼ਰਾਮ ਘਰ ਉਸਾਰੇ ਗਏ ਜਿੱਥੇ ਨਹਿਰੀ ਮਹਿਕਮੇ ਨਾਲ ਸਬੰਧਤ ਅਫਸਰਾਂ/ਮੁਲਾਜ਼ਮਾਂ ਦੀ ਰਿਹਾਇਸ਼ ਹੁੰਦੀ ਸੀ ਤੇ ਉਚ ਅਫਸਰਾਂ ਲਈ ਆਰਾਮ ਘਰ ਹੋਇਆ ਕਰਦੇ ਸਨ। ਪਰ ਅੱਜਕੱਲ੍ਹ ਇਨ੍ਹਾਂ ਵਿਸ਼ਰਾਮ ਘਰਾਂ ਦੀ ਹਾਲਤ ਬੜੀ ਖਸਤਾ ਹੈ। ਕਈ ਢਹਿ-ਢੇਰੀ ਹੋ ਗਏ ਹਨ, ਕਈ ਨੀਲਾਮ ਕਰ ਦਿੱਤੇ ਗਏ ਹਨ। ਜੋ ਬਚੇ ਹਨ, ਉਨ੍ਹਾਂ ਵਿੱਚ ਕੋਈ ਅਫਸਰ ਰਹਿਣਾ ਪਸੰਦ ਨਹੀਂ ਕਰਦੇ। ਨਹਿਰੀ ਮਹਿਕਮੇ ਦਾ ਟੈਲੀਫੋਨ ਸਿਸਟਮ ਵੀ ਆਪਣਾ ਵੱਖਰਾ ਹੀ ਸੀ ਤੇ ਸਾਰੇ ਵਿਸ਼ਰਾਮ ਘਰਾਂ ਵਿਚ ਟੈਲੀਫੋਨ ਦੀ ਸਹੂਲਤ ਮੌਜੂਦ ਸੀ।

ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ 1845 ਵਿੱਚ ਪਹਿਲੀ ਜੰਗ ਹੋਈ, ਜਿਸ ਵਿੱਚ ਸਿੱਖ ਫੌਜ ਦੀ ਹਾਰ ਹੋਈ। ਹਾਰ ਉਪਰੰਤ ਹੋਈ ਸੰਧੀ ਤਹਿਤ ਹੋਰ ਸ਼ਰਤਾਂ ਤੋਂ ਇਲਾਵਾ ਲਾਹੌਰ ਵਿਖੇ ਇਕ ਅੰਗਰੇਜ਼ ਏਜੰਟ ਦੇ ਰਹਿਣ ਦੀ ਸ਼ਰਤ ਵੀ ਸੀ। ਈਸਟ ਇੰਡੀਆ ਕੰਪਨੀ ਵੱਲੋਂ ਹੈਨਰੀ ਲਾਰੰਸ ਨੂੰ ਬਤੌਰ ਕੰਪਨੀ ਏਜੰਟ ਲਾਹੌਰ ਭੇਜਿਆ ਗਿਆ। ਬਾਅਦ ਵਿੱਚ ਸੰਨ 1849 ਵਿੱਚ ਪੰਜਾਬ ਦੇ ਕੰਪਨੀ ਦੇ ਕਬਜ਼ੇ ਹੇਠ ਆ ਜਾਣ ਮਗਰੋਂ ਹੈਨਰੀ ਲਾਰੰਸ ਤਿੰਨ ਮੈਂਬਰੀ ਪ੍ਰਬੰਧਕ ਟ੍ਰਿਬਿਊਨਲ ਦਾ ਮੈਂਬਰ ਵੀ ਰਿਹਾ। ਹੈਨਰੀ ਲਾਰੰਸ ਨੇ ਆਪਣੀ ਰਿਹਾਇਸ਼ ਲਈ ਲਾਹੌਰ ਵਿਖੇ ਇਕ ਆਲੀਸ਼ਾਨ ਬੰਗਲਾ ਬਣਵਾਇਆ, ਜਿਸ ਨੂੰ ਲਾਰੰਸ ਗਾਰਡਨਜ਼ ਕਰਕੇ ਜਾਣਿਆ ਜਾਂਦਾ ਸੀ। ਪਰ ਪਾਕਿਸਤਾਨ ਬਣਨ ਮਗਰੋਂ ਇਸ ਦਾ ਨਾਂ ਬਾਗ-ਏ-ਜਿਨਾਹ ਕਰ ਦਿੱਤਾ ਗਿਆ ਹੈ। ਪੰਜਾਬ ਦੇ ਦਰਿਆਵਾਂ ਵਿੱਚੋਂ ਵੱਖ-ਵੱਖ ਥਾਵਾਂ ਤੋਂ ਨਹਿਰਾਂ ਕੱਢੀਆਂ ਗਈਆਂ। ਨਤੀਜੇ ਵਜੋਂ ਬਾਰ ਦੇ ਲੱਖਾਂ ਏਕੜ ਰਕਬੇ ਦੀ ਸਿੰਚਾਈ ਹੋਣ ਲੱਗੀ। ਬਾਰਾਂ ਦੇ ਇਲਾਕੇ ਵਿਚ ਅੰਗਰੇਜ਼ਾਂ ਵੱਲੋਂ ਦੋ ਨਵੇਂ ਸ਼ਹਿਰਾਂ ਨੂੰ ਵਸਾਇਆ ਗਿਆ। ਪਹਿਲਾ ਸ਼ਹਿਰ ਮਿੰਟਗੁਮਰੀ ਜੋ ਗਿਆ। ਪਾਕਿਸਤਾਨ ਸਰਕਾਰ ਨੇ ਇਨ੍ਹਾਂ ਦੋਹਾਂ ਸ਼ਹਿਰਾਂ ਦੇ ਨਾਂ ਬਦਲ ਦਿੱਤੇ ਹਨ। ਮਿੰਟਗੁਮਰੀ ਦਾ ਨਾਂ ਸਾਹੀਵਾਲ ਤੇ ਲਾਇਲਪੁਰ ਦਾ ਨਾਂ ਫੈਸਲਾਬਾਦ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਤੀਸਰੇ ਗਵਰਨਰ ਡੋਨਾਲਡ ਮੈਕਲਿਉਡ ਦੇ ਨਾਂ 'ਤੇ ਦੋ ਸ਼ਹਿਰ ਵਸਾਏ ਗਏ ਸਨ। ਪਹਿਲਾ ਸ਼ਹਿਰ ਮੈਕਲਿਉਡਗੰਜ ਕਾਂਗੜਾ ਜ਼ਿਲ੍ਹੇ ਵਿਚ ਧਰਮਸ਼ਾਲਾ ਦੇ ਨਜ਼ਦੀਕ ਹੈ ਤੇ ਦੂਸਰੇ ਸ਼ਹਿਰ ਦਾ ਨਾਂ ਵੀ ਮੈਕਲਿਉਡਗੰਜ ਹੀ ਹੈ ਜੋ ਕਿ ਪਾਕਿਸਤਾਨੀ ਪੰਜਾਬ ਦੇ ਬਹਾਵਲ ਨਗਰ ਜ਼ਿਲ੍ਹੇ ਵਿਚ ਹੈ (ਭਾਰਤ ਵਾਲੇ ਪਾਸਿਓਂ ਬਠਿੰਡਾ-ਬਹਾਵਲਪੁਰ ਲਾਈਨ 'ਤੇ ਹਿੰਦੂ ਮਲਕੋਟ (ਜੋ ਕਿ ਭਾਰਤ ਵਿੱਚ ਬਠਿੰਡਾ-ਸ੍ਰੀ ਗੰਗਾਨਗਰ ਲਾਈਨ 'ਤੇ ਸਥਿਤ ਹੈ) ਤੇ ਕੇਵਲ ਕੁਝ ਕਿਲੋਮੀਟਰ ਦੀ ਦੂਰੀ 'ਤੇ ਇਹ ਸ਼ਹਿਰ ਆਬਾਦ ਹੈ।

1864 ਵਿੱਚ ਲਾਹੌਰ ਵਿਖੇ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਹੋਈ। ਹੌਲੀ-ਹੌਲੀ ਕਈ ਕਾਲਜ ਖੁੱਲ੍ਹ ਗਏ। ਲਾਹੌਰ ਦੇ ਕਾਲਜਾਂ ਵਿੱਚੋਂ ਐਚੀਸਨ ਚੀਫਜ਼ ਕਾਲਜ ਇਕ ਪ੍ਰਮੁੱਖ ਵਿਦਿਅਕ ਸੰਸਥਾ ਸੀ, ਜਿਸ ਵਿੱਚ ਰਾਜੇ-ਮਹਾਰਾਜੇ ਜਾਂ ਫਿਰ ਵੱਡੇ ਜਾਗੀਰਦਾਰਾਂ ਦੇ ਪੁੱਤਰ ਪੜ੍ਹਿਆ ਕਰਦੇ ਸਨ। ਇਹ ਕਾਲਜ 1887 ਤੋਂ 1892 ਦੌਰਾਨ ਰਹੇ ਗਵਰਨਰ ਚਾਰਸ ਐਚੀਸਨ ਦੇ ਨਾਂ ਤੇ ਉਸਾਰਿਆ ਗਿਆ। ਇਸੇ ਤਰ੍ਹਾਂ ਅਣਵੰਡੇ ਪੰਜਾਬ ਦਾ ਪਹਿਲਾ ਮੈਡੀਕਲ ਕਾਲਜ ਲਾਹੌਰ ਵਿਖੇ ਕਿੰਗ ਐਡਵਰਡ ਮੈਡੀਕਲ ਕਾਲਜ ਬਰਤਾਨੀਆ ਦੇ ਸਮਰਾਟ ਐਡਵਰਡ ਦੇ ਨਾਂ 'ਤੇ ਉਸਾਰਿਆ ਗਿਆ। ਪੰਜਾਬ ਦੇ ਪਹਿਲੇ ਗਵਰਨਰ ਜੋਹਨ ਲਾਰੰਸ ਦੇ ਨਾਂ 'ਤੇ ਅੰਮ੍ਰਿਤਸਰ ਤੇ ਲਾਹੌਰ ਵਿਖੇ ਲਾਰੰਸ ਰੋਡ ਨਾਂ ਦੀਆਂ ਸੜਕਾਂ ਦਾ ਨਿਰਮਾਣ ਕੀਤਾ ਗਿਆ। 1934 ਦੇ ਕਰੀਬ ਜੋਗਿੰਦਰ ਨਗਰ ਵਿਖੇ ਪੰਜਾਬ ਦਾ ਪਹਿਲਾ ਪਣ ਬਿਜਲੀ ਘਰ ਚਾਲੂ ਹੋਇਆ। ਜਿੱਥੇ ਲਾਹੌਰ ਅਤੇ ਅੰਮ੍ਰਿਤਸਰ ਦੇ ਸ਼ਹਿਰਾਂ ਨੂੰ ਪਹਿਲੇ ਦੇ ਅਧਾਰ 'ਤੇ ਬਿਜਲੀ ਸਪਲਾਈ ਕੀਤੀ ਗਈ, ਉੱਥੇ ਗੁਰਦਾਸਪੁਰ ਜ਼ਿਲ੍ਹੇ ਦਾ ਧਾਰੀਵਾਲ ਕਸਬੇ ਵਿਖੇ ਇਕ ਅਤਿ ਆਧੁਨਿਕ ਗਰਮ ਕੱਪੜਾ ਤਿਆਰ ਕਰਨ ਵਾਲੀ ਮਿੱਲ ਸਥਾਪਤ ਕੀਤੀ ਗਈ ਜੋ ਕਿ ਬਿਜਲੀ ਨਾਲ ਚੱਲਦੀ ਸੀ।

## ਆਸਾ ਸਿੰਘ ਮਸਤਾਨਾਂ ਨੂੰ ਸਮਰਪਿਤ ਪ੍ਰੋਗਰਾਮ 'ਛਣਕਾਟਾ ਵੰਗਾਂ ਦਾ' ਦੀਆਂ ਤਿਆਰੀਆਂ ਮੁਕੰਮਲ

**ਫਰੀਮੌਂਟ/ਐੱਸ.ਅਸ਼ੋਕ ਭੌਰਾ:** ਨਵੇਂ ਵਰ੍ਹੇ ਦੀ ਆਮਦ 'ਤੇ ਪਿਛਲੇ ਅੱਠ ਸਾਲਾਂ ਤੋਂ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ ਅਮੋਲਕ ਸਿੰਘ ਗਾਖਲ ਅਤੇ ਐੱਸ.ਅਸ਼ੋਕ ਭੌਰਾ ਦੀ ਸਰਪ੍ਰਸਤੀ ਹੇਠ ਕਰਵਾਏ ਜਾਣ ਵਾਲੇ ਇਸ ਵਾਰ ਮਰਹੂਮ ਪਦਮਸ਼੍ਰੀ ਆਸਾ ਸਿੰਘ ਮਸਤਾਨਾਂ ਨੂੰ ਸਮਰਪਿਤ 8ਵੇਂ ਛਣਕਾਟਾ ਵੰਗਾਂ ਦਾ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।





ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਪ੍ਰਬੰਧਕ ਅਮੋਲਕ ਸਿੰਘ ਗਾਖਲ ਅਤੇ ਐੱਸ.ਅਸ਼ੋਕ ਭੌਰਾ ਨੇ ਦੱਸਿਆ ਕਿ ਇਸ ਸਾਹਿਤਕ, ਸੰਗੀਤਕ ਅਤੇ ਸੱਭਿਆਚਾਰਕ ਪ੍ਰੋਗਰਾਮ ਦੀ ਹੀ ਇਹ ਪ੍ਰਾਪਤੀ ਹੈ ਕਿ ਕੈਲੀਫੋਰਨੀਆਂ ਦੇ ਪੰਜਾਬੀ ਭਾਈਚਾਰੇ ਦੀਆਂ ਨਾਮੀ ਸਖਸ਼ੀਅਤਾਂ ਇਸ ਪ੍ਰੋਗਰਾਮ 'ਚ ਸ਼ਿਰਕਤ ਕਰਨਾ ਆਪਣਾ ਮਾਣ ਮਹਿਸੂਸ ਕਰਦੀਆਂ ਹਨ। ਇਹੀ ਕਾਰਨ ਹੈ ਕਿ ਸੈਨੇਟ ਦੀ ਚੋਣ ਲੜ ਰਹੇ ਮੈਨੀ ਗਰੇਵਾਲ ਇਸ ਦੇ ਪ੍ਰੋਗਰਾਮ ਦੇ ਮੁੱਖ ਮਹਿਮਾਨ ਹੋਣਗੇ ਜਦੋਂ ਕਿ ਗਾਇਕੀ ਵਿਚ ਅਤੇ ਗੀਤਕਾਰੀ ਵਿਚ ਸਿਖਰਾਂ ਛੂਹਣ ਵਾਲੇ ਦੇਬੀ ਮਖਸੂਸਪੁਰੀ ਦੀ ਸ਼ੈਲੀ ਤੇ ਸੁਰ ਦੇ ਰੰਗ 5 ਜਨਵਰੀ, ਦਿਨ ਐਤਵਾਰ ਨੂੰ ਪੈਰਾਡਾਈਜ਼ ਬਾਲਰੂਮ ਫਰੀਮਾਂਟ ਵਿਖੇ ਵੇਖਣ ਨੂੰ ਮਿਲਣਗੇ। ਪਿਛਲੇ ਲੰਮੇ ਅਰਸੇ ਤੋਂ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਬੁਲੰਦ ਆਵਾਜ਼ ਦੀ ਮਲਿਕਾ ਅੰਮ੍ਰਿਤਾ ਵਿਰਕ, ਸਥਾਨਕ ਕਲਾਕਾਰ ਸੱਤੀ ਪਾਬਲਾ ਅਤੇ ਕਮੇਡੀ ਕਿੰਗ ਭਜਨਾ ਅਮਲੀ ਇਸ ਪ੍ਰੋਗਰਾਮ ਦੇ ਮੁੱਖ ਆਕਰਸ਼ਣ ਬਣੇ ਰਹਿਣਗੇ। ਅਜੇ ਭੰਗੜਾ ਅਕੈਡਮੀ, ਪੰਜਾਬੀ ਧੜਕਣ ਅਕੈਡਮੀ ਅਤੇ ਡਾਂਸ ਕ੍ਰਿਸ਼ਮਾ ਵਲੋਂ ਭੰਗੜੇ ਗਿੱਧੇ ਅਤੇ ਹੋਰ ਲੋਕ ਕਲਾਕ੍ਰਿਤਾਂ ਦੀ ਪੇਸ਼ਕਾਰੀ ਕੀਤੀ ਜਾਵੇਗੀ। ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪੰਜਾਬੀ ਭਾਈਚਾਰੇ ਲਈ ਪੱਤਰਕਾਰੀ ਵਿਚ ਵਿਸ਼ੇਸ਼ ਸੇਵਾਵਾਂ ਨਿਭਾਉਣ ਵਾਲੇ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਅਤੇ ਕੁਲਵੰਤ ਉੱਭੀ ਧਾਲੀਆਂ ਦਾ ਸਨਮਾਨ ਹੋਵੇਗਾ। ਪ੍ਰੋਗਰਾਮ ਦਾ ਉਦਘਾਟਨ ਬੋਪਾਰਾਏ ਬ੍ਰਦਰਜ਼ ਕਰਨਗੇ ਅਤੇ ਸ਼ਮਾ ਰੌਸ਼ਨ ਡਾਇਮੰਡ ਟਰਾਂਸਪੋਰਟ ਦੇ ਗੁਲਵਿੰਦਰ ਗਾਖਲ, ਨੇਕੀ ਅਟਵਾਲ, ਪਿੰਕੀ ਅਟਵਾਲ, ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਸਾਂਝੇ ਰੂਪ ਵਿਚ ਕਰਨਗੇ। ਪ੍ਰੋਗਰਾਮ ਦਾ ਸੰਚਾਲਨ ਸ਼ਕਤੀ ਮਾਣਕ ਕਰੇਗੀ। ਇਸ ਪ੍ਰੋਗਰਾਮ ਵਿਚ ਐਂਟਰੀ ਫ੍ਰੀ ਹੋਵੇਗੀ ਅਤੇ ਸਵੇਰ 11 ਵਜੇ ਤੋਂ ਦੇਰ ਸ਼ਾਮ ਤੱਕ ਚੱਲਣ ਵਾਲੇ ਇਸ ਪ੍ਰੋਗਰਾਮ ਨੂੰ ਵੱਖ-ਵੱਖ ਚੈਨਲ ਸਿੱਧੇ ਰੂਪ 'ਚ ਪ੍ਰਸਾਰਤਿ ਕਰਨਗੇ। ਜਾਣਕਾਰੀ ਲਈ 510 695 4836 ਜਾਂ 510 512 3401 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕਿਸਾਨ ਦਰਸ਼ਨ ਸਿੰਘ ਨੇ ਲੱਖਾਂ ਦੀ ਜ਼ਮੀਨ ਮਸਜਿਦ ਲਈ ਕੀਤੀ ਦਾਨ

ਮੋਗਾ-ਜਲੰਧਰ-ਬਰਨਾਲਾ ਹਾਈਵੇ 'ਤੇ ਕਸਬਾ ਨਿਹਾਲ ਸਿੰਘ ਵਾਲਾ ਅਧੀਨ ਪਿੰਡ ਮਾਛੀਕੇ ਵਿਖੇ ਮਸਜਿਦ ਹਾਈਵੇ' ਦੇ ਵਿਚਕਾਰ ਆ ਰਿਹਾ ਸੀ। ਛੇ ਸਾਲ ਤੋਂ ਹਾਈਵੇ ਦਾ ਨਿਰਮਾਣ ਮਸਜਿਦ ਕਾਰਨ ਪੂਰਾ ਨਹੀਂ ਹੋ ਪਾ ਰਿਹਾ ਸੀ। ਜੋ ਪੰਚਾਇਤ ਮਸਜਿਦ ਲਈ ਜਗ੍ਹਾ ਮੁਹੱਈਆ ਕਰਵਾ ਰਹੀ ਸੀ, ਉਹ ਪਿੰਡ ਤੋਂ ਦੋ ਕਿਲੋਮੀਟਰ ਦੀ ਦੂਰੀ 'ਤੇ ਸੀ। ਅਜਿਹੀ ਸਥਿਤੀ ਵਿੱਚ ਮੁਸਲਿਮ ਭਾਈਚਾਰਾ ਉੱਥੇ ਮਸਜਿਦ ਬਣਾਉਣ ਲਈ ਤਿਆਰ ਨਹੀਂ ਸੀ। ਆਖਰਕਾਰ ਇੱਕ ਹ.ਫਤਾ ਪਹਿਲਾਂ, ਪਿੰਡ ਦੇ ਕਿਸਾਨ ਦਰਸ਼ਨ ਸਿੰਘ ਸੇਖੋਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਪਿੰਡ ਵਿੱਚ ਹੀ ਆਪਣੀ 16 ਮਰਲੇ ਜ਼ਮੀਨ ਦੇਣ ਦਾ ਪ੍ਰਸਤਾਵ ਦਿੱਤਾ ਸੀ। ਇਸ ਨਾਲ ਪ੍ਰਸ਼ਾਸਨ ਦੀ ਵੱਡੀ ਸਮੱਸਿਆ ਦਾ ਹੱਲ ਹੋ ਗਈ। ਸੇਖੋਂ ਨੇ ਬਿਨਾਂ ਸ਼ਰਤ ਜ਼ਮੀਨ ਮਸਜਿਦ ਨੂੰ ਮੁਫਤ ਵਿੱਚ ਦੇ ਦਿੱਤੀ। ਮੌਜੂਦਾ ਰੇਟ ਦੇ ਅਨੁਸਾਰ ਇਸ ਜ਼ਮੀਨ ਦੀ ਕੀਮਤ ਸੱਤ ਲੱਖ ਰੁਪਏ ਹੈ। ਦਰਸ਼ਨ ਸਿੰਘ ਨੇ ਕਿਹਾ ਸਿਰ.ਫ ਉਹੀ ਨਹੀਂ, ਬਲਕਿ ਪਿੰਡ ਦਾ ਸਾਰਾ ਸਿੱਖ ਭਾਈਚਾਰਾ ਮਸਜਿਦ ਬਣਾਉਣ ਵਿੱਚ ਮਦਦ ਕਰੇਗਾ।

# ਦਸਮੇਸ਼ ਪਿਤਾ ਗੋਬਿੰਦ ਸਿੰਘ

ਦਸਮੇਸ਼ ਪਿਤਾ, ਗੋਬਿੰਦ ਸਿੰਘ ਦੀ,
ਯਾਦ ਰਖੋ ਕੁਰਬਾਨੀਂ।
ਦਾਦਾ - ਬਾਪੂ, ਪੁੱਤਰ ਵਾਰ ਕੇ;
ਰਖੀ ਧਰਮ ਨਿਸ਼ਾਨੀ।

ਗੁਰੂ ਤੇਗ ਬਹਾਦਰ ਜੀ ਦੀ ਸ਼ਰਨੀ,
ਆਏ ਪੰਡਿਤ ਕਸ਼ਮੀਰੀ।
ਜਾਂਦਾ ਹਿੰਦੂ ਧਰਮ ਬਚਾਓ
ਸਾਡੇ ਪੱਲੇ ਹੈ ਦਿਲਗੀਰੀ।
ਪਿਤਾ ਜੀ ਧਰਮ ਬਚਾਉ ਇਨ੍ਹਾਂ ਦਾ,
ਇਹ ਨਹੀਂ ਕੌਮ ਬੇਗਾਨੀਂ ;
ਦਸਮੇਸ਼ ਪਿਤਾ, ਗੋਬਿੰਦ ਸਿੰਘ ਦੀ,
ਯਾਦ ਰਖੋ ਕੁਰਬਾਨੀਂ।
ਦਾਦਾ - ਬਾਪੂ, ਪੁੱਤਰ ਵਾਰ ਕੇ;
ਰਖੀ ਧਰਮ ਨਿਸ਼ਾਨੀ।

ਜਦ ਦਾਦੇ ਹਰਗੋਬਿੰਦ ਸਾਹਿਬ ਨੇ,
ਪਹਿਨੀਆਂ ਦੋ ਤਲਵਾਰਾਂ।
ਇਕ ਮੀਰੀ ਇਕ ਪੀਰੀ ਦੀ
ਤਾਂ ਦੰਗ ਹੋਈਆਂ ਸਰਕਾਰਾਂ।
ਜ਼ੁਲਮ ਨੂੰ ਟੱਕਰ ਗੁਰਾਂ ਜੋ ਦਿਤੀ,
ਬਣ ਗਈ ਅਮਰ ਕਹਾਣੀ ;
ਦਸਮੇਸ਼ ਪਿਤਾ, ਗੋਬਿੰਦ ਸਿੰਘ ਦੀ,
ਯਾਦ ਰਖੋ ਕੁਰਬਾਨੀਂ।
ਦਾਦਾ - ਬਾਪੂ, ਪੁੱਤਰ ਵਾਰ ਕੇ;
ਰਖੀ ਧਰਮ ਨਿਸ਼ਾਨੀ।

ਮਾਂ ਗੁਜ਼ਰੀ ਘਰ ਸੂਰਾ ਹੋਇਆ,
ਗੁਰ ਗੋਬਿੰਦ ਜੀ ਪਿਆਰਾ।
ਜ਼ੁਲਮ ਅੱਗੇ ਲ਼ੜਨ ਵਾਸਤੇ
ਪੰਥ ਬਣਾਇਆ ਨਿਆਰਾ।
ਇਕ, ਦੋ ,ਤਿੰਨ, ਚਾਰ ਤੇ ਪੰਜਵਾਂ
ਦੇ ਗਏ ਹੱਸ ਬਲਿਦਾਨੀ ;
ਦਸਮੇਸ਼ ਪਿਤਾ, ਗੋਬਿੰਦ ਸਿੰਘ ਦੀ
ਯਾਦ ਰਖੋ ਕੁਰਬਾਨੀਂ।
ਦਾਦਾ - ਬਾਪੂ, ਪੁੱਤਰ ਵਾਰ ਕੇ;
ਰਖੀ ਧਰਮ ਨਿਸ਼ਾਨੀ।

ਜਾਲਮ - ਜੁਲਮ ਦੀਆਂ ਸੋਚਾਂ ਨੂੰ,
ਮਿੱਟੀ ਵਿਚ ਦਫ਼ਨਾਇਆ।
ਅਨੰਦਪੁਰ 'ਚ ਪੰਥ ਖਾਲਸਾ
ਏਸੇ ਹੀ ਲਈ ਸਜਾਇਆ।
ਉਹ ਸਿੰਘ ਕੌਮ ਦੇ ਲੇਖੇ ਲਗ ਗਏ,
ਜੋ ਵਾਰ ਗਏ ਜ਼ਿੰਦਗਾਨੀ;
ਦਸਮੇਸ਼ ਪਿਤਾ, ਗੋਬਿੰਦ ਸਿੰਘ ਦੀ,
ਯਾਦ ਰਖੋ ਕੁਰਬਾਨੀਂ।
ਦਾਦਾ - ਬਾਪੂ, ਪੁੱਤਰ ਵਾਰ ਕੇ;
ਰਖੀ ਧਰਮ ਨਿਸ਼ਾਨੀ।

ਦੋ ਚਮਕੌਰ ਦੀ ਜੰਗ ਦੇ ਅੰਦਰ,
ਦੋ ਨੀਹਾਂ 'ਚ ਚਿਣਵਾਏ।
ਬੋਲੇ ਸੋ ਨਿਹਾਲ ਦੇ ਉਨ੍ਹਾਂ
ਬਾਂਹ ਚੁੱਕ ਜੈਕਾਰੇ ਲਾਏ।
ਸੰਤ-ਸਿਪਾਹੀ ਬਣ ਗਏ ਉਸੁਹਲ'
ਜੱਗ ਤੇ ਹੋਈ ਹੈਰਾਨੀ;
ਦਸਮੇਸ਼ ਪਿਤਾ,ਗੋਬਿੰਦ ਸਿੰਘ ਦੀ,
ਯਾਦ ਰਖੋ ਕੁਰਬਾਨੀਂ।
ਦਾਦਾ - ਬਾਪੂ, ਪੁੱਤਰ ਵਾਰ ਕੇ;
ਰਖੀ ਧਰਮ ਨਿਸ਼ਾਨੀ।

**-ਮਲਕੀਅਤ 'ਸੁਹਲ'**
**ਨੋਸ਼ਹਿਰੇ ਵਾਲਾ**
੯੮੭੨੮-੪੮੬੧੦

# ਗੁਰੂ ਗੋਬਿੰਦ ਸਿੰਘ ਜੀ ਦਾ ਮਨੋਵਿਗਿਆਨ ਤੇ ਸਿੱਖ ਲਹਿਰ

**ਦਲੀਪ ਸਿੰਘ ਦੀਪ**



ਗੁਰੂ ਗੋਬਿੰਦ ਸਿੰਘ ਇੱਕ ਮਹਾਨ ਮਨੋਵਿਗਿਆਨੀ ਸਨ। ਉਨ੍ਹਾਂ ਨੇ ਆਪਣੇ ਸਮਾਜ ਦੀ ਬਿਮਾਰੀ ਨੂੰ ਵਧੇਰੇ ਡੂੰਘੀ ਨੀਝ ਨਾਲ ਤੱਕਿਆ, ਅਭਿਆਸਿਆ ਤੇ ਫੇਰ ਇੱਕ ਅਜਿਹਾ ਇਲਾਜ ਕੀਤਾ, ਜਿਹੜਾ ਸਿਰਫ਼ ਸਰੀਰ ਨੂੰ ਅਰੋਗ ਤੇ ਮਜ਼ਬੂਤ ਹੀ ਨਹੀਂ ਕਰ ਸਕਿਆ, ਸਗੋਂ ਆਤਮਾ ਨੂੰ ਵੀ ਰੋਗ-ਰਹਿਤ, ਸਵੱਛ ਤੇ ਸਦਾ ਲਈ ਬਲਵਾਨ ਬਣਾ ਗਿਆ, ਜਿਸ ਦੀ ਪ੍ਰਤੱਖ ਕਰਾਮਾਤ ਇਹ ਜਿਉਂਦੀ ਜਾਗਦੀ ਨਿਆਰੀ ਖਾਲਸਾ ਫ਼ੌਜ ਹੈ। ਗੁਰੂ ਗੋਬਿੰਦ ਸਿੰਘ ਨੇ ਆਪਣੇ ਪਿਤਾ ਦੇ ਸਮਕਾਲੀ ਸਮੇਂ ਅਤੇ ਉਸ ਤੋਂ ਪਹਿਲੇ ਸਮੇਂ ਦਾ ਚੰਗਾ ਅਧਿਐਨ ਕੀਤਾ। ਆਪ ਨੇ ਉਸ ਵੇਲੇ ਦੇ ਹੁਕਮਰਾਨ ਦੀ ਨੀਤੀ ਤੇ ਸਿੱਖਾਂ ਦੀ ਦਸ਼ਾ ਨੂੰ ਚੰਗੀ ਤਰ੍ਹਾਂ ਅਨੁਭਵਿਆ ਤੇ ਬੜੇ ਹੀ ਸੁਚੱਜੇ ਮਨੋਵਿਗਿਆਨਕ ਸਾਧਨਾਂ ਨਾਲ ਆਪਣੀ ਬਾਲ ਅਵਸਥਾ ਵਿੱਚ ਹੀ ਨਰੋਏ ਤੇ ਅਰੋਗ ਸਮਾਜ ਦੀ ਉਸਾਰੀ ਲਈ ਇਲਾਜ ਆਰੰਭ ਦਿੱਤਾ। ਆਪ ਨੇ ਮਹਿਸੂਸ ਕੀਤਾ ਕਿ ਹੁਕਮਰਾਨ ਕਾਫੀ ਜਾਬਰ ਹਨ ਤੇ ਲਿਤਾੜਿਆ ਦਾ ਚੁੱਕਾ ਹਿੰਦੂ ਸਮਾਜ ਮਾਨਸਿਕ ਤੌਰ 'ਤੇ ਵੀ ਮੁਰਦਾ ਹੋ ਚੁੱਕਾ ਹੈ। ਰਾਜਸੀ ਜਬਰਤਾ ਨੂੰ ਸੰਘਾਰਨ ਲਈ ਉਨ੍ਹਾਂ ਅੰਦਰ ਬੀਰਤਾ ਦੀ ਤਰੰਗ ਨਹੀਂ ਉੱਠਦੀ, ਸਗੋਂ ਹੀਣਤਾ ਦੀ ਦਸ਼ਾ ਵਿੱਚ ਆਪਾ ਛੁਪਾਉਣ ਦਾ ਹੀ ਉਪਰਾਲਾ ਕੀਤਾ ਜਾਂਦਾ ਸੀ। ਇਸ ਦਾ ਇਲਾਜ ਕਰਨਾ ਬਹੁਤ ਹੀ ਜ਼ਰੂਰੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਛੁਟੇਰੀ ਉਮਰ ਵਿੱਚ ਹੀ ਕਮਾਲ ਦਾ ਪ੍ਰੋਗਰਾਮ ਜਾਰੀ ਕਰ ਦਿੱਤਾ। ਇੱਕ ਤਾਂ ਬਾਲਕਾਂ ਦੇ ਟੋਲੇ ਬਣਾ ਕੇ ਉਹਨਾਂ ਦੀ ਆਪੋ ਵਿੱਚ ਲੜਾਈ ਕਰਾ ਕੇ ਧਰਮ ਯੁੱਧ ਲਈ ਲੜਨ ਦਾ ਚਾਅ ਪੈਦਾ ਕੀਤਾ। ਇਸ ਨਾਲ ਆਤਮਿਕ ਤੌਰ 'ਤੇ ਵੀਰਤਾ ਪ੍ਰਾਪਤ ਕਰਨ ਤੇ ਲੜ ਮਰਨ ਦਾ ਹਲੂਣਾ ਉਨ੍ਹਾਂ ਬੁਜ਼ਦਿਲ ਤੇ ਨਿਤਾਣੀਆਂ ਹੋ ਚੁੱਕੀਆਂ ਆਤਮਾਵਾਂ ਨੂੰ ਮਿਲਦਾ ਸੀ। ਦੂਜਾ, ਜਿਹੜਾ ਵੀ ਕੋਈ ਨਵਾਬ ਜਾਂ ਹੁਕਮਰਾਨ ਲੰਘਦਾ, ਉਹ ਬਾਲਕਾਂ ਨੂੰ ਕਹਿੰਦੇ ਕਿ ਇਹਨਾਂ ਨੂੰ ਦੰਦੀਆਂ ਵਿਖਾ-ਵਿਖਾ ਕੇ ਚਿੜ੍ਹਾਓ। ਗੱਲ ਤਾਂ ਸਾਧਾਰਨ ਹੈ, ਪਰ ਇਸ ਦਾ ਪ੍ਰਭਾਵ ਅਤਿ ਡੂੰਘੇਰਾ ਤੇ ਪਕੇਰਾ ਹੈ। ਗੁਰੂ ਸਾਹਿਬ ਨੂੰ ਇੱਕ ਉੱਚ ਕੋਟੀ ਦੇ ਮਨੋਵਿਗਿਆਨੀ ਵਾਂਗ ਇਹ ਅਨੁਭਵ ਸੀ ਕਿ ਬੱਚਿਆਂ ਦੇ ਮਨਾਂ ਅੰਦਰ ਜਿਹੋ ਜਿਹਾ ਪ੍ਰਭਾਵ ਦਾ ਬੀਜ ਬੀਜਿਆ ਜਾਵੇ, ਉਸ ਦੀ ਉਸਾਰੀ ਉਸੇ ਤਰ੍ਹਾਂ ਹੁੰਦੀ ਹੈ। ਇਸ ਸਾਧਾਰਨ ਖੇਡ ਨਾਲ ਬੱਚਿਆਂ ਅੰਦਰ ਜਾਬਰ ਹੁਕਮਰਾਨਾਂ ਨੂੰ ਟਿਚ ਸਮਝਣ ਅਤੇ ਨਾਲ ਹੀ ਸ੍ਵੈ-ਮਾਣ ਅਤੇ ਸ੍ਵੈ-ਭਰੋਸੇ ਦਾ ਅਹਿਸਾਸ ਪ੍ਰਫੁੱਲਤ ਹੋਣ ਲੱਗ ਪਿਆ ਜਿਸ ਦਾ ਨਿਸ਼ਚੇ ਹੀ ਬਾਅਦ ਵਿੱਚ ਮਹਾਨ ਅਸਰ ਹੋਇਆ।

ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਆਪ ਦਾ ਖਿੜੇ ਮੱਥੇ ਸ਼ਹੀਦੀ ਦੇਣ ਲਈ ਕਹਿਣਾ ਵੀ ਉਨ੍ਹਾਂ ਦੇ ਸਿੱਖਾਂ ਲਈ ਇੱਕ ਅਹਿਸਾਸ ਸੀ ਕਿ ਧਰਮ ਨੂੰ ਨਿਭਾਉਣ ਲਈ ਇਨਸਾਨ ਨੂੰ ਵੱਡੇ ਤੋਂ ਵੱਡਾ ਮੋਹ ਵੀ ਤਿਆਗ ਦੇਣਾ ਚਾਹੀਦਾ ਹੈ। ਪੁੱਤਰਾਂ ਦੀਆਂ ਸ਼ਹੀਦੀਆਂ ਵੀ ਇਸੇ ਅਹਿਸਾਸ ਦੀ ਦ੍ਰਿੜ੍ਹਤਾ ਕਰਾਉਂਦੀਆਂ ਹਨ। ਇਸ ਦਾ ਅਸਰ ਕੀ ਹੋਇਆ ? ਉਸ ਦੀਆਂ ਅਨੇਕਾਂ ਹੀ ਮਿਸਾਲਾਂ ਸਿੱਖ ਇਤਿਹਾਸ ਵਿੱਚ ਮਾਵਾਂ, ਬੱਚਿਆਂ ਤੇ ਪਿਤਾਵਾਂ ਦੀਆਂ ਸ਼ਹੀਦੀਆਂ ਦੀਆਂ ਮਿਲਦੀਆਂ ਹਨ।

ਇੱਕ ਸਿੰਘ ਦਾ ਅਜੋਕਾ ਬਾਣਾ ਵੀ ਇੱਕ ਮਹਾਨ ਮਨੋਵਿਗਿਆਨੀ ਦੀ ਦੈਵੀ ਆਤਮਾ ਦਾ ਹੀ ਕਰਿਸ਼ਮਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਇੱਕ ਮਹਾਨ ਪਰਿਵਰਤਨ ਲਿਆਂਦਾ। ਔਰੰਗਜ਼ੇਬ ਦੇ ਹੁਕਮ 'ਤੇ ਕਿ 'ਜੇ ਕੋਈ ਗੁਰੂ ਤੇਗ਼ ਬਹਾਦਰ ਦਾ ਸਿੱਖ ਹੈ, ਤਾਂ ਧੜ ਉਠਾ ਕੇ ਲੈ ਜਾਵੇ' ਕੋਈ ਵੀ ਆਪਣੇ ਆਪ ਨੂੰ ਸਿੱਖ ਅਖਵਾ ਕੇ ਮੈਦਾਨ ਵਿੱਚ ਨਾ ਨਿਤਰਿਆ। ਪਛਾਣ ਵੀ ਕੀ ਹੋ ਸਕਦੀ ਸੀ ? ਜੇ ਕੋਈ ਅੱਤਿਆਚਾਰੀ ਕਹਿੰਦਾ, 'ਤੂੰ ਸਿੱਖ ਹੈ ਤੈਨੂੰ ਦੰਡ ਦਿੱਤੇ ਜਾਣਗੇ' ਤਾਂ ਉਹ ਜੇ ਇਨਕਾਰ ਕਰਦਾ ਤਾਂ ਪੜਤਾਲ ਹੁੰਦੀ ਤੇ ਕਈ ਵਾਰੀ ਉਹ ਬਚ ਜਾਂਦਾ। ਭਾਵ ਕੀ ਸਵਾਰਥ ਜਾਂ ਜਾਨ-ਰੱਖਿਆ ਲਈ ਉਹ ਸਿੱਖੀ ਤੋਂ ਮੁਨਕਰ ਹੋ ਜਾਂਦਾ। ਜਿਸ ਸਿੱਖ ਨੂੰ ਆਪਣੇ ਆਪ ਨੂੰ ਸਿੱਖ ਅਖਵਾਉਣ ਵਿੱਚ ਸਰੂਰ ਨਾ ਆਵੈ, ਫ਼ਖ਼ਰ ਨਾ ਹੋਵੇ, ਉਸ ਨੇ ਸਮੁੱਚੀ ਸਿੱਖ ਕੌਮ ਦਾ ਕੀ ਸਵਾਰਨਾ ਹੋਇਆ। ਸੋ ਇਸ ਘਟਨਾ ਤੋਂ ਗੁਰੂ ਗੋਬਿੰਦ ਸਿੰਘ ਨੇ ਅਨੁਭਵ ਕਰ ਲਿਆ ਕਿ ਹੁਣ ਸਿੱਖ ਨੂੰ ਇੱਕ ਅਜਿਹੀ ਸ਼ਕਲ ਦੇਣੀ ਪਵੇਗੀ, ਇੱਕ ਅਜਿਹੀ ਵਰਦੀ ਪਹਿਨਾਉਣੀ ਪਵੇਗੀ ਕਿ ਭਾਵੇਂ ਉਹ ਕਿੱਥੇ ਵੀ ਹੋਵੇ, ਕਿਹੋ ਜਿਹੀ ਦਸ਼ਾ ਵਿੱਚ ਹੋਵੇ, ਉਹ ਆਪ ਨੂੰ ਅਸਿੱਖ ਨਹੀਂ ਅਖਵਾ ਸਕੇਗਾ। ਇਸ ਨਾਲ ਉਸ ਦਾ ਮਨ ਬਲਵਾਨ ਹੋਵੇਗਾ, ਦ੍ਰਿੜ੍ਹਤਾ ਉਪਜੇਗੀ, ਉੱਚਤਾ ਦਾ ਅਹਿਸਾਸ ਜਾਗੇਗਾ ਤੇ ਆਪੇ ਨੂੰ ਇੱਕ ਅਨੋਖਾ ਜਿਹਾ ਸਰੂਰ ਮਹਿਸੂਸ ਹੋਵੇਗਾ।

ਮਹਾਨ ਗੁਰੂ ਨੇ ਆਪਣੇ ਅਹਿਸਾਸ ਨੂੰ ਜਨਮ ਦੇਣ ਲਈ ਕੋਈ ਵਿਸ਼ੇਸ਼ ਪ੍ਰੋਗਰਾਮ ਬਣਾਉਣਾ ਸੀ। ਕਿਸੇ ਅਜਿਹੇ ਦਿਵਸ ਦੀ ਚੋਣ ਕਰਨੀ ਸੀ, ਜਿਸ ਦਿਨ ਵੱਖ-ਵੱਖ ਪ੍ਰਾਂਤਾਂ ਤੋਂ ਸਿੱਖ ਇੱਕ ਥਾਂ ਇਕੱਤਰ ਹੋ ਸਕਦੇ। ਉਹ ਦਿਨ ਸੀ 'ਵਿਸਾਖੀ' ਦਾ ਅਰਥਾਤ ਵਿਸਾਖ ਜਾਂ ਨਵੇਂ ਸਾਲ ਦੀ ਆਰੰਭਤਾ ਦਾ ਦਿਨ। ਇਸ ਆਰੰਭਤਾ 'ਤੇ ਹੀ ਖਾਲਸੇ ਦਾ ਅਸਲੀ ਜਨਮ ਹੋਣਾ ਸੀ। ਆਸ਼ੇ ਦੀ ਪੂਰਤੀ ਲਈ ਪਹਿਲਾਂ ਹੀ ਥਾਉਂ-ਥਾਈਂ ਸੁਨੇਹੜੇ ਚਲੇ ਗਏ। ਪਹਿਲੀ ਵਿਸਾਖ ਸੰਮਤ 1756 (30 ਮਾਰਚ 1699) ਨੂੰ ਇੱਕ ਭਾਰੀ ਮੇਲਾ ਆਨੰਦਪੁਰ ਸਾਹਿਬ ਦੀ ਰਮਣੀਕ ਧਰਤੀ 'ਤੇ ਲੱਗਾ। ਮਨੋਵਿਗਿਆਨੀ ਗੁਰੂ ਨੇ ਕਾਇਰਤਾ ਦੇ ਮੋਹ ਵਿੱਚੋਂ ਨਿਕਲਣ ਦੀ ਇੱਕ ਕਰੜੀ ਪ੍ਰੀਖਿਆ ਲਈ। ਸ੍ਰੀ ਸਾਹਿਬ ਨੂੰ ਲਿਸ਼ਕਾ ਕੇ, ਵੀਰਤਾ ਵਿੱਚ ਆ ਕੇ ਮੰਗ ਕੀਤੀ ਇੱਕ ਸਿਰ ਦੀ। ਸਿੱਖ ਨੂੰ ਕੁੰਦਨ ਬਣਾਉਣ ਲਈ। ਫੇਰ ਦੂਜੇ ਨਾਲ, ਤੀਜੇ ਨਾਲ, ਚੌਥੇ ਨਾਲ ਤੇ ਪੰਜਵੇਂ ਨਾਲ ਇਸ ਤਰ੍ਹਾਂ ਹੀ ਕੀਤਾ। "ਸਿਰ ਦੇ ਕੇ ਹੀ ਕੌਮਾਂ ਬਣਦੀਆਂ ਹਨ" ਦੇ ਅਸੂਲ ਨੂੰ ਨਿਸ਼ਚਿਤ ਕਰਾਇਆ। ਇੱਕੋ ਜਿਹੀ ਵਰਦੀ ਪਵਾ ਕੇ, ਆਪਣਾ ਤੇਜ਼ ਬਖਸ਼ ਕੇ ਇੱਕੋ ਜਿਹਾ ਰੂਪ ਦੇ ਦਿੱਤਾ। ਇਹ ਪ੍ਰੋਗਰਾਮ ਦਾ ਪਹਿਲਾ ਸਫ਼ਲ ਕਦਮ ਸੀ। ਫੇਰ ਮਨ ਦੀ ਪਕਿਆਈ ਦਾ ਬਾਕੀ ਪ੍ਰੋਗਰਾਮ ਵੀ ਜਾਰੀ ਕੀਤਾ।

ਗੁਰੂ ਸਾਹਿਬ ਜਬਰਤਾ ਵਿਰੁੱਧ ਲੜਨ ਲਈ ਆਪਣੇ ਸਿੱਖ ਦੀ ਆਤਮਾ ਨੂੰ ਫੌਲਾਦੀ ਬਣਾਉਣਾ ਚਾਹੁੰਦੇ ਸਨ। ਇਸ ਦੀ ਮਨੋਵਿਗਿਆਨਕ ਕਾਰਵਾਈ ਵੀ ਅਸਚਰਜ ਸੀ, ਸਰਬਲੋਹ ਦਾ ਬਾਟਾ ਮੰਗਵਾਇਆ ਗਿਆ। ਸਵੱਛ ਜਲ ਵਿੱਚ ਲੋਹੇ ਦਾ ਖੰਡਾ ਫੇਰਿਆ ਗਿਆ, ਓਨਾ ਚਿਰ ਜਿੰਨਾ ਚਿਰ ਉਹ ਜਲ ਵੀ ਫੌਲਾਦੀ ਨਾ ਹੋ ਗਿਆ ਤੇ ਫੇਰ ਨਾਲ ਹੀ ਉਚੇਰੀ ਤੇ ਸਵੱਛ ਸੁਰਤੀ ਰੱਖਣ ਲਈ ਪੰਜ ਬਾਣੀਆਂ ਦਾ ਪਾਠ ਵੀ ਕੀਤਾ ਗਿਆ। ਇਹਨਾਂ ਬਾਣੀਆਂ ਦਾ ਵੀ ਮਨੋਵਿਗਿਆਨਕ ਆਸ਼ਾ ਹੈ। ਜਪੁ ਜੀ ਗੁਰਮਤਿ ਦੇ ਸਿਧਾਂਤ ਨੂੰ ਸਮਝਣ ਅਤੇ ਜੀਵਨ ਨੂੰ ਸਫ਼ਲਤਾ ਸਹਿਤ ਗੁਜ਼ਾਰਨ ਦਾ ਮਾਰਗ ਦੱਸਦੀ ਹੈ, ਮੁਸ਼ੱਕਤ ਘਾਲ ਕੇ ਆਸ਼ੇ ਨੂੰ ਪ੍ਰਾਪਤ ਹੋਣ ਦਾ ਢੰਗ, ਜਾਪੁ ਸਾਹਿਬ ਗੁਰਸਿੱਖੀ ਨੂੰ ਨਿਰੰਕਾਰ ਦੇ ਲੱਛਣਾਂ ਦੇ ਵਾਰ-ਵਾਰ ਦੁਹਰਾਓ ਨਾਲ ਅਜਿਹੇ ਗੁਣਾਂ ਨੂੰ ਆਪਣੇ ਵਿੱਚ ਪਰਵੇਸ਼ ਕਰਨ ਲਈ ਚੇਤੰਨ ਕਰਦਾ ਹੈ। ਜਾਪੁ ਸਾਹਿਬ ਦੀ ਛੰਦਕ ਚਾਲ ਵਿੱਚ ਬੀਰਤਾ ਲਈ ਤਰਾਨੇ ਦਾ ਹੁਲਾਰਾ ਹੈ, ਸਵੱਯੇ ਭੇਖਾਂ-ਭਰਮਾਂ ਤੋਂ ਦੂਰ ਹੋ ਕੇ ਹੰਕਾਰ ਆਦਿ ਰੋਗਾਂ ਤੋਂ ਚਿੰਤਾਤੁਰ ਹੋ ਕੇ ਪਿਆਰੇ ਦੇ ਇਸ਼ਕ ਵਿੱਚ ਗ਼ਲਤਾਨ ਹੋ ਜਾਣ ਲਈ ਪ੍ਰੇਰਨਾ ਕਰਦੇ ਹਨ, ਚੋਪਈ ਵਿੱਚ ਨਿਰੰਕਾਰ ਨੂੰ 'ਖੜਗ' ਰੂਪ ਵਿੱਚ ਦੇਖ ਕੇ ਉਸ ਤੋਂ ਆਪਣੇ ਧਰਮ ਅਰਥਾਤ ਫ਼ਰਜ਼ ਨੂੰ ਨਿਭਾਉਣ ਦੀ ਯਾਚਨਾ ਕੀਤੀ ਹੈ ਤੇ ਫੇਰ ਇਸ ਮਾਨਸਿਕ ਸ਼ਕਤੀ ਨਾਲ ਚਿਤ ਵਿੱਚ 'ਆਨੰਦ' ਪੈਦਾ ਹੋ ਜਾਂਦਾ ਹੈ। ਨਿਤਾਪ੍ਰਤੀ ਅਜਿਹਾ ਅਧਿਐਨ ਕਰਨ ਨਾਲ ਗੁਰਸਿੱਖ ਸੰਤ-ਸਿਪਾਹੀ ਦੇ ਫਰਜ਼ ਨੂੰ ਯਾਦ ਕਰਦਾ ਹੈ, ਆਤਮਿਕ ਬਲਵਾਨਤਾ ਹੋ ਜਾਣ ਦੇ ਨਾਲ ਉਹ ਧਰਮ-ਯੁੱਧ ਲਈ ਦ੍ਰਿੜ੍ਹ ਹੋ ਕੇ ਜੁਟਦਾ ਹੈ।

ਆਖਦੇ ਤਾਂ ਹਨ ਕਿ ਅੰਮ੍ਰਿਤ ਤਿਆਰ ਹੋਣ ਸਮੇਂ ਮਾਤਾ ਸਾਹਿਬ ਦੇਵਾ ਜੀ ਪਤਾਸੇ ਲੈ ਕੇ ਆ ਗਏ, ਪਰ ਇਹ ਅਜਿਹੀ ਕੋਈ ਮੌਕਾ-ਮੇਲ ਦੀ ਗੱਲ ਨਹੀਂ ਸੀ। ਗੁਰੂ ਗੋਬਿੰਦ ਸਿੰਘ ਦੇ ਮਿੱਥੇ ਪ੍ਰੋਗਰਾਮ ਦੇ ਅਨੁਸਾਰ ਹੀ ਸੀ। ਉਹ ਮਨੁੱਖ ਦੀ ਆਤਮਾ ਨੂੰ ਨਿਰਾ ਫ਼ੌਲਾਦ ਵਾਂਗ ਕਰੜਾ ਹੀ ਨਹੀਂ ਸਨ ਬਣਾ ਦੇਣਾ ਚਾਹੁੰਦੇ, 'ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤ' ਦੇ ਆਸ਼ੇ ਅਨੁਸਾਰ ਸਿੱਖ ਦੀ ਆਤਮਾ ਵਿੱਚ ਮਿਠਾਸ ਵੀ ਭਰਨਾ ਲੋਚਦੇ ਸਨ। ਇਹ ਗੁਣ ਪਤਾਸਿਆਂ (ਉੱਤਮ ਮਿੱਠਾ) ਦੇ ਰੂਪ ਵਿੱਚ ਸੰਕੇਤ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਮਨੁੱਖੀ ਸੁਭਾਅ ਤੇ ਉਸ ਦੇ ਅਸਰ ਤੋਂ ਚੰਗੀ ਤਰ੍ਹਾਂ ਜਾਣੂ ਸਨ। ਸਾੜਾ ਜਾਂ ਨਫ਼ਰਤ ਇਨਸਾਨੀਅਤ ਦਾ ਜਨਾਜ਼ਾ ਕੱਢ ਕੇ ਏਕਤਾ ਦਾ ਸਾਹ ਘੁੱਟ ਕੇ, ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜਨ ਲਈ ਮਜਬੂਰ ਕਰ ਦਿੰਦੀ ਹੈ। ਪਿਆਰ ਤੇ ਭਰਾਤਰੀ-ਭਾਵ ਕੌਮਾਂ ਦੀ ਜ਼ਿੰਦਗੀ ਹੈ। ਹਿੰਦੂ ਸਮਾਜ ਦੀ ਕਰੜੀ ਗੁਲਾਮੀ ਦਾ ਮੁੱਖ ਕਾਰਨ ਜਾਤਾਂ ਦੀ ਵੰਡ ਤੇ ਇੱਕ ਦੂਜੇ ਨੂੰ ਘਿਰਣਾ ਕਰਨ ਦੀ ਪਰਬਲ ਰੁਚੀ ਹੀ ਸੀ, ਜਿਸ ਨੇ ਭਾਰਤੀ ਸਮਾਜ ਨੂੰ ਸੱਤਿਆਹੀਨ ਬਣਾ ਦਿੱਤਾ ਸੀ। ਗੁਰੂ ਜੀ ਨੇ ਆਪਣੇ ਉਦੇਸ਼ ਦੀ ਪੂਰਤੀ ਲਈ ਇਸ ਮਾਰੂ ਸਥਿਤੀ ਨੂੰ ਦੂਰ ਕਰਨ ਦਾ ਇੱਕ ਕ੍ਰਾਂਤੀਮਈ ਕਦਮ ਉਠਾਇਆ। ਪੰਜ ਪਿਆਰੇ ਭਿੰਨ-ਭਿੰਨ ਜਾਤੀਆਂ ਦੇ ਸਨ, ਪੰਜਾਂ ਨੂੰ ਇੱਕੋ ਬਾਟੇ ਵਿੱਚੋਂ ਹੀ ਅੰਮ੍ਰਿਤ ਛਕਾ ਦਿੱਤਾ। ਸਾਰਿਆਂ ਨੇ ਇੱਕ ਦੂਜੇ ਦੀ ਜੂਠ ਨੂੰ ਪਿਆਰ ਦੀ ਸੁੱਚ ਕਰ ਕੇ ਸਵੀਕਾਰ ਕੀਤਾ, ਛੂਤ-ਛਾਤ ਉੱਡ ਗਈ। ਗੁਰ ਸਿੱਖ ਭਾਈ ਭਾਈ ਬਣ ਗਏ। ਖਾਣ ਪੀਣ, ਪਹਿਨਣ ਅਤੇ ਵਰਤਣ ਵਿੱਚ ਸਾਂਝ ਹੋ ਗਈ। ਜਾਤ, ਸਥਾਨ ਦਾ ਭੇਦ ਦੂਰ ਕਰ ਕੇ ਗੁਰੂ ਗੋਬਿੰਦ ਸਿੰਘ ਨੇ ਪੰਜਾਂ ਨੂੰ 'ਭਾਈ' ਦਾ ਰੁਤਬਾ ਦਿੱਤਾ।

ਨਾਮ ਨਿਸਚੇ ਹੀ ਮਨੁੱਖ ਦੇ ਮਨ 'ਤੇ ਪ੍ਰਭਾਵ ਪਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਇਸ ਮਹਾਨਤਾ ਤੋਂ ਭਲੀ ਪ੍ਰਕਾਰ ਜਾਣੂ ਸਨ। ਉਨ੍ਹਾਂ ਨੇ ਇਸ ਮਹਾਨ ਦਿਵਸ 'ਤੇ ਹਰੇਕ ਸਿੱਖ ਨੂੰ ਆਪਣੇ ਨਾਉਂ ਨਾਲ ਸਿੰਘ ਵਰਤਣ ਦੀ ਤਾਕੀਦ ਕੀਤੀ। ਸਿੰਘ ਸ਼ਬਦ ਸਦਾ ਹੀ ਦ੍ਰਿੜ੍ਹ ਕਰਾਂਦਾ ਹੈ। ਗੁਰਸਿੱਖ ਨੂੰ ਸ਼ੇਰ ਵਾਲਾ ਹਿਰਦਾ ਰੱਖਣ ਲਈ! ਫੇਰ ਇੱਕ ਹੋਰ ਮਹਾਨਤਾ ਭਰਿਆ ਅਹਿਸਾਸ ਜਿਹੜਾ ਕਿ ਹਰ ਸਿੱਖ ਦੇ ਹਿਰਦੇ ਵਿੱਚ ਪਰਵੇਸ਼ ਕਰਾਇਆ, ਉਹ ਸੀ ਇੱਕ ਅਨੋਖਾ ਖ਼ਿਤਾਬ 'ਸਰਦਾਰ' ਸ਼ਬਦ ਦਾ। ਮਾਇਕ ਤੌਰ 'ਤੇ ਕਿਸੇ ਗਰੀਬੜੇ ਸਿੱਖ ਨੂੰ ਵੀ ਜਦ ਕੋਈ 'ਸਰਦਾਰ' ਕਰ ਕੇ ਬੁਲਾਂਦਾ ਹੈ, ਤਾਂ ਉਸ ਨੂੰ ਇਕ ਸਰੂਰ ਜਿਹਾ ਆ ਜਾਂਦਾ ਹੈ। ਅੰਮ੍ਰਿਤ-ਪ੍ਰਚਾਰ ਦੇ ਨਾਲ ਮਹਾਨ ਮਨੋਵਿਗਿਆਨੀ ਗੁਰੂ ਨੇ ਪੰਜ ਕੱਕਾਰ ਰੱਖਣਾ ਜ਼ਰੂਰੀ ਕਰਾਰ ਦੇ ਦਿੱਤਾ। ਜਿੱਥੇ ਇਹਨਾਂ ਕੱਕਾਰਾਂ ਦੇ ਵਿਗਿਆਨਕ ਲਾਭ ਹਨ, ਉੱਥੇ ਮਨੁੱਖ ਦੇ ਮਨ ਨਾਲ ਵੀ ਇਨ੍ਹਾਂ ਦਾ ਗੂੜ੍ਹਾ ਸੰਬੰਧ ਹੈ। ਇਹ ਕੱਕਾਰ, ਸਿੰਘ ਦੀ ਨਿਆਰਤਾ, ਸ੍ਰੇਸ਼ਟਤਾ ਤੇ ਸ੍ਵੈ-ਮਾਣ ਨੂੰ ਕਾਇਮ ਰੱਖਦੇ ਹਨ, ਇਸ ਨਿਆਰਤਾ ਵਿੱਚ ਗੁਰੂ ਦੀ ਮਿਹਰ ਹੈ।

ਜਬ ਲਗ ਖਾਲਸਾ ਰਹੈ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ॥

'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ", 'ਸਤਿ ਸ੍ਰੀ ਅਕਾਲ", 'ਦੇਗ ਤੇਗ਼ ਫ਼ਤਹਿ' ਤੇ 'ਚੜ੍ਹਦੀ ਕਲਾ' ਆਦਿ ਬੋਲ ਵੀ ਉਚੇਰੇ ਜੀਵਨ ਤੇ ਦੈਵੀ ਆਚਰਨ ਦਾ ਅਹਿਸਾਸ ਕਰਾਂਦੇ ਹਨ।

## ਸੰਤ ਸਿਪਾਹੀ

ਇਕ ਹੱਥ ਵਿੱਚ ਕਲਮ ਫੜੀ ਤੇ ਦੂਜੇ ਹੱਥ ਤਲਵਾਰ
ਨਾਲ ਜ਼ੁਲਮ ਦੇ ਲਾਇਆ ਮੱਥਾ ਜ਼ਾਲਮ ਨੂੰ ਲਲਕਾਰ
ਮਾੜੇ ਦੀ ਸੰਘੀ 'ਤੇ ਗੂਠਾ ਨਹੀਂ ਕਿਸੇ ਨੇ ਧਰਨਾ
ਐਵੇਂ ਕਿਸੇ ਨੂੰ ਭੈਅ ਨਹੀਂ ਦੇਣਾ ਨਹੀਂ ਕਿਸੇ ਤੋਂ ਡਰਨਾ
ਵਿੱਚ ਮੈਦਾਨ-ਏ-ਜੰਗ ਦੇ ਨਹੀਓਂ ਕਰਨਾ ਪਿੱਠ 'ਤੇ ਵਾਰ
ਨਾਲ ਜ਼ੁਲਮ ਦੇ ਲਾਇਆ
ਦੱਬੇ ਕੁਚਲੇ ਲੋਕਾਂ ਤਾਈਂ ਘੁੱਟ ਛਾਤੀ ਨਾਲ ਲਾਇਆ
ਅਧਖਿੜੇ ਫੁੱਲਾਂ ਨੂੰ ਤੱਤੀਆਂ ਲੋਆਂ ਕੋਲੋਂ ਬਚਾਇਆ
ਆਪਣੇ ਬਾਗ ਉਜਾੜ ਕੇ ਹਿੰਦ ਦੀ ਖਿੜੀ ਰੱਖੀ ਗੁਲਜ਼ਾਰ
ਨਾਲ ਜ਼ੁਲਮ ਦੇ ਲਾਇਆ
ਤਵਾਰੀਖ ਦਾ ਇਕ ਇਕ ਅੱਖਰ ਨਾਲ ਲਹੂ ਦੇ ਲਿਖਿਆ
ਲੋਕਾਂ ਲਈ ਸਮਰਪਿਤ ਹੋਵੋ ਇਹ ਗੁਰਾਂ ਦੀ ਸਿੱਖਿਆ
ਟੱਲੇਵਾਲੀਆ ਮਰ ਮਿਟਣ ਲਈ ਰਹਿਣਾ ਸਦਾ ਤਿਆਰ
ਨਾਲ ਜ਼ੁਲਮ ਦੇ ਲਾਇਆ।

**-ਡਾ. ਅਮਨਦੀਪ ਸਿੰਘ**

## ਸ੍ਰੀ ਗੁਰੂ ਗੋਬਿੰਦ ਸਿੰਘ

ਵਾਹ ਵਾਹ ਕਲਗੀਆਂ ਵਾਲਿਆ ਤੇਰੇ ਚੋਜ ਨਿਆਰੇ,
ਦੇਸ਼ ਕੌਮ ਲਈ ਵਾਰ ਦਿੱਤੇ ਗੁਰਾਂ ਚਾਰ ਦੁਲਾਰੇ।
ਲੱਖਾਂ ਸਿੰਘਾਂ ਨਾਲ ਸੀ ਇਕ ਇਕ ਲੜਾਇਆ,
ਵੈਰੀ ਭੱਜਣ ਸਾਹਮਣੇ ਕੋਈ ਰਾਹ ਨਾ ਥਿਆਇਆ।
ਲੇਖੇ ਲਾਤੇ ਕੌਮ ਦੇ ਤੂੰ ਆਪਣੇ ਪਿਆਰੇ,
ਦੇਸ਼ ਕੌਮ ਲਈ ਵਾਰ ਦਿੱਤੇ ਗੁਰਾਂ ਚਾਰ ਦੁਲਾਰੇ।
ਨਦੀ ਪਾਰ ਸੀ ਕਰਦਿਆਂ ਪੈ ਗਿਆ ਵਿਛੋੜਾ,
ਮਾਂ ਗੁਜਰੀ ਤਾਂ ਨਾਲ ਸੀ ਜਦ ਵਿਛੜਿਆ ਜੋੜਾ।
ਮੰਗੂ ਮਾਂ ਨੂੰ ਲੈ ਗਿਆ ਸੀ ਲਾ ਕੇ ਲਾਰੇ,
ਦੇਸ਼ ਕੌਮ ਲਈ ਵਾਰ ਦਿੱਤੇ ਗੁਰੂ ਚਾਰ ਦੁਲਾਰੇ।
ਨਾਅਰੇ ਲਾਉਂਦੇ ਕਦੇ ਨਾ ਮੁਖੋਂ ਡੋਲੇ,
ਵਾਹਿਗੁਰੂ ਜੀ ਕਾ ਖਾਲਸਾ ਨੇ ਮੂੰਹੋਂ ਬੋਲੋ।
ਖੜ੍ਹੇ ਜਲਾਦ ਸੀ ਤਕਦੇ ਹੋਸ਼ ਉਡ ਗਏ ਸਾਰੇ,
ਦੇਸ਼ ਕੌਮ ਲਈ ਵਾਰ ਦਿੱਤੇ ਗੁਰਾਂ ਚਾਰ ਦੁਲਾਰੇ।
ਨਿੱਘਰ ਚੱਲੀ ਕੌਮ ਦੇ ਵਿੱਚ ਜਾਨ ਸੀ ਪਾਈ,
ਆਪਣਾ ਧਰਮ ਬਚਾਉਣ ਲਈ ਜਿੰਦ ਲੇਖੇ ਲਾਈ।
ਦੁਨੀਆਂ ਨਾਲੋਂ ਆਪ ਨੇ ਕੀਤੇ ਕੰਮ ਨਿਆਰੇ,
ਦੇਸ਼ ਕੌਮ ਲਈ ਵਾਰ ਦਿੱਤੇ ਗੁਰਾਂ ਚਾਰ ਦੁਲਾਰੇ।
ਵੱਡੇ ਦੋ ਚਮਕੌਰ ਵਿੱਚ ਕਰ ਗਏ ਚੜ੍ਹਾਈ,
ਆਖਰੀ ਦਮ ਤੱਕ ਵੈਰੀਆਂ ਦੀ ਭਾਜੜ ਪਾਈ।
ਦੁਨੀਆਂ ਦੇ ਵਿੱਚ ਚਮਕਦੇ ਸਦਾ ਰਹਿਣ ਸਿਤਾਰੇ,
ਦੇਸ਼ ਕੌਮ ਲਈ ਵਾਰ ਦਿੱਤੇ ਗੁਰਾਂ ਚਾਰ ਦੁਲਾਰੇ।

**-ਅਮਰਜੀਤ ਕੌਰ ਝੁਨੀਰ**

# ਭਾਰਤ ਵਿੱਚ ਹਿੰਦੂ ਰਾਜ ਦੀ ਆਮਦ ਦਾ ਐਲਾਨ ਹੈ 'ਨਾਗਰਿਕਤਾ ਸੋਧ ਬਿੱਲ'

**-ਅਮਨਦੀਪ ਸਿੰਘ ਸੇਖੋਂ**



ਭਾਰਤ ਉਨ੍ਹਾਂ ਗਿਣੇ ਚੁਣੇ ਦੇਸ਼ਾਂ ਵਿੱਚੋਂ ਇੱਕ ਹੈ ਜਿਸਦਾ ਸੰਵਿਧਾਨ ਕਿਸੇ ਦੈਵੀ ਸ਼ਕਤੀ ਨੂੰ ਨਹੀਂ ਸਗੋਂ ਦੇਸ਼ ਦੇ ਨਾਗਰਿਕਾਂ ਨੂੰ ਸਮਰਪਿਤ ਹੈ। ਪ੍ਰਸਤਾਵਨਾ ਦੀ ਸ਼ੁਰੂਆਤ ਅਸੀਂ ਭਾਰਤ ਦੇ ਲੋਕ, ਨਾਲ ਹੁੰਦੀ ਹੈ ਅਤੇ ਇਸ ਤੋਂ ਪਿੱਛੋਂ ਉਹ ਵਾਅਦੇ ਗਿਣਾਏ ਗਏ ਹਨ ਜੋ ਇਹ ਸੰਵਿਧਾਨ ਦੇਸ਼ ਨੂੰ ਦਿੰਦੇ ਹੋਏ ਦੇਸ਼ ਦੇ ਲੋਕਾਂ ਨੇ ਆਪਣੇ ਆਪ ਨਾਲ ਕੀਤੇ ਸਨ। ਸਭ ਤੋਂ ਉੱਪਰ ਹੈ ਇਹ ਵਾਅਦਾ ਕਿ ਅਸੀਂ ਭਾਰਤ ਨੂੰ ਇੱਕ ਪ੍ਰਭੂਸੱਤਾ ਸੰਪੰਨ, ਧਰਮ ਨਿਰਪੱਖ ਅਤੇ ਸਮਾਜਵਾਦੀ ਦੇਸ਼ ਐਲਾਨਦੇ ਹਾਂ ਅਤੇ ਅਸੀਂ ਭਾਰਤ ਦੇ ਹਰ ਨਾਗਰਿਕ ਨੂੰ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਵਾਲਾ ਸਮਾਜ ਦੇਣ ਦਾ ਵਾਅਦਾ ਕਰਦੇ ਹਾਂ। ਅੱਜ ਜਦੋਂ ਨਾਗਰਿਕਤਾ ਸਬੰਧੀ ਅਜਿਹੀਆਂ ਸੋਧਾਂ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ ਉਨ੍ਹਾਂ ਦੀ ਆਜ਼ਾਦੀ ਅਤੇ ਬਰਾਬਰੀ ਖਤਰੇ ਵਿੱਚ ਪੈ ਜਾਵੇਗੀ। ਦੇਸ਼ ਦਾ ਭਾਈਚਾਰਾ ਅਤੇ ਧਰਮ-ਨਿਪੱਖਤਾ ਖਤਰੇ ਵਿੱਚ ਪੈ ਜਾਵੇਗੀ ਤਾਂ ਸੰਵਿਧਾਨ ਦੇ ਉਨ੍ਹਾਂ ਵਾਅਦਿਆਂ ਦੀ ਜ਼ਾਮਨੀ ਭਰਨ ਵਾਲੇ, ਭਾਰਤ ਦੇ ਲੋਕ ਚੁੱਪ ਹਨ।

ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਵਿੱਚੋਂ ਆਉਣ ਵਾਲੇ ਕਿਹੜੇ ਧਰਮਾਂ ਦੇ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇਣੀ ਹੈ ਅਤੇ ਕਿਹੜਿਆਂ ਨੂੰ ਨਹੀਂ, ਇਸਦਾ ਫੈਸਲਾ ਕਰਦਾ 'ਨਾਗਰਿਕਤਾ ਸੋਧ ਬਿੱਲ' ਲੋਕ ਸਭਾ ਵਿੱਚ ਪਾਸ ਹੋ ਚੁੱਕਾ ਹੈ। ਇਹ ਬਿੱਲ ਆਖਦਾ ਹੈ ਕਿ ਇਨ੍ਹਾਂ ਦੇਸ਼ਾਂ ਵਿੱਚੋਂ ਆਉਣ ਵਾਲਾ ਕੋਈ ਹਿੰਦੂ, ਸਿੱਖ, ਬੋਧੀ, ਜੈਨੀ ਜਾਂ ਇਸਾਈ ਭਾਰਤ ਦੀ ਨਾਗਰਿਕਤਾ ਲੈ ਸਕੇਗਾ। ਗੱਲ ਇਹ ਨਹੀਂ ਹੈ ਕਿ ਉਨ੍ਹਾਂ ਦੇਸ਼ਾਂ ਵਿੱਚੋਂ ਕੋਈ ਲੱਖਾਂ-ਕਰੋੜਾਂ ਲੋਕ ਸ਼ਰਨਾਰਥੀ ਬਣਕੇ ਆ ਰਹੇ ਨੇ। ਬਲਕਿ ਸਰਕਾਰ ਨੇ ਆਪਣੇ ਹੀ ਦੇਸ਼ ਵਿੱਚ ਇੱਕ ਮਰਦਮ ਸ਼ੁਮਾਰੀ ਕਰਵਾ ਕੇ 'ਘੁਸਪੈਠੀਆਂ' ਦੀ ਨਿਸ਼ਾਨਦੇਹੀ ਕਰਨੀ ਹੈ ਅਤੇ ਫੇਰ ਉਨ੍ਹਾਂ ਨੂੰ ਸ਼ਰਨਾਰਥੀ ਕੈਂਪਾਂ ਵਿੱਚ ਧੱਕ ਦੇਣਾ ਹੈ।

ਮਰਦਮ ਸ਼ੁਮਾਰੀ ਦੀ ਇਹ ਕਾਰਵਾਈ ਜਿਸ ਨੂੰ 'ਰਾਸ਼ਟਰੀ ਨਾਗਰਿਕਤਾ ਰਜਿਸਟਰ' ਆਖਿਆ ਜਾਂਦਾ ਹੈ, ਪਹਿਲਾਂ ਅਸਾਮ ਵਿੱਚ ਕੀਤੀ ਜਾ ਚੁੱਕੀ ਹੈ। ਇਸ ਨੂੰ ਕਰਨ ਉੱਤੇ ਆਸਾਮ ਦੇ 62 ਹਜ਼ਾਰ ਸਰਕਾਰੀ ਕਰਮਚਾਰੀ ਚਾਰ ਸਾਲ ਲੱਗੇ ਰਹੇ ਅਤੇ ਜਨਤਾ ਦਾ 1600 ਕਰੋੜ ਰੁਪਇਆ ਖਰਚ ਹੋਇਆ। ਇਹ ਕਾਰਵਾਈ ਅਸਾਮ ਦੇ ਲੋਕਾਂ ਦੀ ਖਾਸ ਮੰਗ ਉੱਤੇ ਕੀਤੀ ਗਈ ਸੀ। ਆਲ ਆਸਾਮ ਸਟੂਡੈਂਟ ਯੂਨੀਅਨ (ਆਸੂ) ਨੇ ਇੱਕ ਵੱਡਾ ਅੰਦੋਲਨ ਆਸਾਮ ਵਿੱਚ ਚਲਾਇਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਆਸਾਮ ਦੇ ਸੱਭਿਆਚਾਰ ਅਤੇ ਰੋਜ਼ਗਾਰ ਨੂੰ ਬਾਹਰੋਂ ਆ ਕੇ ਵਸਣ ਵਾਲੇ ਗ਼ੈਰ ਆਸਾਮੀ ਲੋਕਾਂ ਤੋਂ ਖਤਰਾ ਹੈ। ਇਨ੍ਹਾਂ ਗ਼ੈਰ-ਆਸਾਮੀਆਂ ਵਿੱਚ ਪਹਿਲਾਂ ਤੋਂ ਹੀ ਆਸਾਮ ਵਿੱਚ ਵਸ ਚੁੱਕੇ ਬੰਗਾਲੀ, ਬਿਹਾਰੀ ਅਤੇ ਉੱਤਰ ਭਾਰਤੀ ਤਾਂ ਸਨ ਹੀ, 1971 ਵਿੱਚ ਬਹੁਤ ਸਾਰੇ ਬੰਗਲਾਦੇਸ਼ੀ ਵੀ ਸ਼ਾਮਿਲ ਹੋ ਗਏ ਸਨ। ਪਾਕਿਸਤਾਨੀ ਫੌਜ ਦੇ ਅੱਤਿਅਚਾਰਾਂ ਤੋਂ ਡਰਦੇ ਲੱਖਾਂ ਹੀ ਬੰਗਲਾਦੇਸ਼ੀ ਸ਼ਰਨਾਰਥੀ ਆਸਾਮ ਅਤੇ ਬੰਗਾਲ ਵਿੱਚ ਆਏ ਸਨ। ਕਈ ਤਾਂ ਜੰਗ ਦੇ ਖਾਤਮੇ ਪਿੱਛੋਂ ਵਾਪਸ ਚਲੇ ਗਏ ਪਰ ਕਈ ਇੱਥੇ ਹੀ ਵਸ ਗਏ। 'ਆਸੂ' ਦੇ ਅੰਦੋਲਨ ਤੋਂ ਭੜਕ ਕੇ ਆਸਾਮੀਆਂ ਨੇ ਗ਼ੈਰ-ਆਸਾਮੀਆਂ ਨੂੰ ਹਿੰਸਾ ਦਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ। ਸਥਿਤੀ ਜਦੋਂ ਜ਼ਿਆਦਾ ਗੰਭੀਰ ਹੋ ਗਈ ਤਾਂ 1987 ਵਿੱਚ ਰਾਜੀਵ ਗਾਂਧੀ ਸਰਕਾਰ ਨੇ ਆਸਾਮੀ ਨੇਤਾਵਾਂ ਨਾਲ ਇੱਕ ਸਮਝੌਤਾ ਕੀਤਾ ਸੀ ਜਿਸਦੀ ਸ਼ਰਤ ਸੀ ਕਿ ਇੱਕ 'ਰਾਸ਼ਟਰੀ ਨਾਗਰਿਕਤਾ ਰਜਿਸਟਰ' ਕਾਇਮ ਕੀਤਾ ਜਾਵੇਗਾ ਅਤੇ ਜੋ ਬੰਗਲਾਦੇਸ਼ੀ 1971 ਤੋਂ ਪਿੱਛੋਂ ਭਾਰਤ ਵਿੱਚ ਆਏ ਹਨ ਉਨ੍ਹਾਂ ਨੂੰ ਵਾਪਸ ਬੰਗਲਾਦੇਸ਼ ਭੇਜਿਆ ਜਾਣਾ ਸੀ।

ਆਸਾਮੀਆਂ ਦਾ ਇਤਰਾਜ਼ ਸਾਰੇ ਗ਼ੈਰ-ਆਸਾਮੀਆਂ ਬਾਰੇ ਅਤੇ ਖਾਸ ਤੌਰ ਉੱਤੇ ਬੰਗਲਾਦੇਸ਼ੀਆਂ ਬਾਰੇ ਸੀ। ਪਰ ਉਨ੍ਹਾਂ ਲਈ ਹਿੰਦੂ-ਮੁਸਲਮਾਨ ਵਿੱਚ ਕੋਈ ਫਰਕ ਨਹੀਂ ਸੀ। ਆਸਾਮ ਵਿੱਚ ਲੱਖਾਂ ਹੀ ਮੁਸਲਮਾਨ 1947 ਤੋਂ ਪਹਿਲਾਂ ਵੀ ਰਹਿੰਦੇ ਸਨ। ਅਤੇ ਆਸਾਮ ਦੇ ਸਿਲਹਿਟ ਇਲਾਕੇ ਵਿੱਚ ਤਾਂ ਮੁਸਲਮਾਨਾਂ ਦੀ ਬਹੁ-ਗਿਣਤੀ ਸੀ, ਜਿਸਦੇ ਚੱਲਦੇ ਸਿਲਹਿਟ ਪੂਰਬੀ ਪਾਕਿਸਤਾਨ ਦਾ ਹਿੱਸਾ ਬਣ ਗਿਆ ਸੀ। ਭਾਜਪਾ ਨੇ ਆਸਾਮ ਦੇ ਲੋਕਾਂ ਦੀ 'ਨਾਗਰਿਕਤਾ ਰਜਿਸਟਰ' ਦੀ ਮੰਗ ਨੂੰ ਫਿਰਕੂ ਰੰਗਤ ਦੇਣੀ ਸ਼ੁਰੂ ਕੀਤੀ। ਇਹ ਪ੍ਰਚਾਰ ਵਿੱਢਿਆ ਕਿ 4 ਕਰੋੜ ਤੋਂ ਵੱਧ ਬੰਗਲਾਦੇਸ਼ੀ ਮੁਸਲਮਾਨ ਭਾਰਤ ਵਿੱਚ ਵੜ ਆਏ ਹਨ ਅਤੇ ਇਕੱਲੇ ਆਸਾਮ ਵਿੱਚ 50 ਲੱਖ ਤੋਂ ਵੱਧ ਬੰਗਲਾਦੇਸ਼ੀ ਹਨ। ਆਸਾਮ ਦੇ ਭਾਜਪਾ ਆਗੂ ਅਤੇ ਹੁਣ ਦੇ ਮੁੱਖ-ਮੰਤਰੀ ਸੋਨੋਵਾਲ ਨੇ ਸੁਪਰੀਮ ਕੋਰਟ ਵਿੱਚ ਰਾਜੀਵ ਗਾਂਧੀ ਵਾਲਾ ਸਮਝੌਤਾ ਲਾਗੂ ਕਰਵਾਉਣ ਲਈ ਇੱਕ ਮੁਕੱਦਮਾ ਕਰ ਦਿੱਤਾ। ਜਿਸ ਬਾਰੇ ਫੈਸਲਾ ਦਿੰਦੇ ਹੋਏ 2014 ਵਿੱਚ ਸੁਪਰੀਮ ਕੋਰਟ ਨੇ ਆਪਣੀ ਨਿਗਰਾਨੀ ਵਿੱਚ ਨਾਗਰਿਕਤਾ ਰਜਿਸਟਰ ਕਾਇਮ ਕਰ ਕੇ ਘੁਸਪੈਠੀਆਂ ਦਾ ਪਤਾ ਲਗਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਹੁਣ ਜੋ ਨਤੀਜੇ ਆਏ ਹਨ ਉਨ੍ਹਾਂ ਨੇ ਭਾਜਪਾ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਕਿੱਥੇ ਤਾਂ ਦਾਅਵਾ ਸੀ 50 ਲੱਖ ਘੁਸਪੈਠੀਆਂ ਦਾ ਪਰ ਇਸ ਸਾਰੀ ਕਾਰਵਾਈ ਨਾਲ ਕੇਵਲ 19 ਲੱਖ ਅਜਿਹੇ ਲੋਕ ਲੱਭੇ ਜਾ ਸਕੇ ਹਨ ਜੋ ਇਹ ਸਾਬਿਤ ਨਹੀਂ ਕਰ ਸਕੇ ਕਿ ਉਨ੍ਹਾਂ ਦੇ ਪੁਰਖੇ 1971 ਤੋਂ ਪਹਿਲਾਂ ਭਾਰਤ ਦੇ ਵਾਸੀ ਸਨ। ਉਨ੍ਹਾਂ ਵਿੱਚੋਂ ਵੀ 12 ਲੱਖ ਹਿੰਦੂ ਹਨ। ਹਾਲੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਹੇਠ ਕਾਇਮ ਕੀਤੀਆਂ ਵਿਸ਼ੇਸ਼ ਅਦਾਲਤਾਂ ਨੇ ਇਨ੍ਹਾਂ ਲੋਕਾਂ ਦੀਆਂ ਅਪੀਲਾਂ ਦੀ ਆਖਰੀ ਸੁਣਵਾਈ ਕਰਨੀ ਹੈ ਜਿਸ ਵਿੱਚ ਇਹ ਗਿਣਤੀ ਹੋਰ ਵੀ ਘਟਣੀ ਹੈ। ਆਪਣੇ ਆਪ ਨੂੰ ਭਾਰਤੀ ਨਾਗਰਿਕ ਸਾਬਿਤ ਕਰਨ ਲਈ ਆਸਾਮ ਦੇ ਨਾਗਰਿਕ ਪਿਛਲੇ ਚਾਰ ਸਾਲ ਤੋਂ ਲਾਈਨਾਂ ਵਿੱਚ ਲੱਗੇ ਹੋਏ ਹਨ। ਦਫਤਰਾਂ-ਅਦਾਲਤਾਂ ਦੇ ਚੱਕਰ ਕੱਢ ਰਹੇ ਹਨ। ਗਵਾਂਢੀ ਨੇ ਗਵਾਂਢੀ ਵਿਰੁੱਧ ਨਾਗਰਿਕ ਰਜਿਸਟਰਾਰ ਕੋਲ ਸ਼ਿਕਾਇਤਾਂ ਦਰਜ ਕਰਵਾਈਆਂ ਹਨ। ਭਾਜਪਾ ਅਤੇ ਸੰਘ ਦੇ ਕਰਿੰਦਿਆਂ ਨੇ ਤਾਂ ਉਨ੍ਹਾਂ ਲੋਕਾਂ ਵਿਰੁੱਧ ਵੀ ਹਲਫਨਾਮੇ ਦੇ ਕੇ ਉਨ੍ਹਾਂ ਨੂੰ ਬੰਗਲਾਦੇਸ਼ੀ ਦੱਸਿਆ ਹੈ, ਜਿਨ੍ਹਾਂ ਨੂੰ ਉਹ ਜਾਣਦੇ ਤੱਕ ਨਹੀਂ ਸਨ। ਜੇ 'ਨਾਗਰਿਕਤਾ ਸੋਧ ਬਿੱਲ' ਪਾਸ ਹੋ ਗਿਆ ਤਾਂ 12 ਲੱਖ ਹਿੰਦੂਆਂ ਨੂੰ ਬੰਗਲਾਦੇਸ਼ੀ ਸ਼ਰਨਾਰਥੀ ਆਖਦੇ ਹੋਏ ਨਾਗਰਿਕਤਾ ਦੇ ਦਿੱਤੀ ਜਾਵੇਗੀ। ਇਨ੍ਹਾਂ ਵਿੱਚੋਂ ਕਈ ਜੋ ਸ਼ਾਇਦ ਭਾਰਤ ਦੇ ਮੂਲ ਨਿਵਾਸੀ ਹੀ ਸਨ ਪਰ ਕੋਈ ਦਸਤਾਵੇਜ਼ੀ ਸਬੂਤ ਨਾ ਦੇ ਸਕਣ ਕਰਕੇ ਹੁਣ ਤੋਂ ਸ਼ਰਨਾਰਥੀ ਜਾਂ ਘੁਸਪੈਠੀਏ ਅਖਵਾਉਣਗੇ ਜਿਵੇਂ ਕਿ ਪਾਕਿਸਤਾਨ ਵਿੱਚ 'ਮੁਹਾਜਿਰ' ਨੇ। ਆਸਾਮ ਦੇ ਲੋਕ ਇਨ੍ਹਾਂ ਲੋਕਾਂ ਨੂੰ ਅਪਣਾਉਣ ਨੂੰ ਤਿਆਰ ਨਹੀਂ ਹਨ ਇਸੇ ਲਈ ਉਹ ਨਾਗਰਿਕਤਾ ਸੋਧ ਬਿੱਲ ਦਾ ਵਿਰੋਧ ਕਰ ਰਹੇ ਹਨ। ਰੱਬ ਨਾ ਕਰੇ ਕਿ ਇਨ੍ਹਾਂ ਨਾਲ ਉਹੀ ਸਭ ਹੋਵੇ ਜੋ ਪਾਕਿਸਤਾਨ ਵਿੱਚ ਮੁਹਾਜਿਰਾਂ ਨਾਲ ਹੋਇਆ ਹੈ ਅਤੇ ਆਪਣੀ ਨਾਗਰਿਕਤਾ ਸਿੱਧ ਨਾ ਕਰ ਸਕੇ ਮੁਸਲਮਾਨਾਂ ਦਾ ਕੀ ਹੋਣਾ ਹੈ, ਕੋਈ ਨਹੀਂ ਜਾਣਦਾ। ਹੁਣ ਭਾਜਪਾ ਨੇ ਇਹ ਐਲਾਨ ਕਰ ਦਿੱਤਾ ਹੈ ਕਿ ਇਹ ਕਾਰਵਾਈ ਹੁਣ ਸਾਰੇ ਦੇਸ਼ ਵਿੱਚ ਕਰਨੀ ਹੈ। ਭਾਜਪਾ ਦਾ ਕਹਿਣਾ ਹੈ ਕਿ 'ਘੁਸਪੈਠੀਏ' ਸਾਰੇ ਦੇਸ਼ ਵਿੱਚ ਫੈਲ ਗਏ ਨੇ। ਜੇ ਭਾਜਪਾ 50 ਲੱਖ ਬੰਗਲਾਦੇਸ਼ੀ ਘੁਸਪੈਠੀਏ ਆਸਾਮ ਵਿੱਚੋਂ ਲੱਭਦੀ-ਲੱਭਦੀ ਕੇਵਲ 19 ਲੱਖ ਅਜਿਹੇ ਲੋਕ ਲੱਭ ਸਕੀ ਜਿਨ੍ਹਾਂ ਕੋਲ 1971 ਤੋਂ ਪਹਿਲਾਂ ਦੀ ਆਪਣੀ ਜਾਂ ਆਪਣੇ ਪੁਰਖਿਆਂ ਦੀ ਨਾਗਰਿਕਤਾ ਸਾਬਿਤ ਕਰਨ ਲਈ ਦਸਤਾਵੇਜ਼ ਨਹੀਂ ਸਨ ਤਾਂ ਪੂਰੇ ਦੇਸ਼ ਵਿੱਚੋਂ ਉਹ ਕੀ ਲੱਭ ਲਵੇਗੀ? ਇਹ ਵੀ ਹੋ ਸਕਦਾ ਹੈ ਕਿ ਪੂਰੇ ਦੇਸ਼ ਲਈ ਨਾਗਰਿਕਤਾ ਸਾਬਿਤ ਕਰਨ ਦਾ ਸਾਲ 1971 ਦੀ ਥਾਂ 1947 ਕਰ ਦਿੱਤਾ ਜਾਵੇ। ਜਿਵੇਂ ਨੋਟਬੰਦੀ ਵੇਲੇ ਆਪਾਂ ਕਾਲਾ ਧਨ ਲੱਭਣ ਲਈ ਲਾਈਨਾਂ ਵਿੱਚ ਲੱਗੇ ਸੀ ਉਵੇਂ ਹੀ ਹੁਣ ਨਾਗਰਿਕਤਾ ਸਾਬਿਤ ਕਰਨ ਲਈ ਲਾਈਨਾਂ ਵਿੱਚ ਲੱਗਣ ਲਈ ਤਿਆਰ ਰਹੋ। ਦੰਗਿਆਂ, ਆਪਾ-ਧਾਪੀ ਅਤੇ ਇੱਕ-ਦੂਜੇ ਵਿਰੁੱਧ ਜਸੂਸੀ ਕਰਨ ਲਈ ਤਿਆਰ ਰਹੋ।

ਬੰਗਾਲ ਵਿੱਚ ਤਾਂ ਹੁਣੇ ਤੋਂ ਆਪਣੇ ਪੁਰਾਣੇ ਦਸਤਾਵੇਜ਼ ਸਰਕਾਰੀ ਮਹਿਕਮਿਆਂ ਤੋਂ ਕਢਵਾਉਣ ਲਈ ਲੋਕਾਂ ਨੇ ਲਾਈਨਾਂ ਲਾ ਲਈਆਂ ਹਨ ਅਤੇ ਕਈਆਂ ਨੇ ਤਾਂ ਆਤਮ-ਹੱਤਿਆ ਵੀ ਕਰ ਲਈ ਹੈ। ਪਰ ਸਰਕਾਰ ਨੂੰ ਇਸਦੀ ਕੋਈ ਚਿੰਤਾ ਨਹੀਂ। ਦੇਸ਼ ਭਰ ਵਿੱਚ ਨਾਗਰਿਕਤਾ ਰਜਿਸਟਰ ਲਾਗੂ ਕਰਨ ਉੱਤੇ 5 ਲੱਖ ਕਰੋੜ ਰੁਪਏ ਦਾ ਖਰਚਾ ਆਵੇਗਾ, ਇਸਦੀ ਵੀ ਕੋਈ ਚਿੰਤਾ ਨਹੀਂ। ਸਾਡੇ ਦੇਸ਼ ਵਿੱਚ ਪੂੰਜੀ ਲਗਾਉਣ ਨੂੰ ਹੁਣ ਤੋਂ ਹੀ ਕੋਈ ਤਿਆਰ ਨਹੀਂ ਕਿਉਂਕਿ ਭਾਜਪਾ ਦੇ ਕਰਿੰਦਿਆਂ ਦੀ ਅਰਾਜਕਤਾ ਨੇ ਨਿਵੇਸ਼ਕਾਂ ਨੂੰ ਡਰਾ ਦਿੱਤਾ ਹੈ। ਜੇ ਰਾਜਸੀ ਅਤੇ ਸਮਾਜਿਕ ਉਥਲ-ਪੁਥਲ ਹੋਰ ਵਧੀ ਤਾਂ ਭਾਰਤੀ ਨਿਵੇਸ਼ਕ ਵੀ ਬਾਹਰ ਦਾ ਰਾਹ ਫੜ ਲੈਣਗੇ। ਖ਼ੁਦ ਨੂੰ ਹਿੰਦੂਆਂ ਦੀ ਪਾਰਟੀ ਅਖਵਾਉਣ ਵਾਲੀ ਭਾਜਪਾ ਨੂੰ ਇਹ ਵੀ ਚਿੰਤਾ ਨਹੀਂ ਕਿ ਸਰਹੱਦ ਪਾਰ ਬੈਠੇ ਹਿੰਦੂਆਂ ਅਤੇ ਸਿੱਖਾਂ ਉੱਤੇ ਕੀ ਬੀਤੇਗੀ। ਉਸਦੇ ਲਈ ਤਾਂ ਚੰਗਾ ਹੀ ਹੈ ਜੇ ਉੱਧਰ ਅੱਤਿਆਚਾਰ ਵਧਣ, ਤਾਂ ਕਿ ਇੱਧਰ ਇਹ ਆਪਣੀਆਂ ਰਾਜਸੀ ਰੋਟੀਆਂ ਸੇਕ ਲੈਣਗੇ।

ਆਪਣੀ ਕੁਰਸੀ ਤੋਂ ਉੱਪਰ ਦੇਖ ਸਕਣ ਦੀ ਨਜ਼ਰ ਜੇ ਸਾਡੇ ਰਾਜਨੇਤਾਵਾਂ ਵਿੱਚ ਨਹੀਂ ਤਾਂ ਪਰਵਾਹ ਸਾਡੇ ਦੇਸ਼ ਦੇ ਲੋਕਾਂ ਨੂੰ ਵੀ ਨਹੀਂ। ਸਾਨੂੰ ਵੀ 'ਨਾਗਰਿਕਤਾ ਸੋਧ ਬਿੱਲ' ਜਾਂ 'ਨਾਗਰਿਕਤਾ ਰਜਿਸਟਰ' ਨਾਲੋਂ ਵਧ ਫਿਕਰ ਗੰਢਿਆਂ ਦੇ ਭਾਅ ਦਾ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਅਸੀਂ ਤਾਂ ਹਿੰਦੂ ਜਾਂ ਸਿੱਖ ਹਾਂ, ਸਾਨੂੰ ਕੀ ਫਰਕ ਪੈਣ ਲੱਗਿਆ ਹੈ? ਤਾਂ ਜ਼ਰਾ ਇੱਕ ਨਜ਼ਰ ਪਾਕਿਸਤਾਨ ਵੱਲ ਮਾਰ ਲਵੋ। ਜਦੋਂ 1947 ਵਿੱਚ ਪਾਕਿਸਤਾਨ ਬਣਿਆ ਤਾਂ ਹਿੰਦੂਆਂ ਅਤੇ ਸਿੱਖਾਂ ਦੀ ਨਿਸ਼ਾਨਦੇਹੀ ਦੁਸ਼ਮਣਾ ਵਜੋਂ ਕੀਤੀ ਗਈ ਸੀ। ਫੇਰ ਆਏ ਸਨ ਅਹਿਮਦੀ, ਸ਼ੀਆ, ਫੇਰ ਇਸਮਾਇਲੀ, ਫੇਰ ਮੁਹਾਜਿਰ, ਫੇਰ ਬੰਗਾਲੀ, ਫੇਰ ਲਿਬਰਲ। ਹੁਣ ਸੂਫੀ ਅਤੇ ਬਲੋਚੀ ਨਿਸ਼ਾਨੇ ਉੱਤੇ ਹਨ। ਕੱਲ੍ਹ ਨੂੰ ਪਤਾ ਨਹੀਂ ਕੌਣ ਨਿਸ਼ਾਨੇ ਉੱਤੇ ਹੋਵੇਗਾ।

# ਕੱਟ ਹੋ ਚੱਲੀ ਸੀ ਚੌਰਾਸੀ

**-ਬਲਰਾਜ ਸਿੰਘ ਸਿੱਧੂ**

ਭਾਰਤ ਵਿੱਚ ਸਾਧਾਂ, ਬਾਬਿਆਂ ਅਤੇ ਤਾਂਤਰਿਕਾਂ ਕੋਲ ਲੋਕਾਂ ਨੂੰ ਬੇਵਕੂਫ ਬਣਾਉਣ ਦਾ ਸਭ ਤੋਂ ਵੱਡਾ ਹਥਿਆਰ ਹੈ, ਚੌਰਾਸੀ ਕੱਟਣ ਦਾ ਝਾਂਸਾ ਦੇਣਾ। ਜਿਸ ਵਿਅਕਤੀ ਨੇ ਸਾਰੀ ਉਮਰ ਭੁੱਖ ਨੰਗ ਨਾਲ ਘੁਲਦਿਆਂ, ਔਲਾਦ ਤੋਂ ਬੇਇੱਜ਼ਤੀ ਕਰਵਾਉਂਦਿਆਂ ਜਾਂ ਹੋਰ ਦੁੱਖਾਂ ਬਿਮਾਰੀਆਂ ਨਾਲ ਲੜਦਿਆਂ ਕੱਟੀ ਹੋਵੇ, ਉਹ ਵੀ ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿੱਚ ਪੈਣ ਦੀ ਬਜਾਏ ਸ਼ਾਰਟ ਕੱਟ ਨਾਲ ਦੁਬਾਰਾ ਮਨੁੱਖਾ ਜਨਮ ਲੈਣ ਲਈ ਤਤਪਰ ਹੋਇਆ ਪਿਆ ਹੈ। ਵੈਸੇ ਚੌਰਾਸੀ ਲੱਖ ਜੂਨਾਂ ਵਿੱਚ ਸਿਰਫ ਭਾਰਤੀ ਹੀ ਪੈਂਦੇ ਹਨ, ਬਾਕੀ ਧਰਮਾਂ ਦੀ ਫਿਲਾਸਫੀ ਵਿੱਚ ਅਜਿਹਾ ਕੋਈ ਵਿਸ਼ਵਾਸ ਨਹੀਂ ਹੈ ਅਤੇ ਨਾ ਹੀ ਉਹ ਕਰਮ ਸਿਧਾਂਤ ਜਾਂ ਪੁਨਰ ਜਨਮ ਨੂੰ ਮੰਨਦੇ ਹਨ। ਸਾਡੇ ਇੱਥੇ ਕੋਈ ਨਾ ਕੋਈ ਅਜਿਹਾ ਅਲੌਕਿਕ ਬੱਚਾ ਪੈਦਾ ਹੁੰਦਾ ਹੀ ਰਹਿੰਦਾ ਹੈ ਜੋ ਆਪਣੇ ਪਿਛਲੇ ਜਨਮ ਬਾਰੇ ਜਾਣਦਾ ਹੈ। ਮਿੰਟਾਂ ਵਿੱਚ ਮੱਥਾ ਟੇਕਣ ਵਾਲਿਆਂ ਦੀਆਂ ਲਾਈਨਾਂ ਲੱਗ ਜਾਂਦੀਆਂ ਹਨ, ਭਾਵੇਂ ਉਹ ਵਿਚਾਰਾ ਮਾਨਸਿਕ ਰੋਗੀ ਹੀ ਕਿਉਂ ਨਾ ਹੋਵੇ। ਹੈਰਾਨੀ ਵਾਲੀ ਗੱਲ ਹੈ ਇਹ ਹੈ ਕਿ ਬੱਚੇ ਦਾ ਪਿਛਲਾ ਜਨਮ ਵੀ ਉਸੇ ਦੀ ਭਾਸ਼ਾ ਬੋਲਣ ਵਾਲੇ ਕਿਸੇ ਨੇੜੇ ਤੇੜੇ ਰਹਿਣ ਵਾਲੇ ਪਰਿਵਾਰ ਵਿੱਚ ਹੀ ਹੋਇਆ ਹੁੰਦਾ ਹੈ। ਹਿੰਦੀ ਜਾਂ ਪੰਜਾਬੀ ਭਾਸ਼ੀ ਬੱਚਾ ਕਦੇ ਵੀ ਪਿਛਲੇ ਜਨਮ ਵਿੱਚ ਕੰਨੜ ਜਾਂ ਤੈਲਗੂ ਪਰਿਵਾਰ ਵਿੱਚ ਪੈਦਾ ਨਹੀਂ ਹੋਇਆ ਹੁੰਦਾ, ਕਿਉਂਕਿ ਵਿਚਾਰੇ ਨੂੰ ਉਹ ਭਾਸ਼ਾ ਸਮਝ ਨਹੀਂ ਸੀ ਆਉਣੀ। ਵੈਸੇ ਭਾਰਤ ਦੁਨੀਆਂ ਦਾ ਇੱਕੋ ਇੱਕ ਅਜਿਹਾ ਦੇਸ਼ ਹੈ ਜਿੱਥੇ ਮੂਤ ਪੀਤਾ ਜਾਂਦਾ ਹੈ, ਘਿਉ ਅੱਗ ਵਿੱਚ ਸਾੜਿਆ ਜਾਂਦਾ ਹੈ ਤੇ ਦੁੱਧ ਪੱਥਰਾਂ ਉੱਤੇ ਵਹਾਇਆ ਜਾਂਦਾ ਹੈ। ਕੀ ਸੱਚ ਹੀ ਚੌਰਾਸੀ ਲੱਖ ਜੂਨ ਹੁੰਦੀ ਹੈ? ਜੇ ਹੁੰਦੀ ਹੈ ਤਾਂ ਕੀ ਇਹ ਸਿਰਫ ਭਾਰਤੀਆਂ ਵਾਸਤੇ ਰਿਜ਼ਰਵ ਹੈ? ਕੀ ਪੱਛਮੀ ਦੇਸ਼ਾਂ ਦੇ ਲੋਕ ਵੀ ਮਰਨ ਤੋਂ ਬਾਅਦ ਇਸ ਚੱਕਰ ਵਿੱਚ ਪੈਂਦੇ ਹਨ? ਵੈਸੇ ਚੌਰਾਸੀ ਲੱਖ ਜੂਨ ਬਾਰੇ ਸਾਡੇ ਸਿਆਣਿਆਂ ਦਾ ਅੰਦਾਜ਼ਾ ਕਰੀਬ ਕਰੀਬ ਠੀਕ ਹੈ। ਸੰਸਾਰ ਵਿੱਚ ਧਰਤੀ ਅਤੇ ਪਾਣੀ ਦੇ ਜੀਵ ਮਿਲਾ ਕੇ ਹੁਣ ਤੱਕ ਕੁਲ 87 ਲੱਖ ਕਿਸਮਾਂ ਲੱਭੀਆਂ ਜਾ ਚੁੱਕੀਆਂ ਹਨ। ਇਹਨਾਂ ਵਿੱਚੋਂ 65 ਲੱਖ ਧਰਤੀ ਅਤੇ 22 ਲੱਖ ਪਾਣੀ ਵਿੱਚ ਨਿਵਾਸ ਕਰਦੇ ਹਨ। ਕਈਆਂ ਦੀ ਜ਼ਿੰਦਗੀ ਕੁਝ ਦਿਨਾਂ ਦੀ ਅਤੇ ਕੁਝ ਸੈਂਕੜੇ ਸਾਲ ਤੱਕ ਜ਼ਿੰਦਾ ਰਹਿੰਦੇ ਹਨ। ਧਰਤੀ ਉੱਪਰ ਸਭ ਤੋਂ ਘੱਟ ਸਮਾਂ ਜਿਉਣ ਵਾਲਾ ਜਾਨਵਰ ਮੇਫਲਾਈ ਨਾਮਕ ਕੀਟ ਹੈ ਜੋ ਚੌਵੀ ਘੰਟਿਆਂ ਵਿੱਚ ਹੀ ਆਪਣਾ ਜੀਵਨ ਚੱਕਰ ਪੂਰਾ ਕਰ ਲੈਂਦਾ ਹੈ ਤੇ ਸਭ ਤੋਂ ਤੋਂ ਲੰਬਾ ਜਿਉਣ ਵਾਲੇ ਸੀਸ਼ੈਲਸ ਨਸਲ ਦੇ ਸਮੁੰਦਰੀ ਕੱਛੂ ਹਨ ਜਿਹਨਾਂ ਦੀ ਉਮਰ 190 ਸਾਲ ਤੱਕ ਹੋ ਸਕਦੀ ਹੈ। ਪਾਣੀ ਵਿੱਚ ਸਭ ਤੋਂ ਘੱਟ ਉਮਰ ਜਿਉਣ ਵਾਲਾ ਗੈਸਟਰੋਟਰਿੱਚ ਨਾਮਕ ਇੱਕ ਸੂਖਮ ਜੀਵ ਹੈ ਜੋ ਕੁਝ ਘੰਟੇ ਹੀ ਜਿਊਂਦਾ ਹੈ ਤੇ ਸਭ ਤੋਂ ਲੰਬਾ ਸਮਾਂ ਜਿਉਣ ਵਾਲੀ ਬੋਹੈੱਡ ਵੇਲ ਮੱਛੀ ਹੈ ਜੋ 200 ਸਾਲ ਤੱਕ ਉਮਰ ਭੋਗਦੀ ਹੈ। ਜੇ ਇਹਨਾਂ ਵੱਧ ਘੱਟ ਜਿਊਣ ਵਾਲੇ ਸਾਰੇ ਜਾਨਵਰਾਂ ਦੀ ਔਸਤ ਉਮਰ ਦੋ ਸਾਲ ਮੰਨ ਲਈਏ ਤਾਂ ਸਤਾਸੀ ਲੱਖ ਜੂਨਾਂ ਮੁਕੰਮਲ ਕਰਨ ਲਈ ਇੱਕ ਆਤਮਾ ਨੂੰ ਘੱਟੋ ਘੱਟ 174 ਲੱਖ ਸਾਲ ਚਾਹੀਦੇ ਹਨ। ਧਰਤੀ ਉੱਪਰ ਥਣਧਾਰੀ ਜੀਵ 21 ਲੱਖ ਸਾਲ ਅਤੇ ਸਮਝਦਾਰ ਮਨੁੱਖ 2-3 ਲੱਖ ਸਾਲ ਪਹਿਲਾਂ ਪੈਦਾ ਹੋਏ ਸਨ। ਇਸ ਹਿਸਾਬ ਨਾਲ ਅਜੇ ਤਾਂ ਚੌਰਾਸੀ ਦਾ ਪਹਿਲਾ ਚੱਕਰ ਹੀ ਨਹੀਂ ਪੂਰਾ ਹੋਇਆ, ਕਿਉਂਕਿ ਸਿਆਣਿਆਂ ਮੁਤਾਬਕ ਚੌਰਾਸੀ ਲੱਖ ਜੂਨ ਕੱਟ ਕੇ ਹੀ ਇਨਸਾਨੀ ਜਾਮਾ ਮਿਲਦਾ ਹੈ। ਮਨੁੱਖੀ ਜਾਮਾ 174 ਲੱਖ ਸਾਲ ਬਾਅਦ ਮਿਲਣਾ ਚਾਹੀਦਾ ਸੀ ਪਰ ਇਨਸਾਨਾਂ ਨੂੰ ਤਾਂ ਇਹ ਥਣਧਾਰੀ ਜੀਵਾਂ ਦੇ ਪੈਦਾ ਹੋਣ ਤੋਂ 19 ਲੱਖ ਸਾਲ ਬਾਅਦ ਹੀ ਪ੍ਰਾਪਤ ਹੋ ਗਿਆ। ਇਸ ਲਈ ਦੁਬਾਰਾ ਇਨਸਾਨੀ ਜਾਮਾ ਧਾਰਨ ਕਰਨ ਲਈ ਮਰਨ ਤੋਂ ਬਾਅਦ ਸਾਨੂੰ 174 ਲੱਖ ਸਾਲ ਹੋਰ ਇੰਤਜ਼ਾਰ ਕਰਨਾ ਪਏਗਾ। ਪਰ ਲੱਗਦਾ ਹੈ ਕਿ ਬਹੁਤਿਆਂ ਨੂੰ ਦੁਬਾਰਾ ਜਨਮ ਕਿਸੇ ਹੋਰ ਗ੍ਰਹਿ ਉੱਤੇ ਲੈਣਾ ਪਏਗਾ, ਕਿਉਂਕਿ ਧਰਤੀ ਦੇ ਜੋ ਹਾਲਾਤ ਅਸੀਂ ਪ੍ਰਦੂਸ਼ਣ ਨਾਲ ਕਰ ਦਿੱਤੇ ਹਨ, ਤਦ ਤੱਕ ਇਹ ਵੈਸੇ ਹੀ ਤਬਾਹ ਹੋ ਜਾਣੀ ਹੈ।



# ਪੂਰੀ ਇੱਕ ਸਦੀ ਬਾਅਦ ਵਾਪਰਿਆ ਮੁੜ ਜਲਿਆਂਵਾਲਾ ਕਾਂਡ

**ਤਸਕੀਨ**



ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਲੰਘੇ ਐਤਵਾਰ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਵਿੱਚ ਢਾਹੇ ਵਹਿਸ਼ੀ ਕਹਿਰ ਦੀ ਤੁਲਨਾ ਜਰਨਲ ਡਾਇਰ ਦੁਆਰਾ ਕੀਤੇ ਕਾਰੇ 'ਜਲਿਆਂਵਾਲੇ ਬਾਗ਼ ਦੇ ਵਹਿਸ਼ੀ ਕਤਲੇਆਮ' ਨਾਲ ਕੀਤੀ ਹੈ। ਇਹ ਅੱਤਕਥਨੀ ਨਹੀਂ, ਹਕੀਕਤ ਹੈ ਅਤੇ ਪੂਰੀ ਇੱਕ ਸਦੀ ਬਾਅਦ ਵਾਪਰਿਆ ਹੈ, ਜਿਸ ਸਾਲ ਅਸੀਂ ਜਲਿਆਂਵਾਲੇ ਬਾਗ਼ ਦੀ ਇੱਕ ਸਦੀ ਵਿੱਚੋਂ ਲੰਘ ਰਹੇ ਹਾਂ। ਫ਼ਰਕ ਇਹ ਹੈ ਕਿ ਉਦੋਂ ਅੰਗਰੇਜ਼ਾਂ ਦੁਆਰਾ ਗ਼ੁਲਾਮ ਭਾਰਤੀਆਂ ਦੇ ਹਕੂਕ ਉੱਤੇ ਡਾਕਾ ਮਾਰਨ ਵਾਲੇ ਰੌਲਟ ਐਕਟ ਦੇ ਖ਼ਿਲਾਫ਼ ਹਿੰਦੂ, ਮੁਸਲਿਮ, ਸਿੱਖ ਜਲਿਆਂਵਾਲੇ ਬਾਗ਼ ਵਿੱਚ ਸ਼ਾਂਤਮਈ ਵਿਰੋਧ ਜਿਤਾਉਣ ਲਈ ਇਕੱਠੇ ਹੋਇਆਂ ਨੂੰ ਜਰਨਲ ਡਾਇਰ ਉਦੋਂ ਤੱਕ ਭੁੰਨਦਾ ਰਿਹਾ, ਜਿੰਨਾ ਚਿਰ ਗੋਲੀ ਸਿੱਕਾ ਖ਼ਤਮ ਨਹੀਂ ਹੋਇਆ ਅਤੇ ਹੁਣ! ਜਾਮੀਆ ਮਿਲੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਕੇਂਦਰ ਸਰਕਾਰ ਦੇ 'ਰੌਲਟ ਐਕਟ' ਨਾਗਰਿਕ ਅਧਿਕਾਰ ਐਕਟ ਅਤੇ ਐੱਨ ਆਰ ਸੀ ਦੇ ਵਿਰੋਧ ਵਿੱਚ ਕੀਤੇ ਜਾ ਰਹੇ ਸ਼ਾਂਤਮਈ ਵਿਰੋਧ ਦੇ ਪ੍ਰਦਰਸ਼ਨਕਾਰੀ ਕੁੜੀਆਂ ਅਤੇ ਮੁੰਡਿਆਂ ਨੂੰ ਗੋਲੀਆਂ, ਡੰਡਿਆਂ ਅਤੇ ਅੱਥਰੂ ਗੋਲਿਆਂ ਨਾਲ ਭੁੰਨਦੇ ਰਹੇ ਜਦੋਂ ਤੱਕ ਰਾਤ ਨਹੀਂ ਮੁੱਕੀ। ਜਲਿਆਂਵਾਲੇ ਬਾਗ਼ ਤੋਂ ਬਾਹਰ ਆਉਣ ਦਾ ਇੱਕੋ ਰਾਹ ਸੀ, ਜਿੱਥੇ ਡਾਇਰ ਦੀਆਂ ਮਸ਼ੀਨ ਗੰਨਾਂ ਫਿੱਟ ਸਨ ਅਤੇ ਜਾਮੀਆ ਯੂਨੀਵਰਸਿਟੀ ਦੇ ਹਰ ਗੇਟ ਨੂੰ ਪੁਲਿਸ ਦੁਆਰਾ ਸੀਲ ਕਰ ਦਿੱਤਾ ਗਿਆ ਸੀ। ਕੁੜੀਆਂ ਦੇ ਹੋਸਟਲ, ਲਾਇਬਰੇਰੀ, ਮੈੱਸ, ਸਭ ਜਗ੍ਹਾ ਵਹਿਸ਼ੀ ਤਰੀਕੇ 'ਆਜ਼ਾਦ' ਭਾਰਤ ਦੀ 'ਲੋਕਤੰਤਰਿਕ' ਪੁਲੀਸ ਨੇ ਕੁੱਟ ਮਾਰ ਕਰਦਿਆਂ ਆਪਣੇ ਹੀ ਦੇਸ਼ ਦੇ ਵਿਦਿਆਰਥੀਆਂ ਦੇ ਅੰਗ ਪੈਰ ਭੰਨ ਘੱਤੇ।

ਜਲਿਆਂਵਾਲਾ ਬਾਗ਼ ਕਤਲ ਕਾਂਡ ਤੋਂ ਬਾਅਦ ਜਿਹੜਾ ਸਬਕ ਜਰਨਲ ਡਾਇਰ ਨੇ ਅੰਮ੍ਰਿਤਸਰ ਵਾਸੀਆਂ ਨੂੰ ਸਿਖਾਇਆ, ਉਹੀ ਸਬਕ ਹੁਣ ਦਿੱਲੀ ਵਾਸੀਆਂ ਅਤੇ ਬਾਕੀ ਭਾਰਤ ਦੇ ਮਹਾਂਨਗਰਾਂ ਵਿੱਚ ਵਿਰੋਧ ਜਤਾ ਰਹੇ ਆਵਾਮ ਨੂੰ ਸਿਖਾਉਣ ਲਈ ਗ੍ਰਹਿ ਮੰਤਰੀ ਅਮਿਤ ਸ਼ਾਹ ਤਿਆਰ-ਬਰ-ਤਿਆਰ ਨਜ਼ਰ ਆ ਰਹੇ ਹਨ।

ਰਵੀਸ਼ ਕੁਮਾਰ ਨਾਲ ਮੁਲਾਕਾਤ ਵਿੱਚ ਜਾਮੀਆ ਮਿਲੀਆ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਨੇ ਜੋ ਦੱਸਿਆ, ਉਸ ਤੋਂ ਸਾਫ਼ ਝਲਕਦਾ ਹੈ ਕਿ ਐੱਨ ਏ ਏ ਅਤੇ ਐੱਨ ਆਰ ਸੀ ਭਾਰਤ ਵਿੱਚ ਸ਼ਰਣ ਪ੍ਰਾਪਤ ਲੋਕਾਂ ਵਿੱਚੋਂ ਮੁਸਲਮਾਨਾਂ ਨੂੰ ਬਾਹਰ ਕੱਢਣ ਦਾ ਤਾਂ ਇੱਕ ਬਹਾਨਾ ਹੈ ਅਸਲ ਵਿੱਚ ਇਹ ਸਦੀਆਂ ਤੋਂ ਮੁਸਲਮਾਨ ਬਣੇ ਭਾਰਤੀਆਂ ਨੂੰ ਉਹੀ ਸਬਕ ਸਿਖਾਉਣਾ ਹੈ, ਜਿਹੜਾ ਗੁਜਰਾਤੀ ਮੁਸਲਮਾਨਾਂ ਨੂੰ 2002 ਵਿੱਚ ਸਿਖਾਇਆ ਸੀ। ਵਿਦਿਆਰਥੀਆਂ ਨੂੰ ਕੁੱਟਦਿਆਂ ਹੋਇਆਂ ਦਿੱਲੀ ਪੁਲੀਸ ਦੇ ਅਫਸਰ ਕਹਿ ਰਹੇ ਸਨ, ਜਿਨਾਹ ਕੇ ਪਿੱਲੋ ਪਾਕਿਸਤਾਨ ਜਾਓ, ਹਿੰਦੁਸਤਾਨ ਕਾ ਨਮਕ ਖਾਤੇ ਹੋ ਜਿਨਾਹ ਕੇ ਪਿੱਲੋ। ਕੀ ਇਹ ਦਿੱਲੀ ਪੁਲੀਸ ਦਾ ਅਮਲਾ ਸੀ ਜਾਂ ਹਿੰਦੁਤਵਾ/ਆਰ ਐੱਸ ਐਸ ਦੇ ਟਰੇਂਡ ਕਾਰਕੁੰਨ ?

'ਰੌਲਟ ਐਕਟ' ਨੂੰ ਲਿਆ ਕੇ ਅਤੇ ਜਲਿਆਂਵਾਲਾ ਕਤਲੇਆਮ ਨੂੰ ਸਿਰੇ ਚਾੜ੍ਹਕੇ ਅੰਗਰੇਜ਼ਾਂ ਨੇ ਹਿੰਦੁਸਤਾਨੀਆਂ ਨੂੰ ਗ਼ੁਲਾਮ ਹੋਣ ਦਾ ਅਹਿਸਾਸ ਕਰਾ ਦਿੱਤਾ ਸੀ ਅਤੇ ਇਸੇ ਵਿੱਚੋਂ ਸਰਦਾਰ ਭਗਤ ਸਿੰਘ ਦਾ ਉਦੈ ਹੋਇਆ ਜਿਸਨੇ 'ਪੂਰਨ ਸਵਰਾਜ' ਲਈ ਨੈਸ਼ਨਲ ਅਸੈਂਬਲੀ ਵਿੱਚ ਬੰਬ ਸੁੱਟਿਆ ਅਤੇ ਅੰਗਰੇਜ਼ਾਂ ਦੀ ਬੋਲ਼ੀ ਸਰਕਾਰ ਨੂੰ ਅਹਿਸਾਸ ਕਰਵਾਇਆ ਕਿ ਤੁਸੀਂ ਹੋਰ ਕਾਲੇ ਕਾਰਨਾਮੇ ਨਹੀਂ ਕਰ ਸਕਦੇ, ਭਾਵੇਂ ਉਸ ਨੂੰ ਇਸ ਬਦਲੇ ਫ਼ਾਂਸੀ ਦਾ ਰੱਸਾ ਚੁੰਮਣਾ ਪਿਆ। ਅੱਜ ਭਾਜਪਾ ਦੀ ਸਰਕਾਰ ਅਤੇ ਵਿਸੇਸ਼ ਕਰਕੇ ਅਮਿਤ ਸ਼ਾਹ ਐੱਨ ਏ ਏ ਅਤੇ ਐੱਨ ਆਰ ਸੀ ਰਾਹੀਂ ਮੁਸਲਮਾਨ, ਦਲਿਤ, ਆਦਿਵਾਸੀਆਂ ਅਤੇ ਘੱਟ ਗਿਣਤੀ ਭਾਰਤ ਵਾਸੀਆਂ ਨੂੰ ਇਹ ਅਹਿਸਾਸ ਕਰਾ ਰਹੇ ਹਨ ਕਿ ਤੁਸੀਂ ਹਿੰਦੁਤਵ ਦੇ ਗ਼ੁਲਾਮ ਹੋ। ਦਿਖਾਈ ਦੇ ਰਿਹਾ ਹੈ ਕਿ ਲੱਖਾਂ/ਕਰੋੜਾਂ ਲੋਕਾਂ ਦੇ ਵਿਰੋਧ ਨੂੰ ਸੰਸਦ ਟਿੱਚ ਜਾਣਦੀ ਹੈ, ਇਸੇ ਕਰਕੇ ਜਾਮੀਆ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਅਤੇ ਇਸੇ ਤਰ੍ਹਾਂ ਹੁਣ ਭਾਰਤੀ ਲੋਕਾਂ ਨੂੰ ਸਰਕਾਰ ਸਬਕ ਸਿਖਾਉਣ ਦੇ ਰਾਹੇ ਪੈ ਰਹੀ ਹੈ। ਸਾਢੇ ਪੰਜ ਸਾਲ ਦੇ ਖੌਫ਼ਜ਼ਦਾ ਮਾਹੌਲ ਨੂੰ ਆਵਾਮ ਦੀ ਜੁਰਅਤ ਨੇ ਤਾਰ-ਤਾਰ ਕਰ ਦਿੱਤਾ ਹੈ ਅਤੇ ਭਰ ਸਰਦੀ ਭਰੇ ਮਾਹੌਲ ਨੂੰ ਗਰਮਾ ਦਿੱਤਾ ਹੈ।

**'ਰੌਲਟ ਐਕਟ' ਨੂੰ ਲਿਆ ਕੇ ਅਤੇ ਜਲਿਆਂਵਾਲਾ ਕਤਲੇਆਮ ਨੂੰ ਸਿਰੇ ਚਾੜ੍ਹਕੇ ਅੰਗਰੇਜ਼ਾਂ ਨੇ ਹਿੰਦੁਸਤਾਨੀਆਂ ਨੂੰ ਗ਼ੁਲਾਮ ਹੋਣ ਦਾ ਅਹਿਸਾਸ ਕਰਾ ਦਿੱਤਾ ਸੀ ਅਤੇ ਇਸੇ ਵਿੱਚੋਂ ਸਰਦਾਰ ਭਗਤ ਸਿੰਘ ਦਾ ਉਦੈ ਹੋਇਆ ਜਿਸਨੇ 'ਪੂਰਨ ਸਵਰਾਜ' ਲਈ ਨੈਸ਼ਨਲ ਅਸੈਂਬਲੀ ਵਿੱਚ ਬੰਬ ਸੁੱਟਿਆ ਅਤੇ ਅੰਗਰੇਜ਼ਾਂ ਦੀ ਬੋਲ਼ੀ ਸਰਕਾਰ ਨੂੰ ਅਹਿਸਾਸ ਕਰਵਾਇਆ ਕਿ ਤੁਸੀਂ ਹੋਰ ਕਾਲੇ ਕਾਰਨਾਮੇ ਨਹੀਂ ਕਰ ਸਕਦੇ, ਭਾਵੇਂ ਉਸ ਨੂੰ ਇਸ ਬਦਲੇ ਫ਼ਾਂਸੀ ਦਾ ਰੱਸਾ ਚੁੰਮਣਾ ਪਿਆ। ਅੱਜ ਭਾਜਪਾ ਦੀ ਸਰਕਾਰ ਅਤੇ ਵਿਸੇਸ਼ ਕਰਕੇ ਅਮਿਤ ਸ਼ਾਹ ਐੱਨ ਏ ਏ ਅਤੇ ਐੱਨ ਆਰ ਸੀ ਰਾਹੀਂ ਮੁਸਲਮਾਨ, ਦਲਿਤ, ਆਦਿਵਾਸੀਆਂ ਅਤੇ ਘੱਟ ਗਿਣਤੀ ਭਾਰਤ ਵਾਸੀਆਂ ਨੂੰ ਇਹ ਅਹਿਸਾਸ ਕਰਾ ਰਹੇ ਹਨ ਕਿ ਤੁਸੀਂ ਹਿੰਦੁਤਵ ਦੇ ਗ਼ੁਲਾਮ ਹੋ।**

ਆਵਾਮ ਦਾ ਇਹ ਰੋਹ ਸਾਢੇ ਪੰਜ ਸਾਲਾ ਦਬਾਅ ਦਾ ਰੋਹ ਭਰਿਆ ਵਿਸਫੋਟ ਹੈ, ਜਿਸ ਵਿੱਚ ਕਦੀ ਉਹਨਾਂ ਨੂੰ ਨੋਟਬੰਦੀ ਝੱਲਣੀ ਪਈ। ਆਪਣਿਆਂ ਹੀ ਰੁਪਇਆਂ ਨੂੰ ਪ੍ਰਾਪਤ ਕਰਨ ਲਈ ਕਈ ਮਹੀਨੇ ਕਤਾਰਾਂ ਵਿੱਚ ਖਲੋਣਾ ਪਿਆ। ਹੁਣ ਆਰਥਿਕ ਸੰਕਟ ਵਿੱਚੋਂ ਉਪਜੀ ਬੇਰੁਜ਼ਗਾਰੀ ਝੱਲਣੀ ਪੈ ਰਹੀ ਹੈ। ਬੰਦ ਹੋ ਰਹੇ ਕਾਰੋਬਾਰ, ਡਿੱਗ ਰਹੀ ਜੀਡੀਪੀ, ਮਹਿੰਗਾਈ, ਕਿਸਾਨ ਆਤਮ ਹੱਤਿਆਵਾਂ, ਜੰਮੂ ਕਸ਼ਮੀਰ ਕੋਲੋਂ ਰਾਜ ਦਾ ਦਰਜ਼ਾ ਖੋਹ ਕੇ ਕਸ਼ਮੀਰੀਆਂ ਨੂੰ ਜੇਲ ਨੁਮਾ ਕਸ਼ਮੀਰ ਵਿੱਚ ਡੱਕ ਦੇਣਾ ਆਦਿ ਬਹੁਤ ਸਾਰੀਆਂ ਮਨੁੱਖ ਮਾਰੂ ਨੀਤੀਆਂ ਹਨ, ਜਿਨ੍ਹਾਂ ਵਿੱਚ ਦੀ ਭਾਰਤੀ ਆਵਾਮ ਲੰਘ ਰਿਹਾ ਹੈ। ਗੱਲ ਕੀ ਤਬਾਹ ਹੋਏ ਕਾਨੂੰਨੀ ਤੰਤਰ ਨੇ ਹਰ ਭਾਰਤੀ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾ ਦਿੱਤਾ ਹੈ, ਗੋਦੀ ਮੀਡੀਆ ਅਤੇ ਭਗਤਾਂ ਨੂੰ ਛੱਡ ਕੇ।

ਗੱਲ ਹੁਣ ਇਸ ਸਿਰੇ ਉੱਤੇ ਪਹੁੰਚ ਗਈ ਹੈ ਕਿ ਲੋਕਾਂ ਦੇ ਨਾਗਰਿਕਤਾ ਅਧਿਕਾਰ ਵੀ ਦਾਅ ਉੱਤੇ ਲਾਅ ਦਿੱਤੇ ਗਏ ਹਨ ਤਾਂ ਹੀ ਉਹ ਇਸ ਲਈ ਜ਼ਰੂਰ ਆਰ ਪਾਰ ਦੀ ਲੜਾਈ ਲੜਨ ਦੇ ਰੌਅ ਵਿੱਚ ਜਾਪਦੇ ਹਨ, ਬਾਕੀ ਭਵਿੱਖ ਦੱਸੇਗਾ ਕਿ ਹਿੰਦੁਸਤਾਨੀ ਆਵਾਮ ਹੋਰ ਕਿੰਨਾ ਕੁ ਚਿਰ ਗ਼ੁਲਾਮੀ ਸਹਿ ਸਕਦਾ ਹੈ, ਕਿਉਂਕਿ ਭਾਰਤੀ ਲੋਕਾਂ ਦੇ ਇਤਿਹਾਸ ਵਿੱਚ ਕ੍ਰਾਂਤੀਕਾਰੀ ਵਿਦਰੋਹ ਦੀ ਅਣਹੋਂਦ ਰਹੀ ਹੈ। ਹਿੰਦੁਸਤਾਨ ਦੀ ਆਜ਼ਾਦੀ ਦੇ ਕੌਮੀ ਮੁਕਤੀ ਅੰਦੋਲਨ ਦੇ ਨਾਲ-ਨਾਲ ਇੱਥੋਂ ਦੀ ਸਿਆਸੀ ਤਹਿਰੀਕ ਦਾ ਫਿਰਕਾਪ੍ਰਸਤ ਹੁੰਦੇ ਜਾਣਾ ਵੀ ਸ਼ਾਮਿਲ ਹੈ। ਇਸੇ ਵਿੱਚੋਂ ਹੀ ਦੋ ਰਾਸ਼ਟਰਾਂ ਦਾ ਸਿਧਾਂਤ ਹਿੰਦੁਤਵਾ ਵੱਲੋਂ ਲਿਆਂਦਾ ਗਿਆ, ਜਿਸ ਨੂੰ ਜਿਨਾਹ ਨੇ ਕਬੂਲ ਕਰਕੇ ਆਪਣੇ ਆਪ ਉੱਤੇ ਸੈਕੂਲਰ ਤੋਂ ਫਿਰਕਾਪ੍ਰਸਤ ਦੀ ਮੋਹਰ ਲਵਾ ਲਈ। ਦੇਸ਼ ਦੀ ਵੰਡ ਨੇ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਨੂੰ ਫਿਰਕੂ ਮਾਹੌਲ ਵਿੱਚ ਵਿਚਰਨ ਦਾ ਰਾਹ ਖੋਲ੍ਹੀ ਰੱਖਿਆ ਹੈ, ਜੋ ਅੱਜ ਅਰੂਜ਼ ਉੱਤੇ ਹੈ।

ਹੋ ਰਹੇ ਅੰਦੋਲਨ ਨੂੰ ਬਹੁਤ ਸਾਰੇ ਲੋਕ ਗਾਂਧੀ ਦਾ ਅਹਿੰਸਾ ਸਿਧਾਂਤ ਪੜ੍ਹਾ ਰਹੇ ਹਨ, ਪਰ ਸ਼ਹੀਦ ਭਗਤ ਸਿੰਘ ਨੇ ਅਹਿੰਸਾ ਦਾ ਸਿਧਾਂਤਕ ਪਾਠ ਉਦੋਂ ਹੀ ਪੜ੍ਹਨ ਤੋਂ ਨਾਂਹ ਕਰ ਦਿੱਤੀ ਸੀ। ਕ੍ਰਾਂਤੀਕਾਰੀਆਂ ਨੂੰ ਇਹ ਰਾਹ ਸੂਤ ਹੀ ਨਹੀਂ ਬੈਠਦਾ। ਗ਼ੁਲਾਮ ਨੂੰ ਜਦੋਂ ਗ਼ੁਲਾਮੀ ਦਾ ਅਹਿਸਾਸ ਹੋ ਜਾਂਦਾ ਹੈ ਤਾਂ ਉਹ ਅੰਦੋਲਨ ਕਰਦੇ ਹਨ। ਹਿੰਸਾ ਤਾਂ ਸਟੇਟ ਦਾ ਮੁੱਢੋਂ ਹੀ ਹਥਿਆਰ ਰਿਹਾ ਹੈ। ਲੋਕ ਉਹਨਾਂ ਦੇ ਸਾਹਮਣੇ ਕੀੜੇ ਮਕੌੜੇ ਹੁੰਦੇ ਹਨ। ਫ਼ਰਾਂਜ ਫਾਨੋ ਨੇ ਧਰਤੀ ਦੇ ਅਭਾਗੇ ਵਿੱਚ ਕਿਹਾ ਹੈ ਕਿ ਅਹਿੰਸਾ ਦਾ ਰਾਹ ਬੁਰਜੁਆਜ਼ੀ ਨੂੰ ਆਪਣੇ ਆਰਥਿਕ ਫ਼ਾਇਦੇ ਦੀ ਮਜਬੂਰੀ ਵਿੱਚੋਂ ਅਪਣਾਉਣਾ ਪੈਂਦਾ ਹੈ, ਕਿਉਂਕਿ ਉਹ ਸਟੇਟ ਨਾਲ ਸਹਿਯੋਗ ਤੋਂ ਬਿਨਾਂ ਚੱਲ ਹੀ ਨਹੀਂ ਸਕਦੀ ਅਤੇ ਮਹਾਤਮਾ ਗਾਂਧੀ ਇਸੇ ਬੁਰਜੁਆਜ਼ੀ ਦੇ ਨੁਮਾਇੰਦੇ ਸਨ, ਜਦੋਂਕਿ ਭਗਤ ਸਿੰਘ ਮਜ਼ਦੂਰਾਂ-ਕਿਸਾਨਾਂ ਦੇ ਸਮਾਜਵਾਦੀ ਰਾਹ ਦੇ ਇਨਕਲਾਬੀ ਨੁਮਾਇੰਦੇ ਸਨ। ਫਾਨੋ ਆਖਦਾ ਹੈ ਕਿ ਕਬੀਲਾਈ ਲੋਕ ਕਿਸੇ ਉੱਪਰ ਜ਼ੁਲਮ ਨਹੀਂ ਕਰਦੇ ਇਸੇ ਲਈ ਉਹ ਹਿੰਸਾ ਦਾ ਜਵਾਬ ਹਿੰਸਾ ਵਿੱਚ ਦਿੰਦੇ ਹਨ (ਇਸੇ ਲਈ ਅਸ਼ੋਕ ਨੇ ਕਲਿੰਗਾ ਦੇ ਕਤਲੇਆਮ ਤੋਂ ਬਾਅਦ ਅਹਿੰਸਾ ਦਾ ਮਾਰਗ ਅਪਣਾ ਲਿਆ)। ਇਸੇ ਲਈ ਪੰਜਾਬ ਹੀ ਨਹੀਂ ਬਰੇ-ਸਗੀਰ ਦੇ ਨੌਜਵਾਨ ਅਤੇ ਆਵਾਮ ਭਗਤ ਸਿੰਘ ਦੇ ਕ੍ਰਾਂਤੀਕਾਰੀ ਰੂਪ ਨੂੰ ਪਿਆਰ ਕਰਦੇ ਹਨ।



ਭਾਰਤ ਦੀ ਆਜ਼ਾਦੀ ਦਾ ਇਤਿਹਾਸ ਅਤੇ ਉਸ ਦੇ ਨਾਲ ਉੱਸਰਿਆ ਹਿੰਦੁਤਵਾ ਭਾਰਤੀ ਲੋਕਾਂ ਉੱਤੇ ਆਪਣੀ ਛਾਪ ਛੱਡਣ ਲਈ ਇਕੱਠੇ ਦੌੜਦੇ ਰਹੇ ਸਨ। ਇਸ ਦੌੜ ਵਿੱਚੋਂ ਹਿੰਦੁਤਵਾ ਨੇ ਸੈਕੂਲਰ ਨੂੰ ਮੈਦਾਨੋਂ ਕੱਢ ਦਿੱਤਾ। ਅਗਰ ਭਾਰਤ ਦੀ ਵੰਡ ਨਾ ਹੋਈ ਹੁੰਦੀ ਤਾਂ ਇਸਦੀ ਭਾਈਚਾਰਕ ਵਿਰਾਸਤ ਨੇ ਹਿੰਦੁਤਵਾ ਨੂੰ ਕਦੋਂ ਦਾ ਮੈਦਾਨੋ ਕੱਢ ਦਿੱਤਾ ਹੁੰਦਾ। ਭਾਰਤੀ ਲੋਕਾਂ ਨੂੰ ਆਪਣੀ ਭਾਈਚਾਰਕ ਵਿਰਾਸਤ ਨੂੰ ਕਾਇਮ ਰੱਖਣ ਦੀ ਲੜਾਈ ਆਖ਼ਿਰ ਲੜਨੀ ਹੀ ਪੈਣੀ ਸੀ। ਕਾਂਗਰਸ ਨੇ ਇਸ ਲੜਾਈ ਨੂੰ ਟਾਲਦਿਆਂ ਹਿੰਦੁਤਵ ਅੱਗੇ ਗੋਡੇ ਟੇਕੀ ਰੱਖੇ। ਕਾਂਗਰਸ ਦੇ ਹੌਲੀ-ਹੌਲੀ ਫਿਰਕੂ ਹੁੰਦੇ ਜਾਣ ਦੇ ਕਾਰਨ ਵੀ ਇਹੋ ਸਨ ਕਿ ਹਿੰਦੁਤਵ ਦੀ ਸਮਾਜ-ਆਰਥਿਕ ਸਥਿਤੀ ਇੰਨੀ ਮਜ਼ਬੂਤ ਸੀ ਕਿ ਕਾਂਗਰਸ ਉਸ ਨਾਲ ਟਕਰਾਉਣ ਦੀ ਹਿੰਮਤ ਨਹੀਂ ਸੀ ਜੁਟਾਅ ਪਾਉਂਦੀ। ਇਸ ਕਮਜ਼ੋਰੀ ਨੇ ਕਾਂਗਰਸ ਨੂੰ ਧਵਸਤ ਕੀਤਾ ਅਤੇ ਹਿੰਦੁਤਵ ਦਾ ਕੇਸਰੀ ਨਿਸ਼ਾਨ ਤਾਕਤ ਨਾਲ ਝੁੱਲਿਆ। 1991 ਦੇ ਆਰਥਿਕ ਸੁਧਾਰਾਂ ਨੇ ਹਿੰਦੁਤਵਾ ਲਈ ਸਮਾਜ-ਆਰਥਿਕ ਪਕਿਆਈ ਵਿੱਚ ਆਥਾਹ ਜੋਗਦਾਨ ਪਾਇਆ। ਕਾਮਾ ਜਮਾਤ ਜਾਤਾਂ, ਧਰਮਾਂ, ਇਲਾਕਿਆਂ ਦੀਆਂ ਵੰਡੀਆਂ ਵਿੱਚ ਫਸਦੀ ਗਈ, ਆਰਥਿਕ, ਜਾਤੀ, ਧਾਰਮਿਕ ਵਿਖੰਡਨ ਵਿੱਚ ਧਸਦੀ ਗਈ। ਵਰਤਮਾਨ ਦੱਸ ਪਾ ਰਿਹਾ ਹੈ ਕਿ ਹਿੰਦੁਤਵਾ ਦੀ ਸਮਾਜ-ਆਰਥਿਕ ਸਥਿਤੀ ਮੋਦੀ-ਸ਼ਾਹ ਦੀ ਜੋੜੀ ਦੀਆਂ ਗ਼ਲਤ ਨੀਤੀਆਂ ਕਾਰਨ ਹੇਠਾਂ ਤੋਂ ਹੇਠਾਂ ਡਿੱਗਦੀ ਜਾ ਰਹੀ ਹੈ। ਇਹ ਆਪਣੇ ਹੀ ਬਣਾਏ ਜਾਲ ਵਿੱਚ ਫਸਦੀ ਜਾ ਰਹੀ ਹੈ, ਜਿਸ ਕਾਰਨ ਇਹ ਦਮਨ ਦੇ ਰਾਹੇ ਹੋ ਤੁਰੀ ਹੈ। ਭਾਰਤ ਵਿੱਚ ਹਰ ਪਲ ਮਰ ਰਹੇ ਆਮ ਨਾਗਰਿਕ ਕੋਲ ਅੰਦੋਲਨ ਦਾ ਕੋਈ ਸਿਰਾ ਨਹੀਂ ਸੀ ਲੱਭ ਰਿਹਾ। ਮੀਡੀਆ ਲਗਾਤਾਰ ਉਹਨਾਂ ਨੂੰ ਗੁਮਰਾਹ ਕਰਦਿਆਂ ਸਟੇਟ ਦੀ ਬੋਲੀ ਬੋਲਣ ਵਿੱਚ ਮਸ਼ਗੂਲ ਹੈ। ਉਹ ਦਮਨ ਝੱਲਦੇ ਆਵਾਮ ਦੀ ਆਵਾਜ਼ ਬਣਨ ਦੀ ਬਜਾਏ ਦਮਨਕਾਰੀ ਸਟੇਟ ਦਾ ਪੱਖ ਪੂਰਦਾ ਆ ਰਿਹਾ ਹੈ। ਮੀਡੀਆ ਦੀ ਇਹ ਭੂਮਿਕਾ ਸਾਨੂੰ ਦੱਸ ਪਾਉਂਦੀ ਹੈ ਕਿ ਉਹ ਅਜਿਹਾ ਕਿਉਂ ਕਰਦਾ ਹੈ, ਕਿਉਂਕਿ ਮੀਡੀਆ ਮਾਲਕਾਨ ਅਤੇ ਕਾਮੇ ਸਭ ਸਮਾਜ-ਆਰਥਿਕ ਸੰਪਨਤਾ ਰੱਖਦੇ ਹੋਣ ਕਰਕੇ ਹਿੰਦੁਤਵਾ ਦੀ ਹਮਾਇਤ ਵਿੱਚ ਰੁੱਝੇ ਹੋਏ ਹਨ।

ਲਗਾਤਾਰ ਗਿਰ ਰਹੀ ਆਰਥਿਕ ਸਥਿਤੀ ਜਿੱਥੇ ਹਿੰਦੁਤਵਾ ਦੀ ਰੀੜ੍ਹ ਤੋੜਨ ਵੱਲ ਵਧ ਰਹੀ ਹੈ ਅਤੇ ਦੂਸਰੇ ਪਾਸੇ ਆਵਾਮ ਲਗਾਤਾਰ ਆਰਥਿਕ ਮੰਦਵਾੜੇ, ਬੇਰੁਜ਼ਗਾਰੀ, ਮਹਿੰਗਾਈ ਕਾਰਨ ਇਲਾਜ, ਪੜ੍ਹਨ ਲਿਖਣ ਦੇ ਹੱਕਾਂ ਤੋਂ ਵੀ ਵਾਂਝੀ ਹੋ ਰਹੀ ਹੈ। ਸੀ ਏ ਏ ਅਤੇ ਐੱਨ ਆਰ ਸੀ ਜਿਹੇ ਐਕਟਾਂ ਰਾਹੀਂ ਸੰਵਿਧਾਨ ਵੀ ਨੁਕਰੇ ਲਾਇਆ ਜਾ ਰਿਹਾ ਹੈ। ਹਿੰਦੂਆਂ ਨੂੰ ਦੱਸਣ ਦਾ ਇਹ ਯਤਨ ਕੀਤਾ ਜਾ ਰਿਹਾ ਹੈ ਕਿ ਉਹਨਾਂ ਦੇ ਦੁੱਖਾਂ ਦਾ ਕਾਰਨ ਮੁਸਲਮਾਨ ਹਨ, ਇਸ ਲਈ ਇਹਨਾਂ ਨੂੰ ਨਾਗਰਿਕਤਾ ਦਾ ਕੋਈ ਅਧਿਕਾਰ ਨਹੀਂ। ਸਾਰੀਆਂ ਕੌਮੀਅਤਾਂ ਦਾ ਸਮੂਹ ਅੰਦੋਲਨ ਸਮੇਤ ਹਿੰਦੂਆਂ ਦੇ ਹਿੰਦੁਸਤਾਨੀ ਆਵਾਮ ਨੂੰ ਹਿੰਦੁਤਵ ਦੀ ਹਰ ਤਰ੍ਹਾਂ ਦੀ ਗ਼ੁਲਾਮੀ ਤੋਂ ਬਚਾ ਸਕਦਾ ਹੈ। ਜੇ ਹੁਣ ਉਹਨਾਂ ਸਾਢੇ ਪੰਜ ਸਾਲ ਬਾਅਦ ਡਰ ਭਉ ਤਿਆਗਿਆ ਹੀ ਹੈ ਤਾਂ ਇਸ ਨੂੰ ਦੁਬਾਰਾ ਨਾ ਪਹਿਨਣ, ਕਿਉਂਕਿ ਸਮੂਹ ਭਾਰਤੀਆਂ ਦੀ ਮੁਕਤੀ ਸਾਂਝਾ ਅੰਦੋਲਨ ਹੀ ਕਰਾ ਸਕਦਾ ਹੈ, ਫਿਰਕੂ ਵੰਡ ਨਹੀਂ। ਸੱਤਰ ਫ਼ੀਸਦ ਭਾਰਤੀ ਤਾਂ ਆਪਣੀ ਨਾਗਰਿਕਤਾ ਸਿੱਧ ਕਰਨ ਤੋਂ ਹੀ ਅਸਮਰੱਥ ਹੋ ਜਾਣਗੇ। ਇਸ ਲਈ ਸਮੂਹ ਭਾਰਤੀਆਂ ਨੂੰ ਐੱਨ ਆਰ ਸੀ ਲਈ ਨਾਗਰਿਕਤਾ ਵਾਸਤੇ ਦਸਤਾਵੇਜ਼ ਪੇਸ਼ ਕਰਨ ਤੋਂ ਇਨਕਾਰ ਕਰਨਾ ਚਾਹੀਦਾ ਹੈ। ਅਜੇ ਤਾਂ ਅਮਿਤ ਸ਼ਾਹ ਦਾ ਪਹਿਲਾ ਜਲਿਆਂਵਾਲਾ ਹੈ। ਇਸਦੀ ਤਾਂ ਲੜੀ ਚੱਲੇਗੀ। ਹਿੰਦੁਤਵ ਬਸਤੀਵਾਦੀਆਂ ਦਾ ਹਮਰਾਹ ਰਿਹਾ ਹੈ। ਹੁਣ ਦੂਸਰੇ ਬਸਤੀਵਾਦ ਤੋਂ ਆਜ਼ਾਦੀ ਦੀ ਲੜਾਈ ਹੈ। ਜਲਿਆਂਵਾਲੇ ਤਾਂ ਵਾਪਰਨੇ ਹੀ ਹਨ।

# ਬੱਬਰ ਅਕਾਲੀ ਲਹਿਰ ਦਾ ਨਾਇਕ ਮਾਸਟਰ ਮੋਤਾ ਸਿੰਘ

**ਹਰਦੀਪ ਸਿੰਘ ਝੱਜ**

ਭਾਰਤ ਵਿੱਚੋਂ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਤੋਂ ਮੁਕਤੀ ਦਿਵਾਉਣ ਖ਼ਾਤਰ ਅਨੇਕਾਂ ਦੇਸ਼-ਭਗਤਾਂ ਨੂੰ ਕੁਰਬਾਨੀਆਂ ਦੇਣੀਆਂ ਪਈਆਂ। ਅਜਿਹੇ ਹੀ ਪ੍ਰਸਿੱਧ ਯੋਧਿਆਂ ਤੇ ਦੇਸ਼-ਭਗਤ ਆਗੂਆਂ ਵਿਚ ਮਾਸਟਰ ਮੋਤਾ ਸਿੰਘ ਦਾ ਵੀ ਪ੍ਰਮੁੱਖ ਸਥਾਨ ਹੈ। ਉਨ੍ਹਾਂ ਦਾ ਜਨਮ ਪਿੰਡ ਪਤਾਰਾ, ਜ਼ਿਲ੍ਹਾ ਜਲੰਧਰ ਵਿਚ 5 ਫਰਵਰੀ, 1881 ਈ. ਨੂੰ ਗੋਪਾਲ ਸਿੰਘ ਤੇ ਮਾਤਾ ਰਲੀ ਜੀ ਦੇ ਘਰ ਹੋਇਆ। ਉਹ ਬੱਬਰ ਅਕਾਲੀ ਲਹਿਰ ਦੇ ਕ੍ਰਾਂਤਕਾਰੀ ਨੇਤਾ, ਪ੍ਰਭਾਵਸ਼ਾਲੀ ਬੁਲਾਰੇ, ਉੱਚ ਕੋਟੀ ਦੇ ਵਿਦਵਾਨ, ਸਿਆਸਤਦਾਨ, ਸਮਾਜ-ਸੁਧਾਰਕ ਤੇ ਸਫ਼ਲ ਸਿੱਖਿਆ ਸ਼ਾਸਤਰੀ ਸਨ। ਮਾਸਟਰ ਜੀ 1920 ਦੇ ਅੰਤ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਮੁੱਢਲੇ ਮੈਂਬਰਾਂ 'ਚੋਂ ਇਕ ਪ੍ਰਮੁੱਖ ਨੇਤਾ ਸਨ।

ਗਿਆਨੀ ਗੁਰਮੁਖ ਸਿੰਘ ਨੇ ਆਪਣੀ ਪੁਸਤਕ 'ਜੀਵਨ ਬ੍ਰਿਤਾਂਤ ਮਾਸਟਰ ਮੋਤਾ ਸਿੰਘ' ਦੇ ਪੰਨਾ 49 'ਤੇ ਲਿਖਿਆ, "ਸੁਤੰਤਰਤਾ ਪ੍ਰਾਪਤੀ ਲਈ ਗਾਂਧੀ ਦੇ ਅਹਿੰਸਾ ਸਿਧਾਂਤ ਵਿਚ ਉਨ੍ਹਾਂ ਦਾ ਕੋਈ ਵਿਸ਼ਵਾਸ ਨਹੀਂ ਸੀ। ਮਾਸਟਰ ਜੀ ਦਾ ਕਾਂਗਰਸ ਦੇ ਅਸੂਲਾਂ ਨਾਲ ਭਾਵੇਂ ਕਈ ਗੱਲਾਂ ਕਰਕੇ ਵਿਰੋਧ ਸੀ। ਪ੍ਰੰਤੂ ਫ਼ਿਰ ਵੀ ਉਨ੍ਹਾਂ ਨੇ ਕਾਂਗਰਸ ਦੇ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ।"

ਮਾਸਟਰ ਮੋਤਾ ਸਿੰਘ ਨੇ ਫ਼ਾਰਸੀ ਤੇ ਉਰਦੂ ਦੀ ਮੁੱਢਲੀ ਪੜ੍ਹਾਈ ਆਪਣੇ ਪਿੰਡੋਂ ਮੌਲਾਨਾ ਫ਼ਤਿਹਦੀਨ ਦੇ ਮਦਰੱਸੇ 'ਚੋਂ ਹਾਸਲ ਕੀਤੀ। ਉਨ੍ਹਾਂ ਨੇ ਦਸਵੀਂ ਦੀ ਪ੍ਰੀਖਿਆ ਖ਼ਾਲਸਾ ਹਾਈ ਸਕੂਲ, ਜਲੰਧਰ ਤੋਂ ਪਾਸ ਕੀਤੀ। ਮਾਸਟਰ ਜੀ ਉਰਦੂ ਤੋਂ ਇਲਾਵਾ ਅੰਗਰੇਜ਼ੀ ਤੇ ਪੰਜਾਬੀ ਦੇ ਵੀ ਮਾਹਿਰ ਸਨ। ਉਨ੍ਹਾਂ ਪੜ੍ਹ-ਲਿਖ ਕੇ ਸਭ ਤੋਂ ਪਹਿਲਾਂ ਅਧਿਆਪਕ ਵਜੋਂ ਪਿੰਡੀਘੇਬ, ਜ਼ਿਲ੍ਹਾ ਅਟਕ ਵਿਚ ਨੌਕਰੀ ਸ਼ੁਰੂ ਕੀਤੀ। ਬਾਅਦ ਵਿੱਚ ਉਨ੍ਹਾਂ ਨੇ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ-ਨਾਲ ਮੁੱਖ ਤੌਰ 'ਤੇ ਖ਼ਾਲਸਾ ਹਾਈ ਸਕੂਲ ਮਾਹਿਲਪੁਰ, ਖ਼ਾਲਸਾ ਹਾਈ ਸਕੂਲ ਕੈਰੋਂ, ਖ਼ਾਲਸਾ ਹਾਈ ਸਕੂਲ ਮਸਤੂਆਣਾ ਅਤੇ ਮਿਸ਼ਨ ਸਕੂਲ ਪਤਾਰਾ ਦੀ ਹੋਂਦ ਸਥਾਪਿਤ ਕੀਤੀ।



ਪ੍ਰੋ. ਜਸਵੰਤ ਸਿੰਘ ਜੱਸ ਨੇ ਆਪਣੀ ਪੁਸਤਕ 'ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੇ ਪੰਨਾ 201 'ਤੇ ਲਿਖਿਆ "ਵਿੱਦਿਆ ਨਾਲ ਆਪ ਨੂੰ ਬੜਾ ਪਿਆਰ ਸੀ। ਆਪ ਦੇ ਉਦਮ ਸਦਕਾ ਪੰਜਾਬ ਵਿਚ 12 ਹਾਈ ਸਕੂਲ ਖੋਲ੍ਹੇ ਗਏ। ਆਪ ਨੇ ਕਰੀਬ 35 ਸਾਲ ਜੇਲ੍ਹਾਂ ਵਿਚ ਬਤੀਤ ਕੀਤੇ। ਦੁਆਬੇ ਦੇ ਇਲਾਕੇ ਵਿੱਚ ਬੱਬਰ ਅਕਾਲੀ ਲਹਿਰ ਦਾ ਮੁੱਢ ਬੰਨ੍ਹਣ ਵਿਚ ਆਪ ਦਾ ਵਿਸ਼ੇਸ਼ ਯੋਗਦਾਨ ਸੀ।"

ਸੰਨ 1914-15 ਵਿਚ ਉਹ ਅੰਮ੍ਰਿਤਸਰ ਦੇ ਸੰਤਾ ਸਿੰਘ ਸੁੱਖਾ ਸਕੂਲ, ਹਾਈ ਸਕੂਲ ਮਾਹਿਲਪੁਰ ਅਤੇ ਹਾਈ ਸਕੂਲ ਕੈਰੋਂ ਦੇ ਹੈਡਮਾਸਟਰ ਵੀ ਰਹੇ। ਬਾਅਦ ਵਿਚ ਉਨ੍ਹਾਂ ਨੂੰ ਮਸਤੂਆਣੇ ਦੇ ਗੁਰਮਤਿ ਕਾਲਜ ਵਿਚ ਦੇਸ਼-ਵਾਸੀਆਂ ਨੂੰ ਅੰਗਰੇਜ਼ ਸਰਕਾਰ ਵਿਰੁੱਧ ਜਾਗਰੂਕ ਕਰਨ ਦੇ ਦੋਸ਼ ਹੇਠ ਨੌਕਰੀ ਤੋਂ ਕੱਢਵਾ ਦਿੱਤਾ ਗਿਆ। ਮਗਰੋਂ ਮਾਸਟਰ ਜੀ ਭਾਰਤ ਦੀ ਆਜ਼ਾਦੀ ਅੰਦੋਲਨ 'ਚ ਕੁੱਦ ਪਏ।

ਸੰਨ 1919 ਈ. ਦੇ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਅਤੇ 21 ਫ਼ਰਵਰੀ, 1921 ਈ. ਦੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੇ ਉਨ੍ਹਾਂ ਦੇ ਜੀਵਨ ਵਿੱਚ ਨਵਾਂ ਮੋੜ ਲਿਆਂਦਾ। ਜਲ੍ਹਿਆਂਵਾਲੇ ਬਾਗ ਦੇ ਸਾਕੇ ਸਮੇਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ। ਬਾਅਦ ਵਿਚ ਜਦੋਂ ਅੰਗਰੇਜ਼ ਸਰਕਾਰ ਨੇ ਰੌਲਟ-ਐਕਟ (1919) ਵਾਪਸ ਲਿਆ ਤਾਂ ਮਾਸਟਰ ਜੀ ਨੂੰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ। ਮਾਸਟਰ ਮੋਤਾ ਸਿੰਘ ਨੇ 1919 ਦੇ ਅੰਤ ਵਿਚ ਕਾਂਗਰਸ ਦੇ ਅੰਮ੍ਰਿਤਸਰ 'ਚ ਹੋਏ ਸਮਾਗਮ ਵਿਚ ਸ਼ਮੂਲੀਅਤ ਕਰਕੇ ਪ੍ਰਭਾਵਸ਼ਾਲੀ ਤਕਰੀਰ ਕੀਤੀ। 1921 ਵਿਚ ਹੀ ਗ਼ਦਰ ਲਹਿਰ ਦੇ ਆਗੂਆਂ ਨੇ ਕਾਬੁਲ ਵਿਚ ਕ੍ਰਾਂਤੀਕਾਰੀ ਪਾਰਟੀ ਮਜ਼ਬੂਤ ਕਰ ਲਈ ਸੀ। ਮਾਸਟਰ ਮੋਤਾ ਸਿੰਘ ਲੁਕ-ਛਿਪ ਕੇ ਕਾਬੁਲ ਚਲੇ ਗਏ। ਇੱਥੇ ਉਨ੍ਹਾਂ ਦਾ ਉਦੇਸ਼ ਗ਼ਦਰ ਲਹਿਰ ਦੇ ਨੇਤਾਵਾਂ ਨੂੰ ਮਿਲ ਕੇ ਆਜ਼ਾਦੀ ਸੰਗ੍ਰਾਮ ਦੀ ਲਹਿਰ ਨੂੰ ਤੇਜ਼ ਕਰਨਾ ਸੀ। ਕਾਬੁਲ ਵਿਚ ਮਾਸਟਰ ਜੀ ਨੂੰ ਰੂਸ ਦੇ ਬਾਲਸ਼ੇਵਿਕ ਨੇਤਾਵਾਂ ਨਾਲ ਆਪਸੀ ਗੱਲਬਾਤ ਕਰਨ ਦਾ ਮੌਕਾ ਮਿਲਿਆ। ਪੰਜਾਬ ਵਿਚ ਰਾਜਸੀ ਸਰਗਰਮੀਆਂ ਨੂੰ ਚਲਾਉਣ ਲਈ ਮੋਤਾ ਸਿੰਘ ਨੂੰ ਕਾਬੁਲ ਤੋਂ 10,000 ਰੁਪਏ ਧੰਨ-ਰਾਸ਼ੀ ਪ੍ਰਾਪਤ ਹੋਈ। ਮਗਰੋਂ ਉਨ੍ਹਾਂ ਪੰਜਾਬ ਵਿਚ ਆ ਕੇ ਆਜ਼ਾਦੀ ਦੀ ਜੰਗ ਲੜਨੀ ਸ਼ੁਰੂ ਕਰ ਦਿੱਤੀ।

21 ਫਰਵਰੀ, 1922 ਨੂੰ ਜਦੋਂ ਸ੍ਰੀ ਨਨਕਾਣਾ ਸਾਹਿਬ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪਹਿਲੀ ਸਭਾ ਦਾ ਇਕੱਠ ਹੋਇਆ, ਤਾਂ ਮੋਤਾ ਸਿੰਘ ਵੀ ਉੱਥੇ ਪਹੁੰਚੇ। ਉਨ੍ਹਾਂ ਨੇ ਲੱਖਾਂ ਦੀ ਗਿਣਤੀ ਵਿਚ ਆਈ ਸੰਗਤ ਵਿਚ ਜਾ ਕੇ ਜ਼ੋਰਦਾਰ ਤਕਰੀਰ ਕਰਕੇ ਲੋਕਾਂ ਨੂੰ ਅੰਗਰੇਜ਼ੀ ਸਾਮਰਾਜ ਵਿਰੁੱਧ ਹਥਿਆਰਬੰਦ ਲੜਾਈ ਕਰਨ ਲਈ ਉਕਸਾਇਆ। ਮੋਤਾ ਸਿੰਘ ਬਾਰੇ ਆਮ ਪ੍ਰਚੱਲਿਤ ਵਿਚਾਰ ਹੈ, ਕਿ ਉਹ ਭੜਕਾਊ ਤਰਰੀਰ ਕਰਨ ਪਿੱਛੋਂ ਪੁਲੀਸ ਦੇ ਹੱਥ ਨਾ ਆਉਂਦੇ ਹੋਏ ਮੌਕਾ ਬਚਾ ਕੇ ਕਿਸੇ ਸੁਰੱਖਿਅਤ ਥਾਂ 'ਤੇ ਚਲੇ ਜਾਂਦੇ ਸਨ। ਮਾਰਚ 1921 ਨੂੰ ਖ਼ੁਫ਼ੀਆ ਰਿਪੋਰਟ 'ਤੇ ਪੁਲੀਸ ਨੇ ਪਿੰਡ ਪਤਾਰੇ ਨੂੰ ਤਿੰਨ ਦਿਨ ਘੇਰਾ ਪਾਈ ਰੱਖਿਆ ਤੇ ਮੋਤਾ ਸਿੰਘ ਦੇ ਨਾ ਮਿਲਣ 'ਤੇ ਸਰਕਾਰ ਨੇ ਪਿੰਡ ਦੇ ਹਰ ਘਰ ਨੂੰ 27 ਰੁਪਏ ਜ਼ੁਰਮਾਨਾ ਲਾਇਆ ਅਤੇ ਵਸੂਲ ਕੀਤਾ।

ਮਾਸਟਰ ਮੋਤਾ ਸਿੰਘ ਦੀ ਜਥੇਦਾਰ ਕਿਸ਼ਨ ਸਿੰਘ ਗੜਗੱਜ ਨਾਲ ਪਹਿਲੀ ਮੁਲਾਕਾਤ ਊਧਮ ਸਿੰਘ ਰਾਹੀਂ ਭੋਰੇ ਲਾਗੇ ਹੋਈ। 4 ਦਸੰਬਰ, 1921 ਨੂੰ ਰੁੜਕਾਕਲ੍ਹਾਂ (ਜ਼ਿਲ੍ਹਾ ਜਲੰਧਰ) ਵਿਚ ਅਕਾਲੀ ਕਾਨਫਰੰਸ ਹੋਈ, ਜਿਸ ਵਿੱਚ ਬੱਬਰਾਂ ਨੇ 'ਚੱਕਰ-ਵਰਤੀ' ਜਥੇ ਬਣਾ ਕੇ ਦੁਆਬੇ ਦੇ ਇਲਾਕੇ ਵਿਚ ਪ੍ਰਚਾਰ ਕਰਨ ਲਈ ਬੱਬਰਾਂ ਦੀਆਂ ਡਿਊਟੀਆਂ ਲਾਈਆਂ। ਬੱਬਰ ਲਹਿਰ ਦਾ ਉਦੇਸ਼ 'ਜੇ ਕਰ ਹੋਏ ਹਿੰਮਤ, ਮੌਕਾ ਟਾਲੀਏ ਨਾ' ਭਾਵ ਭਾਰਤ 'ਚੋਂ ਅੰਗਰੇਜ਼ ਰਾਜ ਦਾ ਅੰਤ ਕਰਕੇ ਅਤੇ ਅੰਗਰੇਜ਼ਾਂ ਦੇ ਪਿੱਠੂਆਂ, ਸਫੈਦਪੋਸ਼ਾਂ ਅਤੇ ਨੰਬਰਦਾਰਾਂ ਨੂੰ ਸੋਧਣਾ ਸੀ।

ਮਾਸਟਰ ਜੀ ਦੇ ਯਤਨਾਂ ਨਾਲ 'ਬੱਬਰ ਅਕਾਲੀ ਦਲ' ਕਾਇਮ ਹੋਇਆ ਤੇ ਅਗਸਤ 1922 ਵਿਚ 'ਬੱਬਰ ਅਕਾਲੀ' ਅਖ਼ਬਾਰ ਪ੍ਰਕਾਸ਼ਿਤ ਕੀਤਾ ਕੀਤਾ। ਇਸ ਦੇ ਸੰਪਾਦਕ ਕਰਮ ਸਿੰਘ ਦੌਲਤਪੁਰ ਸਨ। ਪੁਲੀਸ ਨੂੰ ਖ਼ਬਰ ਮਿਲਣ ਦੇ ਬਾਵਜੂਦ ਜੂਨ 1922 ਨੂੰ ਮੋਤਾ ਸਿੰਘ ਬਿਲਗੇ ਨੇੜੇ ਦੀਵਾਨ ਵਿਚ ਤਕਰੀਰ ਕਰਕੇ ਗਾਇਬ ਹੋ ਗਏ। ਬੱਬਰ ਅਕਾਲੀਆਂ ਕਿਸ਼ਨ ਸਿੰਘ ਗੜਗੱਜ, ਅਰਜਨ ਸਿੰਘ ਗੜਗੱਜ, ਸੁੰਦਰ ਸਿੰਘ ਮਖਸੂਸਪੁਰੀ (ਹੁਸ਼ਿਆਰਪਰ) ਅਤੇ ਹੋਰ ਬੱਬਰ ਨੇਤਾਵਾਂ ਨੇ ਆਪਣੀਆਂ ਕਵਿਤਾਵਾਂ ਵਿਚ ਮਾਸਟਰ ਜੀ ਦੇ ਜੋਸ਼ੀਲੇ ਭਾਸ਼ਣ ਕਰਨ ਪਿੱਛੋਂ ਆਲੋਪ ਹੋ ਜਾਣ ਦਾ ਬਾਖ਼ੂਬੀ ਵਰਨਣ ਕੀਤਾ ਹੈ।

ਮਾਸਟਰ ਮੋਤਾ ਸਿੰਘ ਨੇ ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਕਿਰਤੀ-ਕਿਸਾਨਾਂ ਨੂੰ ਜਾਗਰੂਕ ਕੀਤਾ। ਇਸ ਨਾਲ ਬੱਬਰ ਅਕਾਲੀ ਲਹਿਰ ਦੀ ਪ੍ਰਸਿੱਧੀ ਦੇਸ਼-ਵਿਦੇਸ਼ ਵਿਚ ਹੋਣ ਲੱਗੀ। ਨਤੀਜੇ ਵਜੋਂ ਅੰਗਰੇਜ਼ ਸਰਕਾਰ ਘਬਰਾ ਗਈ। ਬ੍ਰਿਟਿਸ਼ ਸਰਕਾਰ ਵੱਲੋਂ ਜਲੰਧਰ ਦੇ ਡੀਸੀ ਮਿਸਟਰ ਸੀ. ਡਬਲਯੂ ਜੈਕਬ ਨੇ ਮਾਸਟਰ ਜੀ ਨੂੰ ਇਸ਼ਤਿਹਾਰੀ ਮੁਜ਼ਰਮ ਐਲਾਨ ਦਿੱਤਾ ਤੇ ਗ੍ਰਿਫ਼ਤਾਰੀ ਲਈ ਦੋ ਮੁਰੱਬੇ ਦਾ ਇਨਾਮ ਰੱਖਿਆ। ਬਾਅਦ ਵਿਚ ਮਿਸਟਰ ਜੈਕਬ ਨੇ ਅਰਜਨ ਸਿੰਘ ਹਰੀਪੁਰ ਦੀ ਮਦਦ ਨਾਲ 15 ਜੂਨ, 1922 ਨੂੰ ਮਾਸਟਰ ਜੀ ਨੂੰ ਬੜੇ ਨਾਟਕੀ ਢੰਗ ਨਾਲ ਉਨ੍ਹਾਂ ਦੇ ਪਿੰਡ ਤੋਂ ਹੀ ਗ੍ਰਿਫ਼ਤਾਰ ਕੀਤਾ। 20 ਜੁਲਾਈ, 1922 ਨੂੰ ਤਾਜ਼ੀਰਾਤ-ਏ-ਹਿੰਦ ਦੀ ਦਫ਼ਾ 124 ਅਤੇ 153 ਅਧੀਨ ਪੰਜ ਅਤੇ ਇਕ ਵਰ੍ਹੇ ਦੀ ਕੈਦ ਦੀ ਸਜ਼ਾ ਸੁਣਾ ਕੇ ਉਨ੍ਹਾਂ ਨੂੰ ਰਾਵਲਪਿੰਡੀ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਇੱਥੇ ਜੇਲ੍ਹ ਵਿਚ ਸਿੱਖਾਂ ਦੇ ਦਸਤਾਰ ਬੰਨ੍ਹਣ 'ਤੇ ਪਾਬੰਦੀ ਲਗਾਈ ਗਈ ਤਾਂ ਮੋਤਾ ਸਿੰਘ ਨੇ ਇਸ ਵਿਰੁੱਧ ਭੁੱਖ-ਹੜਤਾਲ ਸ਼ੁਰੂ ਕੀਤੀ ਤੇ ਸਰਕਾਰ ਨੂੰ ਝੁਕਣਾ ਪਿਆ। ਬਾਅਦ ਵਿੱਚ ਮਾਸਟਰ ਜੀ ਨੂੰ ਪੂਨਾ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇੱਥੇ ਉਨ੍ਹਾਂ ਵਿਰੁੱਧ ਤਿੰਨ ਹੋਰ ਮੁਕੱਦਮੇ ਚੱਲੇ ਅਤੇ ਹਰੇਕ ਮੁਕੱਦਮੇ ਵਿਚ 6-6 ਮਹੀਨੇ ਦੀ ਸਜ਼ਾ ਸੁਣਾਈ ਗਈ। 1927 ਵਿਚ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ, ਪਰ ਇਸੇ ਵਰ੍ਹੇ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 5 ਸਾਲ ਦੀ ਸਜ਼ਾ ਸੁਣਾ ਕੇ ਬਰਮਾ ਦੀ ਮਾਂਡਲੇ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ। ਜੇਲ੍ਹ ਵਿੱਚ ਉਨ੍ਹਾਂ ਵੱਲੋਂ ਆਪਣੇ ਕੋਲ ਕਿਰਪਾਨ ਰੱਖਣ ਲਈ 105 ਦਿਨ ਦੀ ਭੁੱਖ-ਹੜਤਾਲ ਕਰਨ 'ਤੇ ਸਰਕਾਰ ਨੂੰ ਇੱਕ ਵਾਰ ਫਿਰ ਝੁਕਣਾ ਪਿਆ। 1931 ਵਿਚ ਉਨ੍ਹਾਂ ਨੂੰ ਸਜ਼ਾ ਦੀ ਮਿਆਦ ਖ਼ਤਮ ਹੋਣ 'ਤੇ ਰਿਹਾਅ ਕਰ ਦਿੱਤਾ ਗਿਆ।

ਨਵੰਬਰ 1931 ਵਿੱਚ ਝੰਗ ਦੀ ਰਾਜਸੀ ਕਾਨਫਰੰਸ ਵਿਚ ਤਕਰੀਰ ਕਰਨ ਦੇ ਦੋਸ਼ ਵਿਚ ਜਲੰਧਰ ਤੋਂ ਕੈਦ ਕਰਕੇ ਢਾਈ ਸਾਲ ਦੀ ਸਜ਼ਾ ਸੁਣਾਉਣ ਮਗਰੋਂ 1942 ਵਿਚ ਮਾਸਟਰ ਜੀ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ ਤੇ 1945 ਤੱਕ ਗੁਜਰਾਤ ਜੇਲ੍ਹ ਵਿਚ ਰੱਖਿਆ ਗਿਆ। ਉਹ 1947 ਤੱਕ ਨਿਰੰਤਰ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਦੇ ਰਹੇ। 1952 ਵਿੱਚ ਅਸੈਂਬਲੀ ਚੋਣਾਂ ਦੌਰਾਨ ਮਾਸਟਰ ਮੋਤਾ ਸਿੰਘ ਕਾਂਗਰਸੀ ਟਿਕਟ 'ਤੇ ਚੋਣ ਜਿੱਤ ਗਏ। 1959 ਵਿਚ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸਮੇਂ ਕਿਸਾਨ ਸਭਾ ਨੇ ਕਿਸਾਨਾਂ 'ਤੇ ਲੱਗੇ ਟੈਕਸ ਵਿਰੁੱਧ ਮੋਰਚਾ ਲਗਾਇਆ ਤਾਂ ਮਾਸਟਰ ਜੀ ਨੇ ਜਲੰਧਰ ਜ਼ਿਲ੍ਹੇ ਦੀ ਕਿਸਾਨ ਸਭਾ ਦੇ ਪ੍ਰਧਾਨ ਵਜੋਂ ਸਰਗਰਮੀ ਨਾਲ ਮੋਰਚੇ ਵਿੱਚ ਹਿੱਸਾ ਲਿਆ। ਅਖੀਰਲੇ ਸਮੇਂ ਮੋਤਾ ਸਿੰਘ ਨੂੰ ਅਧਰੰਗ ਹੋ ਗਿਆ। ਉਨ੍ਹਾਂ ਨੂੰ ਜਲੰਧਰ ਦੇ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿੱਥੇ ਉਹ 9 ਜਨਵਰੀ, 1960 ਵਿਚ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਮਾਸਟਰ ਜੀ ਨੇ ਸਮੁੱਚਾ ਜੀਵਨ ਦੇਸ਼ ਦੀ ਆਜ਼ਾਦੀ ਤੇ ਮਨੁੱਖਤਾ ਦੇ ਲੇਖੇ ਲਾ ਦਿੱਤਾ।

ਮਾਸਟਰ ਮੋਤਾ ਸਿੰਘ ਬੱਬਰ ਅਕਾਲੀ ਲਹਿਰ ਦੇ ਕ੍ਰਾਂਤਕਾਰੀ ਨੇਤਾ, ਪ੍ਰਭਾਵਸ਼ਾਲੀ ਬੁਲਾਰੇ, ਉੱਚ ਕੋਟੀ ਦੇ ਵਿਦਵਾਨ, ਸਿਆਸਤਦਾਨ, ਸਮਾਜ-ਸੁਧਾਰਕ ਤੇ ਸਫ਼ਲ ਸਿੱਖਿਆ ਸ਼ਾਸਤਰੀ ਸਨ। ਮਾਸਟਰ ਜੀ 1920 ਦੇ ਅੰਤ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਮੁੱਢਲੇ ਮੈਂਬਰਾਂ 'ਚੋਂ ਇਕ ਪ੍ਰਮੁੱਖ ਨੇਤਾ ਰਹੇ। 1919 ਈ. ਦੇ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਅਤੇ 21 ਫ਼ਰਵਰੀ, 1921 ਈ. ਦੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੇ ਉਨ੍ਹਾਂ ਦੇ ਜੀਵਨ ਵਿੱਚ ਨਵਾਂ ਮੋੜ ਲਿਆਂਦਾ। ਜੇਲ੍ਹਾਂ ਵਿਚ ਦਸਤਾਰ ਬੰਨ੍ਹਣ ਅਤੇ ਪੰਜ ਕਕਾਰਾਂ ਵਿਚੋਂ ਇਕ ਕਕਾਰ 'ਤਲਵਾਰ' ਰੱਖਣ 'ਤੇ ਪਾਬੰਦੀ ਖ਼ਿਲਾਫ਼ ਉਨ੍ਹਾਂ ਵੱਲੋਂ ਭੁੱਖ ਹੜਤਾਲ ਕਰਨ 'ਤੇ ਸਰਕਾਰ ਨੂੰ ਝੁਕਣਾ ਪਿਆ। ਆਜ਼ਾਦੀ ਮਗਰੋਂ 1952 ਵਿੱਚ ਉਹ ਕਾਂਗਰਸ ਦੀ ਟਿਕਟ ਤੋਂ ਅਸੈਂਬਲੀ ਚੋਣਾਂ ਜਿੱਤੇ। 1959 ਵਿਚ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸਮੇਂ ਕਿਸਾਨ ਸਭਾ ਨੇ ਕਿਸਾਨਾਂ 'ਤੇ ਲੱਗੇ ਟੈਕਸ ਵਿਰੁੱਧ ਮੋਰਚਾ ਲਗਾਇਆ ਤਾਂ ਮਾਸਟਰ ਜੀ ਨੇ ਜਲੰਧਰ ਜ਼ਿਲ੍ਹੇ ਦੀ ਕਿਸਾਨ ਸਭਾ ਦੇ ਪ੍ਰਧਾਨ ਵਜੋਂ ਮੋਰਚੇ 'ਚ ਹਿੱਸਾ ਲਿਆ।

# ਅੰਡੇਮਾਨ ਪ੍ਰਸ਼ਾਸਨ ਲਈ ਮੁਸੀਬਤ ਸੀ ਬੱਬਰ ਅਕਾਲੀ ਸੁੰਦਰ ਸਿੰਘ

**ਗੁਰਦੇਵ ਸਿੰਘ ਸਿੱਧੂ (ਡਾ.)**

ਸਾਲ 1919 ਤੱਕ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿੱਚ ਭੇਜੇ ਬੰਦੀਆਂ ਦੀ ਗਿਣਤੀ ਨੂੰ ਵੇਖਦਿਆਂ ਅੰਡੇਮਾਨ ਸਰਕਾਰ ਨੇ ਮਹਿਸੂਸ ਕੀਤਾ ਕਿ ਇਸ ਜੇਲ੍ਹ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਕੈਦੀਆਂ ਨੂੰ ਰੱਖਣ ਨਾਲ ਅੰਡੇਮਾਨ ਪ੍ਰਸ਼ਾਸਨ ਨੂੰ ਕਈ ਦਿੱਕਤਾਂ ਦਾ ਸਾਹਮਣਾ ਕਰਨ ਪੈ ਰਿਹਾ ਹੈ। ਫਲਸਰੂਪ ਅੰਡੇਮਾਨ ਪ੍ਰਸ਼ਾਸਨ ਨੇ ਆਪਣੀ ਮੁਸ਼ਕਲ ਹਿੰਦੁਸਤਾਨ ਸਰਕਾਰ ਨਾਲ ਸਾਂਝੀ ਕੀਤੀ ਤਾਂ ਹਿੰਦੁਸਤਾਨ ਸਰਕਾਰ ਨੇ ਇਸ ਨਾਲ ਸਹਿਮਤ ਹੁੰਦਿਆਂ ਵੱਖ-ਵੱਖ ਸੂਬਿਆਂ ਵਿੱਚੋਂ ਉਮਰ ਕੈਦੀਆਂ ਨੂੰ ਅੰਡੇਮਾਨ ਭੇਜਣ ਉੱਤੇ ਰੋਕ ਲਾ ਦਿੱਤੀ। ਪਰ ਪੰਜਾਬ ਸਰਕਾਰ ਨੇ ਸੂਬੇ ਦੀ ਵਿਸ਼ੇਸ਼ ਰਾਜਨੀਤਿਕ ਹਾਲਤ ਦੇ ਮੱਦੇਨਜ਼ਰ ਦਸੰਬਰ 1921 ਵਿੱਚ ਹਿੰਦੁਸਤਾਨ ਸਰਕਾਰ ਕੋਲੋਂ ਪੰਜਾਬੀ ਕੈਦੀਆਂ ਨੂੰ ਅੰਡੇਮਾਨ ਜੇਲ੍ਹ ਵਿੱਚ ਭੇਜਣ ਦੀ ਆਗਿਆ ਲੈ ਲਈ। ਹਿੰਦੁਸਤਾਨ ਸਰਕਾਰ ਨੇ ਅੰਡੇਮਾਨ ਪ੍ਰਸ਼ਾਸਨ ਦੀ ਸਲਾਹ ਅਨੁਸਾਰ ਇਸ ਹੁਕਮ ਵਿੱਚ ਇਹ ਸ਼ਰਤ ਲਾਈ ਕਿ ਪੰਜਾਬ ਰਾਜਸੀ ਕੈਦੀਆਂ ਨੂੰ ਅੰਡੇਮਾਨ ਨਹੀਂ ਭੇਜੇਗਾ ਪਰ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਇਸ ਸ਼ਰਤ ਦੀ ਪਾਲਣਾ ਕਰਨ ਵੱਲ ਲਾਪ੍ਰਵਾਹੀ ਦਿਖਾਈ। ਬੱਬਰ ਅਕਾਲੀਆਂ ਦੇ ਮੁੱਖ ਮੁਕੱਦਮੇ ਵਿੱਚ ਐਡੀਸ਼ਨਲ ਸੈਸ਼ਨ ਜੱਜ ਲਾਹੌਰ ਨੇ 28 ਫਰਵਰੀ 1925 ਵਿੱਚ 5 ਵਿਅਕਤੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਅਤੇ 11 ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ। ਕੁੱਝ ਹੋਰਨਾਂ ਨੂੰ ਸੱਤ ਤੋਂ ਚਾਰ ਸਾਲ ਤੱਕ ਦੀ ਕੈਦ ਦੀ ਸਜ਼ਾ ਦਿੱਤੀ ਗਈ। ਪੁਲੀਸ ਨੇ ਇਨ੍ਹਾਂ ਸਜ਼ਾਵਾਂ ਨੂੰ ਨਰਮ ਮੰਨਦਿਆਂ ਹਾਈ ਕੋਰਟ ਵਿੱਚ ਅਪੀਲ ਕੀਤੀ ਤਾਂ ਹਾਈ ਕੋਰਟ ਨੇ 6 ਨੂੰ ਫਾਂਸੀ ਦੀ ਸਜ਼ਾ ਅਤੇ 13 ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ। ਉਮਰ ਕੈਦ ਕੱਟਣ ਵਾਸਤੇ ਕਾਲੇਪਾਣੀ ਭੇਜੇ ਜਾਣ ਵਾਲੇ ਬੱਬਰਾਂ ਵਿੱਚ ਸੁੰਦਰ ਸਿੰਘ ਪੁੱਤਰ ਨੱਥਾ ਸਿੰਘ, ਪਿੰਡ ਮਖਸੂਸਪੁਰ ਜ਼ਿਲ੍ਹਾ ਹੁਸ਼ਿਆਰਪੁਰ, ਵੀ ਸ਼ਾਮਲ ਸੀ। ਜੱਜ ਨੇ ਸੁੰਦਰ ਸਿੰਘ ਨੂੰ ਹਿੰਦ ਡੰਡਾਵਲੀ ਦੇ ਦਫ਼ਾ 120ਬੀ/109 ਅਧੀਨ ਦੋਸ਼ੀ ਠਹਿਰਾਉਂਦਿਆਂ ਆਪਣੇ ਫ਼ੈਸਲੇ ਵਿੱਚ ਉਸ ਬਾਰੇ ਲਿਖਿਆ ਸੀ ਕਿ 'ਮੁਜਰਮ ਨੰਬਰ- 30, ਸੁੰਦਰ ਸਿੰਘ, ਕਿਸ਼ਨ ਸਿੰਘ ਦਾ ਖੱਬਾ ਹੱਥ ਰਿਹਾ ਹੈ ਅਤੇ ਮੁਜਰਮ ਨੰਬਰ-8 ਕਰਮ ਸਿੰਘ ਉਸ ਦਾ ਸੱਜਾ ਹੱਥ। ਜਿਹੜੀਆਂ ਗਵਾਹੀਆਂ ਸੁੰਦਰ ਸਿੰਘ ਖ਼ਿਲਾਫ਼ ਹੋਈਆਂ ਉਨ੍ਹਾਂ ਤੋਂ ਬਿਨਾਂ-ਸ਼ੱਕ ਇਹ ਸਾਬਤ ਹੋ ਗਿਆ ਹੈ ਕਿ ਕਿਸ਼ਨ ਸਿੰਘ ਨਾਲ ਮੁਜਰਮ ਦਾ ਪੱਕਾ ਸਬੰਧ ਸੀ ਅਤੇ ਉਹ ਕਿਸ਼ਨ ਸਿੰਘ ਦੇ ਭਾਸ਼ਣਾਂ ਦੇ ਬਾਅਦ ਹਿੰਸਾਤਮਕ ਕਵਿਤਾਵਾਂ ਸੁਣਾਇਆ ਕਰਦਾ ਸੀ। ਇਹ ਮੁਜਰਮ ਕੋਈ ਮਾਮੂਲੀ ਆਦਮੀ ਨਹੀਂ ਸਗੋਂ ਬੱਬਰ ਲਹਿਰ ਦਾ ਨੇਤਾ ਤੇ ਸੰਚਾਲਕ ਹੈ। ਜਿੰਨੇ ਵੀ ਕਤਲ ਤੇ ਜਿੰਨੇ ਵੀ ਜੁਰਮ ਇਸ ਸਾਜ਼ਿਸ਼ ਦੇ ਸਿਲਸਿਲੇ ਵਿੱਚ ਕੀਤੇ ਗਏ ਹਨ, ਉਨ੍ਹਾਂ ਸਾਰਿਆਂ ਦੀ ਜ਼ਿੰਮੇਵਾਰੀ ਇਸ ਮੁਜਰਮ ਉੱਤੇ ਪੈਂਦੀ ਹੈ ਅਤੇ ਮੈਂ ਇਸ ਨੂੰ ਕਾਲੇ ਪਾਣੀ ਉਮਰ ਕੈਦ ਦੀ ਸਜ਼ਾ ਦਿੰਦਾ ਹਾਂ।' ਪੁਲੀਸ ਦੀ ਨਜ਼ਰ ਵਿੱਚ ਦੋਸ਼ੀਆਂ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਉਨ੍ਹਾਂ ਦੇ ਕਸੂਰ ਦੇ ਮੁਕਾਬਲੇ ਘੱਟ ਸਨ, ਇਸ ਲਈ ਸਰਕਾਰ ਵੱਲੋਂ ਹਾਈ ਕੋਰਟ ਵਿੱਚ ਅਪੀਲ ਪਾਈ ਗਈ। ਹਾਈ ਕੋਰਟ ਵੱਲੋਂ ਫ਼ੈਸਲਾ ਸੁਣਾਏ ਜਾਣ ਤੱਕ ਦੋਸ਼ੀਆਂ ਨੂੰ ਲਾਹੌਰ ਦੀ ਕੇਂਦਰੀ ਜੇਲ੍ਹ ਵਿੱਚ ਰੱਖਿਆ ਗਿਆ। ਇਸ ਜੇਲ੍ਹ ਦੀ ਬਦਇੰਤਜ਼ਾਮੀ ਖ਼ਿਲਾਫ਼ ਬੱਬਰਾਂ ਨੇ ਭੁੱਖ ਹੜਤਾਲ ਕੀਤੀ, ਸੁੰਦਰ ਸਿੰਘ ਹੜਤਾਲੀ ਬੱਬਰਾਂ ਦੀ ਅਗਵਾਈ ਕਰਨ ਵਾਲੇ ਆਗੂਆਂ ਵਿੱਚ ਸੀ। 26 ਅਪਰੈਲ 1925 ਨੂੰ ਸ਼ੁਰੂ ਕੀਤੀ ਭੁੱਖ ਹੜਤਾਲ ਡੇਢ ਮਹੀਨੇ ਪਿੱਛੋਂ ਪੰਜਾਬ ਕੌਂਸਲ ਦੇ ਮੈਂਬਰ ਬੂਟਾ ਸਿੰਘ ਸ਼ੇਖ਼ੂਪੁਰੀਏ ਦੀ ਵਿਚੋਲਗਿਰੀ ਨਾਲ ਖ਼ਤਮ ਹੋਈ। ਹਾਈ ਕੋਰਟ ਵੱਲੋਂ ਫ਼ੈਸਲਾ ਸੁਣਾਏ ਜਾਣ ਨਾਲ ਉਮਰ ਕੈਦੀ ਬੱਬਰਾਂ ਨੂੰ ਕਾਲੇ ਪਾਣੀ ਭੇਜਣ ਦਾ ਰਾਹ ਪੱਧਰਾ ਹੋ ਗਿਆ, ਫਲਸਰੂਪ ਸੁੰਦਰ ਸਿੰਘ 25 ਦਸੰਬਰ 1926 ਨੂੰ ਪੋਰਟ ਬਲੇਅਰ ਪੁੱਜਾ, ਜਿੱਥੇ ਜੇਲ੍ਹ ਵਿੱਚ ਉਸ ਨੂੰ ਨੰਬਰ-47615 ਦਿੱਤਾ ਗਿਆ। ਇਸ ਸਮੇਂ ਉਸ ਦੀ ਉਮਰ ਲਗਪਗ 35 ਸਾਲ ਸੀ। ਸੈਲੂਲਰ ਜੇਲ੍ਹ ਵਿੱਚ ਵੀ ਸੁੰਦਰ ਸਿੰਘ ਦੀ ਜੇਲ੍ਹ ਪ੍ਰਸ਼ਾਸਨ ਦੇ ਕੁਰੱਖਤ ਰਵੱਈਏ ਖ਼ਿਲਾਫ਼ ਜਦੋ-ਜਹਿਦ ਜਾਰੀ ਰਹੀ। ਇਸ ਜੇਲ੍ਹ ਵਿੱਚ ਸਿੱਖ ਕੈਦੀ ਦਹਾਕਾ ਪਹਿਲਾਂ ਆਉਣੇ ਸ਼ੁਰੂ ਹੋਏ ਸਨ ਇਸ ਕਰਕੇ ਜੇਲ੍ਹ ਦੀ ਧਰਤ ਮੰਜ਼ਿਲ ਉੱਤੇ ਇੱਕ ਕੋਠੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਰੱਖੀ ਹੋਈ ਸੀ ਅਤੇ ਉੱਪਰਲੀ ਮੰਜ਼ਿਲ ਦੀ ਕੋਠੜੀ ਵਿੱਚ ਕੋਈ ਕੈਦੀ ਰਹਿੰਦਾ ਸੀ। ਬੱਬਰਾਂ ਨੇ ਇਸ ਗੱਲ ਦਾ ਬੁਰਾ ਮਨਾਇਆ ਅਤੇ ਪ੍ਰਸ਼ਾਸਨ ਨੂੰ ਉਸ ਦੀ ਅਣਗਹਿਲੀ ਚਿਤਾਰੀ। ਧਾਰਮਿਕ ਮਸਲਾ ਹੋਣ ਕਾਰਨ ਪ੍ਰਸ਼ਾਸਨ ਨੇ ਇਸ ਮੁੱਦੇ ਬਾਰੇ ਝਗੜਾ ਕਰਨਾ ਠੀਕ ਨਾ ਸਮਝਿਆ ਅਤੇ ਬੱਬਰਾਂ ਦੇ ਸੁਝਾਅ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਉਪਰਲੀ ਮੰਜ਼ਲ ਦੀ ਕੋਠੜੀ ਵਿੱਚ ਸਥਾਪਤ ਕਰ ਦਿੱਤੀ। ਸੈਲੂਲਰ ਜੇਲ੍ਹ ਵਿਚਲੇ ਕੈਦੀਆਂ ਨੂੰ ਦਿਨ ਸਮੇਂ ਜੇਲ੍ਹ ਤੋਂ ਬਾਹਰ ਖੇਤਾਂ ਤੇ ਜੰਗਲਾਂ ਆਦਿ ਵਿੱਚ ਕੰਮ ਕਰਨ ਲਈ ਭੇਜਿਆ ਜਾਂਦਾ ਸੀ। ਇਸ ਲਈ ਬੱਬਰ ਅਕਾਲੀ ਕੈਦੀਆਂ ਨੂੰ ਦੂਜੇ ਕੈਦੀਆਂ ਨਾਲ ਬਾਹਰ ਭੇਜਿਆ ਜਾਣ ਲੱਗਾ। ਘਰ ਪਰਿਵਾਰ ਤੋਂ ਦੂਰੀ, ਜੇਲ੍ਹ ਦੀਆਂ ਬੰਦਿਸ਼ਾਂ, ਭੈੜੇ ਰਹਿਣ-ਸਹਿਣ ਪ੍ਰਬੰਧ ਤੋਂ ਦੁਖੀ ਕੈਦੀ ਇਸ ਨੂੰ ਹੀ ਵੱਡੀ ਸਹੂਲਤ ਮੰਨਦੇ ਸਨ। ਪਰ ਤਿੰਨ ਮਹੀਨੇ ਪਿੱਛੋਂ ਬੱਬਰਾਂ ਨੂੰ ਬਾਹਰ ਭੇਜਣਾ ਬੰਦ ਕਰ ਦਿੱਤਾ ਗਿਆ। ਬੱਬਰਾਂ ਨੇ ਇਸ ਬਦਲਾਅ ਦਾ ਕਾਰਨ ਪੁੱਛਿਆ ਤਾਂ ਦਰੋਗੇ ਨੇ ਸਪਸ਼ਟ ਕੀਤਾ ਕਿ ਇਹ ਸਹੂਲਤ ਕੇਵਲ ਇਖ਼ਲਾਕੀ ਕੈਦੀਆਂ ਲਈ ਹੈ, ਸਿਆਸੀ ਕੈਦੀ ਇਸ ਦੇ ਹੱਕਦਾਰ ਨਹੀਂ। ਇਸ ਉੱਤੇ ਬੱਬਰ ਸੁੰਦਰ ਸਿੰਘ ਨੇ ਮੰਗ ਕੀਤੀ ਕਿ ਉਨ੍ਹਾਂ ਨੂੰ ਸਿਆਸੀ ਕੈਦੀਆਂ ਵਾਲੀਆਂ ਸਹੂਲਤਾਂ ਦਿੱਤੀਆਂ ਜਾਣ ਪਰ ਪ੍ਰਸ਼ਾਸਨ ਇਹ ਮੰਗ ਮੰਨਣ ਲਈ ਤਿਆਰ ਨਹੀਂ ਸੀ। ਫਲਸਰੂਪ ਭਾਈ ਸੁੰਦਰ ਸਿੰਘ ਨੇ ਜੇਲ੍ਹ ਸੁਪਰਡੈਂਟ ਵੱਲੋਂ ਦਿੱਤਾ ਗਿਆ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ। ਜੇਲ੍ਹ ਪ੍ਰਸ਼ਾਸਨ ਨੇ ਹੁਕਮ ਅਦੂਲੀ ਦੇ ਮਾਮਲੇ ਵਿੱਚ ਉਸ ਨੂੰ ਤਿੰਨ ਮਹੀਨੇ ਕੋਠੀ ਬੰਦ ਰੱਖਣ ਦੀ ਸਜ਼ਾ ਦਿੱਤੀ।



ਭਾਈ ਸੁੰਦਰ ਸਿੰਘ ਵਧੀਆ ਬੁਲਾਰਾ ਹੋਣ ਦੇ ਨਾਲ ਕਵੀ ਵੀ ਸੀ। ਉਸ ਦੇ ਇਨ੍ਹਾਂ ਗੁਣਾਂ ਕਾਰਨ ਜੇਲ੍ਹ ਵਿਚਲੇ ਕੈਦੀ ਉਸ ਦੇ ਮੁਦੱਈ ਸਨ। ਫਲਸਰੂਪ ਉਨ੍ਹਾਂ ਨੇ ਵੀ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ। ਪ੍ਰਸ਼ਾਸਨ ਨੇ ਝਗੜਾ ਵਧਣ ਤੋਂ ਰੋਕਣ ਲਈ ਬੱਬਰਾਂ ਨੂੰ ਜੇਲ੍ਹ ਨਿਯਮਾਂ ਅਨੁਸਾਰ ਸਹੂਲਤਾਂ ਦੇਣ ਦੀ ਮੰਗ ਪ੍ਰਵਾਨ ਕਰ ਲਈ। ਇਸ ਨਾਲ ਆਮ ਕੈਦੀਆਂ ਦੇ ਮਨਾਂ ਵਿੱਚ ਵੀ ਜੇਲ੍ਹ ਪ੍ਰਸ਼ਾਸਨ ਦਾ ਡਰ ਘਟ ਗਿਆ। ਜੇਲ੍ਹ ਅਧਿਕਾਰੀ ਭਾਈ ਸੁੰਦਰ ਸਿੰਘ ਨੂੰ ਜੇਲ੍ਹ ਅੰਦਰ ਅਜਿਹੇ ਜ਼ਬਤਹੀਣ ਮਾਹੌਲ ਪੈਦਾ ਕਰਨ ਵਾਲਾ ਮੰਨ ਕੇ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ, ਇਸ ਮਨੋਰਥ ਲਈ ਅੰਡੇਮਾਨ ਟਾਪੂਆਂ ਦੇ ਚੀਫ ਕਮਿਸ਼ਨਰ ਲੈਫਟੀਨੈਂਟ ਕਰਨਲ ਐੱਮਐੱਲਫੈਰਰ, ਸੀਆਈਬੀ, ਓਬੀਈ ਨੇ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੁਆਰਾ ਲਾਈ ਸ਼ਰਤ ਦੀ ਉਲੰਘਣਾ ਕਰਕੇ ਸਿਆਸੀ ਕੈਦੀ ਅੰਡੇਮਾਨ ਨਿਕੋਬਾਰ ਜੇਲ੍ਹ ਵਿੱਚ ਭੇਜੇ ਜਾਣ ਦੀ ਦਲੀਲ ਨੂੰ ਆਧਾਰ ਬਣਾਇਆ। ਉਸ ਨੇ ਆਪਣੇ ਪੱਤਰ ਨੰਬਰ 4469 ਮਿਤੀ 23 ਮਾਰਚ 1927 ਦੁਆਰਾ ਹਿੰਦੁਸਤਾਨ ਸਰਕਾਰ ਨੂੰ ਲਿਖਿਆ ਕਿ ਉਹ ਬੱਬਰ ਅਕਾਲੀ ਕੈਦੀਆਂ ਨੂੰ ਪੰਜਾਬ ਵਾਪਸ ਬੁਲਾਉਣ ਲਈ ਅਤੇ ਸੁੰਦਰ ਸਿੰਘ ਨੂੰ ਤੁਰੰਤ ਵਾਪਸ ਬੁਲਾਉਣ ਲਈ ਪੰਜਾਬ ਸਰਕਾਰ ਨੂੰ ਲਿਖੇ। ਚੀਫ ਕਮਿਸ਼ਨਰ ਨੇ ਭਾਈ ਸੁੰਦਰ ਸਿੰਘ ਬਾਰੇ ਅਦਾਲਤੀ ਫ਼ੈਸਲੇ ਵਿੱਚ 'ਲਹਿਰ ਦੇ ਸੰਚਾਲਕਾਂ ਅਤੇ ਆਗੂਆਂ ਵਿੱਚੋਂ ਇੱਕ' ਲਿਖੇ ਹੋਣ ਦਾ ਹਵਾਲਾ ਦੇਣ ਦੇ ਨਾਲ ਨਾਲ ਉਸ ਨੂੰ 'ਵਧੀਆ ਬੁਲਾਰਾ ਹੋਣ ਦੇ ਗੁਣ ਨਾਲ ਵਰੋਸਾਇਆ ਮੋਹਰੈਲ ਸਾਜ਼ਿਸ਼ੀ' ਦੱਸਦਿਆਂ ਇਹ ਵੀ ਲਿਖਿਆ ਕਿ ਜੇਲ੍ਹ ਅੰਦਰ ਉਸ ਦੀ ਹਾਜ਼ਰੀ ਯਕੀਕਨ ਮੁਸੀਬਤ ਖੜ੍ਹੀ ਕਰੇਗੀ। ਹਿੰਦੁਸਤਾਨ ਸਰਕਾਰ ਨੇ ਚੀਫ ਕਮਿਸ਼ਨਰ ਦਾ ਪੱਤਰ ਆਪਣੇ ਪੱਤਰ ਨੰਬਰ ਐੱਫ.163/27 ਮਿਤੀ 16 ਮਈ 1927 ਦੁਆਰਾ ਪੰਜਾਬ ਸਰਕਾਰ ਨੂੰ ਭੇਜਦਿਆਂ ਲਿਖਿਆ ਕਿ ਹਿੰਦ ਸਰਕਾਰ ਪੰਜਾਬ ਦੀਆਂ ਜੇਲ੍ਹਾਂ ਵਿੱਚ ਕੈਦੀਆਂ ਨੂੰ ਰੱਖਣ ਲਈ ਥਾਂ ਦੀ ਘਾਟ ਪ੍ਰਤੀ ਸੁਚੇਤ ਹੈ ਪਰ ਸਮਝਦੀ ਹੈ ਕਿ ਸੁੰਦਰ ਸਿੰਘ, ਜੋ ਅੰਡੇਮਾਨ ਪ੍ਰਸ਼ਾਸਨ ਲਈ ਪ੍ਰਤੱਖ ਖ਼ਤਰਾ ਅਤੇ ਉਲਝਣ ਹੈ, ਨੂੰ ਬਿਨਾਂ ਦੇਰੀ ਕੀਤੇ ਪੰਜਾਬ ਵਾਪਸ ਲਿਆਉਣਾ ਚਾਹੀਦਾ ਹੈ। ਹਿੰਦੁਸਤਾਨ ਸਰਕਾਰ ਦਾ ਪੱਤਰ ਪੰਜਾਬ ਦੇ ਗਵਰਨਰ ਦੀ ਕੌਂਸਲ ਵਿੱਚ ਵਿਚਾਰ ਲਈ ਪੇਸ਼ ਹੋਇਆ ਤਾਂ ਕੌਂਸਲ ਨੇ ਚੀਫ ਕਮਿਸ਼ਨਰ ਦੇ ਇਸ ਵਿਚਾਰ ਕਿ ਸੁੰਦਰ ਸਿੰਘ ਅੰਡੇਮਾਨ ਵਿੱਚ ਅਧਿਕਾਰੀਆਂ ਦੇ ਵਿਰੋਧ ਅਤੇ ਜ਼ਬਤ ਲਈ ਜੇਲ੍ਹ ਵਿੱਚ ਆਪਣੇ ਪੈਰੋਕਾਰਾਂ ਨੂੰ ਜਥੇਬੰਦ ਕਰਨ ਦੇ ਸਮਰਥ ਹੈ, ਨੂੰ ਪ੍ਰਵਾਨ ਕਰਦਿਆਂ ਭਾਈ ਸੁੰਦਰ ਸਿੰਘ ਨੂੰ ਪੰਜਾਬ ਵਾਪਸ ਲਿਆਉਣ ਨਾਲ ਸਹਿਮਤੀ ਪ੍ਰਗਟਾਈ। ਪੰਜਾਬ ਸਰਕਾਰ ਨੇ ਆਪਣੇ ਫ਼ੈਸਲੇ ਦੀ ਸੂਚਨਾ ਪੱਤਰ ਨੰਬਰ 1922-ਐੱਸ.ਐੱਚ./ਜੇਲ੍ਹਾਂ ਮਿਤੀ 2 ਜੁਲਾਈ 1927 ਦੁਆਰਾ ਹਿੰਦੁਸਤਾਨ ਸਰਕਾਰ ਨੂੰ ਭੇਜੀ ਅਤੇ ਅਗਲੇ ਦਿਨੀਂ ਇਸ ਮਾਮਲੇ ਵਿੱਚ ਢੁੱਕਵੇਂ ਹੁਕਮ ਜਾਰੀ ਕਰ ਦਿੱਤੇ। ਫਲਸਰੂਪ ਜੁਲਾਈ 1927 ਵਿੱਚ ਹੀ ਬੱਬਰ ਸੁੰਦਰ ਸਿੰਘ ਨੂੰ ਪੰਜਾਬ ਦੀ ਮੁਲਤਾਨ ਜੇਲ੍ਹ ਵਿੱਚ ਬਦਲ ਦਿੱਤਾ ਅਤੇ ਇਉਂ ਸੈਲੂਲਰ ਜੇਲ੍ਹ ਪ੍ਰਸ਼ਾਸਨ ਨੇ ਭਾਈ ਸੁੰਦਰ ਸਿੰਘ ਕਾਰਨ ਹੋ ਰਹੀ ਸਿਰਦਰਦੀ ਤੋਂ ਮੁਕਤੀ ਪ੍ਰਾਪਤ ਕੀਤੀ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਪੰਜਾਬ ਦੇ ਇਤਿਹਾਸ ਦੇ ਸਰਬਕਾਲੀ ਮਹਾਨਾਇਕ ਗੁਰੂ ਨਾਨਕ ਸਾਹਿਬ

**-ਡਾ. ਧਰਮ ਸਿੰਘ**

ਗੁਰੂ ਨਾਨਕ ਦੇਵ ਜੀ ਪੰਜਾਬ ਦੇ ਇਤਿਹਾਸ ਦੇ ਉਹ ਸਰਬਕਾਲੀ ਮਹਾਨਾਇਕ ਹਨ ਜਿਨ੍ਹਾਂ ਦਾ ਪ੍ਰਭਾਵ ਪਿਛਲੀਆਂ ਪੰਜ ਸਦੀਆਂ ਤੋਂ ਕੇਵਲ ਸਿੱਖਾਂ ਦੇ ਮਨਾਂ ਅੰਦਰ ਹੀ ਨਹੀਂ ਸਗੋਂ ਗੈਰ ਸਿੱਖਾਂ ਦੇ ਮਨਾਂ ਵਿੱਚ ਵੀ ਗੂੜ੍ਹੀ ਤਰ੍ਹਾਂ ਵਿਆਪਤ ਹੈ। ਜਿਵੇਂ ਜਿਵੇਂ ਨਵੇਂ ਗਿਆਨ ਸ਼ਾਸਤਰ ਸਾਹਮਣੇ ਆ ਰਹੇ ਹਨ, ਤਿਵੇਂ ਤਿਵੇਂ ਗੁਰੂ ਨਾਨਕ ਦੇਵ ਜੀ ਦਾ ਪ੍ਰਭਾਵ ਹੋਰ ਵੀ ਦ੍ਰਿੜ੍ਹ ਹੋ ਰਿਹਾ ਹੈ। ਉਹ ਕੇਵਲ ਇਕ ਧਾਰਮਿਕ ਤੇ ਦਾਰਸ਼ਨਿਕ ਆਗੂ ਹੀ ਨਹੀਂ ਸਨ ਸਗੋਂ ਇਕ ਇਤਿਹਾਸਕਾਰ, ਸਮਾਜ ਸ਼ਾਸਤਰੀ, ਸਭਿਆਚਾਰਕ ਪੁਨਰ-ਜਾਗ੍ਰਤੀ ਦੇ ਝੰਡਾਬਰਦਾਰ ਅਤੇ ਭਾਰਤੀਆਂ ਨੂੰ ਇਕ ਲੰਮ੍ਹੀ ਨੀਂਦ ਤੋਂ ਜਗਾਉਣ ਵਾਲੇ 'ਮਰਦਿ ਕਾਮਲ' ਸਨ। ਇਹ ਸਿਲਸਿਲਾ ਏਥੇ ਮੁੱਕਣ ਵਾਲਾ ਨਹੀਂ ਸਗੋਂ ਨਵੇਂ ਗਿਆਨ ਦੀ ਰੌਸ਼ਨੀ ਵਿਚ ਚਲਦਾ ਰਹੇਗਾ ਅਤੇ ਇਸ ਦਾ ਘੇਰਾ ਵਿਸ਼ਾਲ ਤੋਂ ਵਿਸ਼ਾਲਤਰ ਹੁੰਦਾ ਜਾਵੇਗਾ। ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ, ਦਰਸ਼ਨ, ਸਿਖਿਆਵਾਂ ਅਤੇ ਉਪਕਾਰਾਂ ਦਾ ਪ੍ਰਭਾਵ ਪੰਜਾਬੀ ਜੀਵਨ ਦੇ ਹਰ ਪਹਿਲੂ ਉਪਰ ਹੈ, ਪਰ ਅੱਜ ਅਸੀਂ, ਸੰਖੇਪ ਵਿਚ, ਕੇਵਲ ਸਭਿਆਚਾਰਕ ਪ੍ਰਭਾਵ ਦੀ ਹੀ ਗੱਲ ਕਰਾਂਗੇ।

ਗੁਰੂ ਨਾਨਕ ਦਰਸ਼ਨ ਵਿੱਚ ਉਨ੍ਹਾਂ ਦੇ ਸਭਿਆਚਾਰ ਦਰਸ਼ਨ ਨੂੰ ਇਕ ਖਾਸ ਥਾਂ ਹਾਸਲ ਹੈ। ਸਭਿਆਚਾਰਕ ਦਰਸ਼ਨ ਤੋਂ ਸਾਡਾ ਭਾਵ ਆਤਮ-ਪਛਾਣ ਤੋਂ ਹੈ। ਗੁਰੂ ਨਾਨਕ ਦੇਵ ਜੀ ਵੇਲੇ ਭਾਰਤੀ ਸਭਿਆਚਾਰ ਦਾ ਸਭ ਤੋਂ ਵੱਡਾ ਸੰਕਟ ਅਸਲ ਵਿਚ ਏਹੋ ਹੀ ਸੀ ਕਿ ਭਾਰਤੀ ਆਪਣੀ ਸੰਸਕ੍ਰਿਤੀ, ਆਪਣੀ ਪਛਾਣ ਭੁੱਲ ਕੇ ਨਵੇਂ ਹਾਕਮਾਂ ਦੀ ਖੁਸ਼ਨੂਦੀ ਹਾਸਲ ਕਰਨ ਲਈ ਉਨ੍ਹਾਂ ਦੇ ਰੰਗ ਵਿਚ ਹੀ ਰੰਗੇ ਜਾ ਰਹੇ ਸਨ। ਇਹ ਰੰਗ ਕਈ ਰੂਪਾਂ ਅਤੇ ਧਰਾਤਲਾਂ ਉਪਰ ਚੜ੍ਹ ਰਿਹਾ ਸੀ। ਪੰਜਾਬ ਦਾ ਇਸਲਾਮੀਕਰਨ ਹੋ ਰਿਹਾ ਸੀ ਅਤੇ ਦੱਬੇ ਕੁਚਲੇ ਲੋਕ, ਆਪਣਾ ਸਮਾਜਕ ਰੁਤਬਾ ਬਿਹਤਰ ਹੋਣ ਦੇ ਖਿਆਲ ਨਾਲ, ਧੜਾ ਧੜ ਮੁਸਲਮਾਨ ਬਣ ਰਹੇ ਸਨ। ਭਾਰਤ ਦੇ ਇਸਲਾਮੀਕਰਨ ਵਿੱਚ ਜਿੱਥੇ ਵਕਤ ਦੇ ਹਾਕਮਾਂ ਦੀ ਤਲਵਾਰ ਆਪਣਾ ਰੰਗ ਵਿਖਾ ਰਹੀ ਸੀ, ਉੱਥੇ ਸੂਫੀ ਫਕੀਰ ਅਤੇ ਹੋਰ ਦਰਵੇਸ਼ ਤਬੀਅਤ ਲੋਕ ਵੀ ਭਾਰਤੀਆਂ ਨੂੰ ਇਸਲਾਮ ਧਾਰਨ ਕਰਨ ਵੱਲ ਪ੍ਰੇਰਿਤ ਕਰ ਰਹੇ ਸਨ। ਕਈ ਸੂਫੀ ਫਕੀਰਾਂ ਦੇ ਬਾਰੇ ਵਿੱਚ ਤਾਂ ਇਹ ਪੜ੍ਹਨ ਸੁਣਨ ਨੂੰ ਮਿਲਦਾ ਹੈ ਕਿ ਜਿੰਨੇ ਲੋਕਾਂ ਨੇ ਉਨ੍ਹਾਂ ਦੇ ਅਸਰ ਹੇਠ ਇਸਲਾਮ ਕਬੂਲ ਕੀਤਾ, ਓਨੇ ਤਾਂ ਤਲਵਾਰ ਦੇ ਡਰ ਕਾਰਨ ਵੀ ਨਾ ਬਣੇ। ਉਂਜ ਵੀ ਇਹ ਇਕ ਸੁਭਾਵਿਕ ਕਰਮ ਹੈ ਕਿ ਜਿਸ ਦੀ ਹਕੂਮਤ ਹੁੰਦੀ ਹੈ, ਸਿੱਕਾ ਵੀ ਓਸੇ ਦਾ ਚਲਦਾ ਹੈ। ਇਹ ਸਿੱਕਾ ਸ਼ਾਬਦਿਕ ਵੀ ਹੈ ਅਤੇ ਮੁਹਾਵਰਤਨ ਵੀ। ਭਾਰਤੀ ਆਪਣੀ ਜ਼ੁਬਾਨ, ਪਹਿਰਾਵਾ, ਖਾਣ-ਪੀਣ, ਧਰਮ ਸਭ ਕੁਝ ਛੱਡ ਕੇ ਨਵੇਂ ਹਾਕਮਾਂ ਦਾ ਅਪਣਾ ਰਹੇ ਸਨ। ਗੁਰੂ ਜੀ ਦੇ ਸਭਿਆਚਾਰ ਦਰਸ਼ਨ ਦਾ ਇਹ ਪਹਿਲੂ ਉਨ੍ਹਾਂ ਦੁਆਰਾ ਰਚਿਤ "ਆਸਾ ਦੀ ਵਾਰ" ਵਿੱਚ ਵਿਸ਼ੇਸ਼ ਤੌਰ 'ਤੇ ਉਘੜਿਆ ਹੈ। ਉਦਾਹਰਣ ਵਜੋਂ ਕੱਪੜਿਆਂ ਬਾਰੇ ਚਰਚਾ ਕਰਦਿਆਂ ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਆਪਣੇ ਵੇਸ਼ ਭੂਸ਼ਾ ਤਿਆਗ ਕੇ ਤੁਰਕਾਂ/ਪਠਾਣਾਂ ਵਾਲੀ ਵੇਸ਼ ਭੂਸ਼ਾ ਸਵੀਕਾਰ ਕਰ ਰਹੇ ਹਨ: ਪੰਜਾਬ ਦੇ ਵਿਸ਼ਿਸ਼ਟ ਸਾਹਿਤ ਦੀ ਤਰ੍ਹਾਂ ਪੰਜਾਬ ਦੇ ਲੋਕ ਸਾਹਿਤ ਉਪਰ ਵੀ ਗੁਰੂ ਨਾਨਕ ਦੇਵ ਜੀ ਦਾ ਪ੍ਰਭਾਵ ਬਰਾਬਰ ਹੈ ਅਤੇ ਜਨ ਮਾਨਸ ਨੇ ਉਨ੍ਹਾਂ ਦੀਆਂ ਖੂਬੀਆਂ ਦਾ ਅਭਿਨੰਦਨ ਕੀਤਾ ਹੈ। ਪੰਜਾਬੀਆਂ ਦੀਆਂ ਨਜ਼ਰਾਂ ਵਿੱਚ ਗੁਰੂ ਨਾਨਕ ਦੇਵ ਜੀ ਭਗਤਾਂ ਵਿੱਚ ਸਰਬੋਤਮ, ਜ਼ਾਹਰਾ ਜ਼ਹੂਰ, ਸਵਰਗ ਦੇ ਰਾਹ ਦਿਸੇਰਾ ਅਤੇ ਸੰਸਾਰ-ਸਾਗਰ ਤੋਂ ਪਾਰਉਤਾਰਨਹਾਰ ਹਨ। ਉਨ੍ਹਾਂ ਦੀ ਇਲਾਹੀ ਬਾਣੀ ਧੁਰ ਦਰਗਾਹੋਂ ਆਈ ਹੈ ਅਤੇ ਮੁਕਤੀ-ਦਾਤੀ ਹੈ:

ਜਿੱਥੇ ਲੇਖਕਾਂ ਅਤੇ ਕਵੀਆਂ ਨੇ ਆਪਣੇ ਆਪਣੇ ਢੰਗ ਨਾਲ ਗੁਰੂ ਜੀ ਦੀ ਮਹਿਮਾ ਕੀਤੀ ਹੈ, ਉਥੇ ਚਿੱਤ੍ਰਕਾਰਾਂ ਨੇ ਆਪਣੇ ਢੰਗਾਂ ਨਾਲ ਉਨ੍ਹਾਂ ਪ੍ਰਤੀ ਆਪੀ ਸ਼ਰਧਾ ਵਿਅਕਤ ਕੀਤੀ ਹੈ। ਇਨ੍ਹਾਂ ਚਿੱਤਰਾਂ ਦੀ ਪਹਿਲੀ ਵੰਨਗੀ ਪੁਰਾਣੀਆਂ ਜਨਮਸਾਖੀਆਂ ਅਤੇ ਹੋਰ ਹੱਥ ਲਿਖਤਾਂ ਹਨ। ਜਨਮਸਾਖੀਆਂ ਵਿੱਚੋਂ ਦੋ ਜਨਮਸਾਖੀਆਂ ਵਧੇਰੇ ਉਲੇਖਯੋਗ



ਹਨ। ਪਹਿਲੀ ਹੈ 240 (ਰਚਨਾ ਕਾਲ 1733 ਈ.) ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ 1974 ਵਿਚ "ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ" (ਸੰਪਾ. ਡਾ. ਪਿਆਰ ਸਿੰਘ) ਨਾਂ ਹੇਠ ਛਪੀ ਸੀ। ਇਸ ਵਿੱਚ 57 ਸਾਖੀਆਂ ਦੇ ਨਾਲ 57 ਹੀ ਚਿੱਤਰਾਂ ਦੀ ਸੂਚਨਾ ਅਤੇ ਕੁਝ ਤਸਵੀਰਾਂ ਕਾਲੇ ਚਿੱਟੇ ਰੰਗਾਂ ਵਿੱਚ, ਨਮੂਨੇ ਮਾਤਰ, ਛਾਪੀਆਂ ਵੀ ਗਈਆਂ। ਮਗਰੋਂ ਇਹੋ 57 ਰੰਗਦਾਰ ਤਸਵੀਰਾਂ ਵਾਲੀ ਜਨਮਸਾਖੀ ਇਕ ਵੱਖਰੀ ਪੁਸਤਕ "ਗੁਰੂ ਨਾਨਕ ਚਿਤ੍ਰਾਵਲੀ" (1985) ਨਾਂ ਹੇਠ ਛਪੀ। ਇਹ ਚਿੱਤਰ ਕਿਸੇ ਆਲਮ ਚੰਦ ਨਾਂ ਦੇ ਕਲਾਕਾਰ ਦੁਆਰਾ ਤਿਆਰ ਕੀਤੇ ਗਏ ਹਨ। ਇਨ੍ਹਾਂ ਚਿੱਤਰਾਂ ਦਾ ਸਜਾਵਟ ਦੇ ਨਾਲ-ਨਾਲ ਵਿਚਾਰਧਾਰਕ ਮਹੱਤਵ ਵੀ ਹੈ। ਜਨਮਸਾਖੀਆਂ ਵਿੱਚ ਹੀ ਇਕ ਹੋਰ ਜਨਮਸਾਖੀ ਸੰਤ ਦਾਸ ਛਿੱਬਰ ਦੀ "ਜਨਮਸਾਖੀ ਨਾਨਕ ਸ਼ਾਹ ਕੀ" ਹੈ। ਇਸ ਜਨਮਸਾਖੀ ਦੇ ਦੋ ਹੋਰ ਹੱਥ ਲਿਖਤ ਨੁਸਖਿਆਂ ਦੀ ਸੂਚਨਾ ਇਸ ਵਕਤ ਉਪਲਬਧ ਹੈ। ਪਹਿਲਾ ਨੁਸਖਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਹੈ ਅਤੇ ਇਸ ਵਿੱਚ ਨੌਂ ਚਿੱਤਰ ਹਨ। ਸੁਣਨ ਵਿਚ ਆਇਆ ਹੈ ਕਿ ਸੰਤ ਦਾਸ ਛਿੱਬਰ ਵਾਲੀ ਜਨਮਸਾਖੀ ਦਾ ਹੀ ਇਕ ਹੋਰ ਨੁਸਖਾ ਅੱਜ ਦੇ ਲਗਪਗ 35 ਕੁ ਸਾਲ ਪਹਿਲਾਂ ਵਿਕਣ ਹਿਤ ਆਇਆ ਸੀ ਜਿਸ ਵਿੱਚ 117 ਚਿੱਤਰ ਸਨ। ਇਸ ਜਨਮਸਾਖੀ ਦੀਆਂ ਕੁੱਲ 71 ਸਾਖੀਆਂ ਹਨ ਜਿਸ ਦਾ ਅਰਥ ਹੈ ਕਿ ਇਕ ਸਾਖੀ ਨਾਲ ਇਕ ਤੋਂ ਜ਼ਿਆਦਾ ਚਿੱਤਰ ਸਨ। ਉਸ ਨੁਸਖੇ ਦੇ ਮਾਲਕ ਨੇ ਉਸ ਦੀ ਜਿੰਨੀ ਕੀਮਤ ਮੰਗੀ ਸੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਨਾ ਦਿੱਤੀ। ਇਹ ਨੁਸਖਾ ਅੱਜਕੱਲ੍ਹ ਇਕ ਸਵਰਗਵਾਸੀ ਸਿੱਖ ਵਿਦਵਾਨ ਦੇ ਸੰਗ੍ਰਹਿ ਵਿੱਚ ਵਲੈਤ ਵਿੱਚ ਪਿਆ ਹੋਇਆ ਦੱਸਿਆ ਜਾਂਦਾ ਹੈ। ਜਨਮਸਾਖੀਆਂ ਤੋਂ ਬਿਨਾਂ ਗੋਸਟਾਂ ਦੇ ਵੀ ਕਈ ਸੰਗ੍ਰਹਿ ਹਨ ਜਿਨ੍ਹਾਂ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਹੋਰਨਾਂ ਧਰਮ ਆਗੂਆਂ ਨਾਲ ਗੋਸਟਾਂ ਹਨ। ਕਈ ਸੰਗ੍ਰਹਿ ਵੀ ਸਚਿੱਤਰ ਹਨ।

ਗੁਰੂ ਨਾਨਕ ਦੇਵ ਜੀ ਸਬੰਧੀ ਚਿੱਤਰਾਂ ਦਾ ਦੂਜਾ ਵੱਡਾ ਵਰਗ ਕੰਧ ਚਿੱਤਰਾਂ ਦਾ ਹੈ। ਇਹ ਚਿੱਤਰ ਪੁਰਾਣੇ ਗੁਰਦੁਆਰਿਆਂ, ਧਰਮਸ਼ਾਲਾਵਾਂ, ਮੰਦਰਾਂ, ਹਵੇਲੀਆਂ, ਸਮਾਧਾਂ ਅਤੇ ਹੋਰ ਪੁਰਾਣੀਆਂ ਇਮਾਰਤਾਂ ਵਿੱਚ ਮਿਲਦੇ ਹਨ। ਗੁਰੂ ਨਾਨਕ, ਕੰਧ ਚਿਤਰਕਾਰਾਂ ਲਈ ਵੀ, ਮਨਭਾਉਂਦਾ ਵਿਸ਼ਾ ਰਿਹਾ ਹੈ। ਕਈ ਥਾਈਂ ਗੁਰੂ ਨਾਨਕ ਦੇਵ ਜੀ ਦੇ ਚਿੱਤਰ ਹੋਰਨਾਂ ਦੇ ਚਿੱਤਰਾਂ ਦੇ ਨਾਲ ਮਿਲਦੇ ਹਨ ਅਤੇ ਕਈ ਥਾਈਂ ਕੇਵਲ ਗੁਰੂ ਨਾਨਕ ਜੀ ਦੀ ਚੋਣਵੀਂ ਜੀਵਨ ਘਟਨਾਵਲੀ ਨੂੰ ਹੀ ਸਚਿੱਤਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਹ ਕੰਧ ਚਿੱਤਰ ਵੀ ਗੁਰੂ ਨਾਨਕ ਦੇਵ ਜੀ ਦੇ ਚਿੱਤਰਕਾਰਾਂ ਦੇ ਮਨਾਂ ਉਪਰ ਪਏ ਪ੍ਰਭਾਵ ਅਤੇ ਅਕੀਦਤ ਨੂੰ ਰੇਖਾਂਕਿਤ ਕਰਦੇ ਹਨ। ਵੀਹਵੀਂ ਸਦੀ ਵਿੱਚ ਸਰਦਾਰ ਸੋਭਾ ਸਿੰਘ ਦੇ ਗੁਰੂ ਨਾਨਕ ਸਬੰਧੀ ਬਣਾਏ ਚਿੱਤਰਾਂ ਨੇ ਉਸ ਨੂੰ ਅਮਰ ਬਣਾ ਦਿੱਤਾ ਕਿਉਂਕਿ ਉਸ ਦੇ ਬਣਾਏ ਚਿੱਤਰ ਕੈਲੰਡਰਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਹੋ ਕੇ ਹਰ ਘਰ ਦੀ ਸ਼ੋਭਾ ਵਧਾ ਰਹੇ ਹਨ। ਮੈਨੂੰ ਯਾਦ ਹੈ ਕਿ 1969 ਵਿੱਚ ਭਾਸ਼ਾ ਵਿਭਾਗ ਨੇ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਮੌਕੇ ਫੂਲਾਂ ਰਾਣੀ ਦੇ ਚਿੱਤਰਾਂ ਦੀ 'ਗੁਰੂ ਨਾਨਕ ਡਾਇਰੀ' ਛਾਪੀ ਸੀ। ਕਿਰਪਾਲ ਸਿੰਘ, ਦੇਵਿੰਦਰ ਸਿੰਘ ਅਤੇ ਹੋਰ ਕਈ ਚਿੱਤਰਕਾਰਾਂ ਦਾ ਇਸ ਪਾਸੇ ਵੱਡਾ ਯੋਗਦਾਨ ਹੈ। ਗੁਰੂ ਨਾਨਕ ਦੇਵ ਜੀ ਦੇ ਚਿੱਤਰਾਂ ਦਾ ਵਿਸ਼ਲੇਸ਼ਣ ਇਕ ਸੁਤੰਤਰ ਖੋਜ ਦਾ ਵਿਸ਼ਾ ਹੈ। ਕੁਝ ਯਤਨ ਇਸ ਪਾਸੇ ਇਸ ਖੇਤਰ ਦੇ ਵਿਦਵਾਨਾਂ ਨੇ ਕੀਤੇ ਹਨ ਅਤੇ ਕੁਝ ਹੋ ਵੀ ਰਹੇ ਹਨ ਪਰ ਇਕ ਗੱਲ ਨਿਰਸੰਕੋਚ ਕਹੀ ਜਾ ਸਕਦੀ ਹੈ ਕਿ ਪ੍ਰਯੋਜਨ ਇਨ੍ਹਾਂ ਚਿੱਤਰਾਂ ਦਾ ਵੀ ਗੁਰੂ ਨਾਨਕ ਦੀ ਦਿਬੱਤਾ ਅਤੇ ਚਮਤਕਾਰੀ ਸ਼ਖਸੀਅਤ ਨੂੰ ਹੀ ਚਿਤਾਰਨਾ ਹੈ। ਧਰਮ ਸ਼ਾਸਤਰ ਜਾਂ ਦਰਸ਼ਨ ਦੀ ਦ੍ਰਿਸ਼ਟੀ ਤੋਂ ਵਿਚਾਰਵਾਨ ਲੋਕਾਂ ਦੀ ਰਾਇ ਕੁਝ ਵੱਖ ਵੀ ਹੋ ਸਕਦੀ ਹੈ ਪਰ ਸਾਡੇ ਧਿਆਨ ਵਿੱਚ ਇਹ ਗੁਰੂ ਜੀ ਪ੍ਰਤਿ ਸ਼ਰਧਾਵਾਨਾਂ ਦੀ ਅਕੀਦਤ ਅਤੇ ਪ੍ਰਭਾਵ ਦਾ ਨਤੀਜਾ ਹੈ। ਕਿਸੇ ਵੀ ਦਰਸ਼ਨ ਦੀ ਕਾਮਯਾਬੀ ਦੀ ਪਰਖ ਦਾ ਅਸਲ ਪੈਮਾਨਾ ਇਹ ਹੁੰਦਾ ਹੈ ਕਿ ਉਹ ਕਿਸ ਤਰ੍ਹਾਂ ਦਾ ਮਨੁੱਖ ਅਤੇ ਮਨੁੱਖਾ ਸਮਾਜ ਉਸਾਰ ਸਕਿਆ ਹੈ। ਉਦਾਹਰਣ ਵਜੋਂ ਜਾਤਪਾਤ ਦੀ ਧਾਰਣਾ ਦੇ ਖੰਡਨ ਨੂੰ ਲਵੋ। ਗੁਰੂ ਨਾਨਕ ਦੇਵ ਜੀ ਦੇ ਸਮਾਜਕ ਦਰਸ਼ਨ ਵਿੱਚ ਜਨਮ ਜਾਤ ਕਰਕੇ ਕਿਸੇ ਮਨੁੱਖ ਦੇ ਉੱਚੇ ਨੀਵੇਂ ਹੋਣ ਦੀ ਧਾਰਣਾ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਗਿਆ ਹੈ। ਇਸ ਦਰਸ਼ਨ ਦਾ ਵਿਹਾਰਕ ਅਤੇ ਵਿਆਪਕ ਪ੍ਰਭਾਵ ਸਾਨੂੰ ਖਾਲਸਾ ਸਿਰਜਣਾ ਦੇ ਰੂਪ ਵਿੱਚ ਮਿਲਦਾ ਹੈ ਜਿਸ ਵਿੱਚ ਜਨਮ ਤੋਂ ਮਿਲੇ ਵਰਣ, ਰਿਸ਼ਤੇ-ਨਾਤੇ, ਜਾਤ ਗੋਤ ਰੱਦ ਕਰਕੇ ਉਨ੍ਹਾਂ ਨੂੰ ਨਵੇਂ ਸਿਰਿਓਂ ਜੋੜਿਆ ਅਥਵਾ ਪਰਿਭਾਸ਼ਤ ਕੀਤਾ ਗਿਆ ਹੈ। ਏਸੇ ਕਰਕੇ ਪੰਜਾਬ ਵਿੱਚ ਜਾਤਪਾਤ ਦੀ ਪਕੜ ਹੋਰਨਾਂ ਸੂਬਿਆਂ ਨਾਲੋਂ ਬਹੁਤ ਕਮਜ਼ੋਰ ਹੈ। ਸਾਂਝੀਵਾਲਤਾ ਅਤੇ ਧਾਰਮਿਕ ਬਰਾਬਰੀ ਦਾ ਪਾਠ ਵੀ ਗੁਰੂ ਨਾਨਕ ਦੀ ਪਾਠਸ਼ਾਲਾ ਵਿੱਚ ਹੀ ਪੜ੍ਹਾਇਆ ਜਾਂਦਾ ਹੈ।

---

# ਇਨਕਲਾਬੀ ਰਹਿਬਰ ਗੁਰੂ ਗੋਬਿੰਦ ਸਿੰਘ

**ਰੂਪ ਸਿੰਘ**

ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਇਨਕਲਾਬੀ ਯੋਧੇ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ-ਜ਼ੁਲਮ ਦੀਆਂ ਸੱਟਾਂ ਨਾਲ ਮਿੱਧੇ-ਮਧੋਲੇ ਹਿੰਦੁਸਤਾਨੀ ਸਮਾਜ ਵਿਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ ਵਿੱਚੋਂ ਹਕੂਮਤੀ ਜਬਰ ਦੇ ਸਹਿਮ ਨੂੰ ਦੂਰ ਕਰਨ ਲਈ ਤਿਆਰ-ਬਰ-ਤਿਆਰ ਹਥਿਆਰਬੰਦ ਖਾਲਸਾ-ਪੰਥ ਦੀ ਸਿਰਜਣਾ ਕੀਤੀ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਆਤਮਾ ਨੂੰ ਹਲੂਣਿਆ ਅਤੇ ਇੱਜ਼ਤ, ਸਵੈ-ਮਾਣ ਨਾਲ ਜ਼ਿੰਦਗੀ ਜੀਣ ਲਈ ਪ੍ਰੇਰਿਆ:

ਜੇ ਜੀਵੈ ਪਤਿ ਲਥੀ ਜਾਇ ਸਭੁ ਹਰਾਮੁ ਜੇਤਾ ਕਿਛੁ ਖਾਇ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 142)। ਗੁਰੂ ਜੀ ਨੂੰ ਇਕ ਪਾਸੇ ਕੱਟੜ ਮੁਗਲ ਹਕੂਮਤ ਅਤੇ ਦੂਜੇ ਪਾਸੇ ਲੋਭੀ, ਕਰਮ-ਕਾਂਡੀ, ਧਾਰਮਿਕ ਪ੍ਰੰਪਰਾਵਾਂ ਦੀ ਧਾਰਨੀ ਜਾਤ-ਪਾਤ, ਵਰਣ-ਵੰਡ ਆਧਾਰਤ ਵੰਡੀ ਬ੍ਰਾਹਮਣੀ ਜਮਾਤ ਦੇ ਨਾਲ-ਨਾਲ ਪਹਾੜੀ ਰਾਜਿਆਂ ਦੀ ਈਰਖਾ ਦਾ ਸੰਤਾਪ ਵੀ ਹੰਢਾਉਣਾ ਪਿਆ। ਇਨ੍ਹਾਂ ਸਮਾਜ-ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਗੁਰੂ ਜੀ ਨੂੰ ਜੀਵਨ ਭਰ ਸੰਘਰਸ਼ ਕਰਨਾ ਪਿਆ। ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਉਦੇਸ਼ 'ਸੱਚ' ਧਰਮ ਦੀ ਸਥਾਪਨਾ, ਮਜ਼ਲੂਮਾਂ ਤੇ ਨਿਤਾਣਿਆਂ ਦੀ ਰਾਖੀ ਕਰਨਾ ਅਤੇ ਹਰ ਤਰ੍ਹਾਂ ਦੇ ਜਬਰ-ਜ਼ੁਲਮ ਦਾ ਟਾਕਰਾ ਕਰਨਾ ਸੀ ਕਿਉਂਕਿ ਉਨ੍ਹਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਜਾਂ ਅਧਰਮ ਦੇ ਬੋਲਬਾਲੇ ਦਾ ਮੁੱਖ ਕਾਰਨ ਲੋਕਾਂ ਦੀ ਗੁਲਾਮ ਮਾਨਸਿਕਤਾ ਹੈ। ਉਨ੍ਹਾਂ ਦੁਆਰਾ ਧਰਮ ਯੁੱਧ ਕਰਨ ਦਾ ਮਨੋਰਥ ਲੋਕਾਂ ਨਾਲ ਹੋ ਰਹੇ ਜਬਰ-ਜ਼ੁਲਮ ਤੇ ਧੱਕੇਸ਼ਾਹੀ ਨੂੰ ਰੋਕਣਾ ਸੀ। ਧਰਮ ਦੀ ਸਥਾਪਨਾ, ਨੇਕ-ਜਨਾਂ ਦੀ ਰੱਖਿਆ ਅਤੇ ਦੁਸ਼ਟਾਂ ਦੇ ਨਾਸ਼ ਕਰਨ ਦੇ ਆਪਣੇ ਜੀਵਨ-ਉਦੇਸ਼ ਨੂੰ ਆਪ 'ਬਚਿਤ੍ਰ ਨਾਟਕ' ਵਿਚ ਭਲੀ-ਭਾਂਤ ਸਪਸ਼ਟ ਕਰਦੇ ਹਨ:

ਹਮ ਇਹ ਕਾਜ ਜਗਤ ਮੋ ਆਏ  
ਧਰਮ ਹੇਤ ਗੁਰਦੇਵ ਪਠਾਏ  
ਜਹਾਂ ਤਹਾਂ ਤੁਮ ਧਰਮ ਬਿਥਾਰੋ  
ਦੁਸਟ ਦੋਖੀਅਨਿ ਪਕਰਿ ਪਛਾਰੋ  
ਧਰਮ ਚਲਾਵਨ ਸੰਤ ਉਬਾਰਨ  
ਦੁਸਟ ਸਭਨ ਕੋ ਮੂਲ ਉਪਾਰਨ

ਦਸਮੇਸ਼ ਪਿਤਾ ਜੀ ਨੇ ਅਖੌਤੀ ਧਾਰਮਿਕ ਲੋਕਾਂ ਵੱਲੋਂ ਕੀਤੇ ਜਾ ਰਹੇ ਪਾਖੰਡਾਂ ਦਾ ਖੂਬ ਪਾਜ ਉਘੇੜਿਆ। ਆਪਣੀ ਬਾਣੀ ਵਿਚ ਉਨ੍ਹਾਂ ਨੇ ਇਨ੍ਹਾਂ ਪਾਖੰਡਾਂ ਅਤੇ ਕਰਮ-ਕਾਂਡਾਂ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਸੱਚੇ-ਸੁੱਚੇ ਜੀਵਨ ਦੇ ਧਾਰਨੀ ਹੋਣ ਲਈ ਪ੍ਰੇਰਿਆ। ਆਪ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਮੂਰਤੀ-ਪੂਜਾ, ਬੁੱਤ-ਪੂਜਾ, ਤੀਰਥ ਯਾਤਰਾ ਜਾਂ ਬਗੁਲ ਸਮਾਧੀਆਂ ਨਾਲ ਅਕਾਲ-ਪੁਰਖ ਦੀ ਭਗਤੀ ਤੇ ਪ੍ਰਾਪਤੀ ਨਹੀਂ ਹੋ ਸਕਦੀ। ਕਹਿਣ ਤੋਂ ਭਾਵ ਗੁਰੂ ਜੀ ਨੇ ਪ੍ਰਚਲਤ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਖੰਡਨ ਬੇਖੌਫ ਹੋ ਕੇ ਕੀਤਾ ਅਤੇ ਲੋਕਾਂ ਨੂੰ 'ਸੱਚ' ਮਾਰਗ ਦੇ ਧਾਰਨੀ ਹੋਣ ਲਈ ਪ੍ਰੇਰਿਆ।

ਅਜੋਕੀ ਦੁਨੀਆਂ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਤਰਲੇ ਲੈ ਰਹੀ ਹੈ। ਪਰ ਧੰਨ ਹਨ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਅੱਜ ਤੋਂ ਤਿੰਨ ਸਦੀਆਂ ਪਹਿਲਾਂ ਇਹ ਐਲਾਨ ਕਰ ਦਿੱਤਾ ਕਿ ਸਮੁੱਚੀ ਮਨੁੱਖਤਾ ਵਿਚ ਇਕ ਅਕਾਲ ਪੁਰਖ ਦੀ ਜੋਤ ਕੰਮ ਕਰ ਰਹੀ ਹੈ, ਸਾਰੇ ਇਕੋ ਮਿੱਟੀ ਦੇ ਬਣੇ ਹੋਏ ਹਨ, ਇਸ ਲਈ ਹਿੰਦੂ, ਮੁਸਲਮਾਨ, ਜੋਗੀ ਆਦਿ ਫਿਰਕੂ ਵੰਡੀਆਂ ਦੇ ਆਧਾਰ 'ਤੇ ਮਨੁੱਖਤਾ ਨੂੰ ਵੰਡਣਾ ਜਾਇਜ਼ ਨਹੀਂ। ਇਸ ਲਈ ਮਾਨਵਤਾ ਨੂੰ ਇਕ ਇਕਾਈ ਮੰਨਦਿਆਂ ਹੋਇਆਂ ਸਭ ਨੂੰ ਉਸੇ ਦਾ ਸਰੂਪ ਸਮਝਣਾ ਚਾਹੀਦਾ ਹੈ:

ਕੋਊ ਭਇਓ ਮੁੰਡੀਆਮ ਸੰਨਿਆਸੀ ਕੋਊ ਜੋਗੀ ਭਇਓ  
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ  
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ  
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬ ਕਰਤਾ  
ਕਰੀਮ ਸੋਈ ਰਾਜਕ ਰਹੀਮ ਓਈ  
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬ ਏਕ ਹੀ  
ਕੀ ਸੇਵ ਸਭ ਹੀ ਕੋ ਗੁਰਦੇਵ ਏਕ  
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬ

ਸਭ ਤੋਂ ਇਨਕਲਾਬੀ ਗੱਲ ਗੁਰੂ ਸਾਹਿਬ ਨੇ ਇਹ ਕੀਤੀ ਕਿ ਉਨ੍ਹਾਂ ਦੱਬੇ-ਕੁਚਲੇ, ਲਿਤਾੜੇ ਹੋਏ ਲੋਕਾਂ, ਗਰੀਬ ਕਿਰਤੀਆਂ ਤੇ ਨਿਤਾਣਿਆਂ ਨੂੰ ਗਲ ਨਾਲ ਲਾਇਆ। ਸਦੀਆਂ ਤੋਂ ਗੁਲਾਮੀ ਅਤੇ ਜਹਾਲਤ ਦੀ ਜ਼ਿੰਦਗੀ ਜੀਅ ਰਹੇ ਲੋਕਾਂ ਵਿਚ ਅਣਖ ਅਤੇ ਸਵੈਮਾਨ ਦੀ ਭਾਵਨਾ ਨੂੰ ਜਗਾ ਦਿੱਤਾ। ਇਹੀ ਲੋਕ ਗੁਰੂ-ਕਿਰਪਾ ਦੇ ਪਾਤਰ ਬਣ ਕੇ ਖਾਲਸਾ ਸਜੇ ਅਤੇ ਗੁਰੂ-ਨਜ਼ਰਾਂ ਵਿਚ ਪ੍ਰਵਾਨ ਚੜ੍ਹੇ। ਗੁਰੂ ਜੀ ਇਨ੍ਹਾਂ ਦੇ ਕਿਰਦਾਰ, ਵਿਹਾਰ ਤੇ ਅਚਾਰ 'ਤੇ ਤਸੱਲੀ ਪ੍ਰਗਟ ਕਰਦੇ ਰਹਿੰਦੇ ਹਨ:

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ  
ਨਹੀ ਮੋ ਸੋ ਗਰੀਬ ਕਰੋਰ ਪਰੌ  
(ਦਸਮ ਗ੍ਰੰਥ)

ਦੁਨੀਆਂ ਦੇ ਇਤਿਹਾਸ ਵਿਚ ਇਹ ਇਕ ਵੱਡਾ ਇਨਕਲਾਬ ਮੰਨਿਆ ਜਾਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਆਪਣੇ ਬਰਾਬਰ ਗੁਰੂ ਦਾ ਦਰਜਾ ਦਿੱਤਾ। ਦੁਨੀਆਂ ਦੇ ਕਿਸੇ ਵੀ ਧਾਰਮਿਕ ਰਹਿਬਰ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਨਹੀਂ ਦਿੱਤਾ। ਪਰ ਦਸਮ-ਪਿਤਾ ਧੰਨ ਹਨ ਜਿਨ੍ਹਾਂ 'ਖਾਲਸੇ' ਨੂੰ ਆਪਣਾ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਬਲਕਿ ਆਪਣਾ ਗੁਰੂ ਵੀ ਸਵੀਕਾਰ ਕੀਤਾ। ਇਹ ਇਕ ਇਤਿਹਾਸਕ ਸਚਾਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪ੍ਰਗਟ ਕਰ ਕੇ ਗੁਰ ਦੀਖਿਆ ਦਾ ਅਧਿਕਾਰ ਵੀ 'ਗੁਰੂ-ਪੰਥ' ਨੂੰ ਸੌਂਪ ਦਿੱਤਾ। ਆਪ ਖਾਲਸੇ ਨੂੰ ਆਪਣਾ ਰੂਪ ਅਤੇ 'ਗੁਰੂ' ਸਵੀਕਾਰ ਕਰਦੇ ਹੋਏ ਫੁਰਮਾਉਂਦੇ ਹਨ:

ਖ਼ਾਲਸਾ ਮੇਰੋ ਰੂਪ ਹੈ ਖਾਸ।  
ਖ਼ਾਲਸੇ ਮੈ ਹਉ ਕਰਉ ਨਿਵਾਸ।  
ਖ਼ਾਲਸਾ ਮੇਰੋ ਸਤਿਗੁਰ ਪੂਰਾ।  
ਖ਼ਾਲਸਾ ਮੇਰੋ ਸਜਣ ਸੂਰਾ।

ਦੁਨੀਆਂ ਦੇ ਹੋਰਨਾਂ ਧਾਰਮਿਕ ਰਹਿਬਰਾਂ ਦੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਪਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਧਰਮ ਚਲਾਇਆ। ਆਪਣੇ ਆਪ ਨੂੰ ਅਕਾਲ ਪੁਰਖ, ਵਾਹਿਗੁਰੂ ਦਾ ਦਾਸ, ਸੇਵਕ ਦੱਸਦਿਆਂ, ਉਨ੍ਹਾਂ ਬੜੀ ਸਖ਼ਤ ਹਦਾਇਤ ਕੀਤੀ ਕਿ ਮੈਨੂੰ ਪਰਮਾਤਮਾ ਨਹੀਂ ਸਮਝਣਾ:

ਜੋ ਹਮ ਕੋ ਪਰਮੇਸਰ ਉਚਿਰਹੈਂ  
ਤੇ ਸਭ ਨਰਕ ਕੁੰਡ ਮਹਿ ਪਰਿਹੈਂ  
ਮੋ ਕੌ ਦਾਸ ਤਵਨ ਕਾ ਜਾਨੌ  
ਯਾ ਮੈ ਭੇਦ ਨ ਰੰਚ ਪਛਾਨੌ (ਬਚ੍ਿਤ ਨਾਟਕ)

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਇਤਿਹਾਸ ਵਿਚ ਇਕ ਇਨਕਲਾਬੀ ਰਹਿਬਰ ਹੋਏ ਹਨ, ਜਿਨ੍ਹਾਂ ਨੇ ਲੋਕਾਂ ਦੀ ਜ਼ਿੰਦਗੀ ਵਿਚ ਇਨਕਲਾਬੀ ਤੇ ਇਤਿਹਾਸਕ ਤਬਦੀਲੀ ਲਿਆਂਦੀ। ਅਜੋਕੇ ਦੇਹਧਾਰੀ ਗੁਰੂਆਂ, ਅਖੌਤੀ ਸਾਧਾਂ-ਸੰਤਾਂ ਅਤੇ ਮਹਾਤਮਾਵਾਂ ਨੂੰ ਦਸਮੇਸ਼ ਪਿਤਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਭੇਖ ਤੇ ਅਡੰਬਰ, ਵਿਖਾਵੇ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ, ਕਰਮਕਾਂਡਾਂ ਦੇ ਅੰਧਕਾਰ ਵਿਚ ਪਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਗੁਰਦੇਵ ਪਿਤਾ ਵੱਲੋਂ ਦਿੱਤੇ ਨਾਹਰੇ, 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ' ਦੇ ਧਾਰਨੀ ਬਣ, ਭਰਮ-ਭੇਖ ਤੋਂ ਸੁਤੰਤਰ ਹੋ, ਗੁਰੂ ਦੇ ਸਪੁੱਤਰ ਹੋਣ ਵਿਚ ਮਾਣ ਤੇ ਸਤਿਕਾਰ ਮਹਿਸੂਸ ਕਰਨਾ ਚਾਹੀਦਾ ਹੈ।

# ਪ੍ਰਦੇਸਾਂ ਦਾ ਦਰਦ

**ਨਵਰੂਪ ਸਿੰਘ ਮੁੱਤੀ**




ਅਗਸਤ ਮਹੀਨੇ ਦੇ ਆਖਰੀ ਹਫਤੇ ਪੰਜਾਬ ਤੋਂ ਕੈਨੇਡਾ ਲਈ ਉਡਾਣ ਭਰਨੀ ਸੀ। ਜਿਵੇਂ-ਜਿਵੇਂ ਸਾਡੇ ਚੱਲਣ ਦਾ ਸਮਾਂ ਨਜ਼ਦੀਕ ਆ ਰਿਹਾ ਸੀ ਤਿਵੇਂ-ਤਿਵੇਂ ਮਾਂ ਦੇ ਦਿਲ ਅੰਦਰ ਬੇਚੈਨੀ ਵਧਦੀ ਜਾ ਰਹੀ ਸੀ। ਉਸ ਦੇ ਅੰਦਰ ਦੀ ਇਹ ਬੇਚੈਨੀ ਉਸ ਦੇ ਚਿਹਰੇ ਉੱਤੇ ਸਾਫ ਝਲਕ ਰਹੀ ਸੀ। ਘਰੋਂ ਤੁਰਨ ਦਾ ਸਮਾਂ ਆ ਪਹੁੰਚਿਆ, ਕਾਰ ਦਾ ਡਰਾਈਵਰ ਜਲਦੀ ਤੁਰਨ ਦੇ ਇਸ਼ਾਰੇ ਕਰ ਰਿਹਾ ਸੀ। ਮਾਂ ਨੇ ਦਿਲ ਤਗੜਾ ਜਿਹਾ ਕਰਕੇ ਸਭ ਨੂੰ ਵਾਰੀ-ਵਾਰੀ ਗੱਲ ਨਾਲ ਲਗਾਇਆ। ਉਹ ਆਪਣਾ ਦਰਦ ਲੁਕਾਉਣਾ ਚਾਹੁੰਦੀ ਸੀ, ਪਰ ਉਸ ਦੀਆਂ ਅੱਖਾਂ ਉਸ ਦੇ ਕਹਿਣੇ ਵਿੱਚ ਨਾ ਰਹੀਆਂ। ਪਿਛਲੇ 30 ਸਾਲ ਤੋਂ ਗੰਠੀਏ ਦੀ ਬਿਮਾਰੀ ਨਾਲ ਲੜਦਿਆਂ-ਲੜਦਿਆਂ ਉਸ ਦਾ ਸਰੀਰ ਕਾਫੀ ਕਮਜ਼ੋਰ ਹੋ ਚੁੱਕਾ ਸੀ। ਪਰ ਅਜੇ ਵੀ ਉਸ ਨੇ ਬਿਮਾਰੀ ਨਾਲ ਜੂਝਣ ਦੀ ਹਿੰਮਤ ਨਹੀਂ ਸੀ ਛੱਡੀ। ਘਰ ਦੇ ਮੁੱਖ ਦਰਵਾਜ਼ੇ ਉੱਤੇ ਪਹੁੰਚ ਕੇ ਉਸ ਨੇ ਤੇਲ ਚੋਇਆ ਅਤੇ ਸਾਡਾ ਸਭ ਦਾ ਮੂੰਹ ਮਿੱਠਾ ਕਰਵਾ ਕੇ ਸ਼ਗਨ ਕੀਤਾ। ਜਦ ਅਸੀਂ ਸਭ ਕਾਰ ਵਿੱਚ ਬੈਠ ਗਏ ਤਾਂ ਉਹ ਜਲਦੀ ਨਾਲ ਕਾਰ ਵੱਲ ਵਧੀ। ਉਹ ਸਾਨੂੰ ਫਿਰ ਤੋਂ ਆਪਣੀਆਂ ਬਾਹਾਂ ਵਿੱਚ ਲੈਣਾ ਚਾਹੁੰਦੀ ਸੀ। ਇੰਝ ਲੱਗਦਾ ਸੀ ਕਿ ਉਹ ਸਾਨੂੰ ਆਪਣੇ ਅੰਦਰ ਸਮਾਂ ਲੈਣਾ ਚਾਹੁੰਦੀ ਸੀ ਤਾਂ ਕਿ ਕੋਈ ਵੀ ਸਾਨੂੰ ਉਸ ਤੋਂ ਦੂਰ ਨਾ ਕਰ ਸਕੇ। ਪਾਣੀ ਚਾਹੇ ਉਸਦੀਆਂ ਅੱਖਾਂ ਵਿੱਚੋਂ ਹੀ ਡਿੱਗ ਰਿਹਾ ਸੀ, ਪਰ ਸਾਨੂੰ ਨਜ਼ਰ ਆ ਰਿਹਾ ਸੀ ਕਿ ਉਸ ਦਾ ਰੋਮ-ਰੋਮ ਰੋ ਰਿਹਾ ਸੀ। ਪਤਾ ਨਹੀਂ ਉਸ ਨੂੰ ਕਿਸ ਅਣਜਾਣ ਹੋਣੀ ਦਾ ਭੈਅ ਸੀ। ਮੇਰਾ ਬਾਪ ਬੜੇ ਮਜ਼ਬੂਤ ਦਿਲ ਦਾ ਮਾਲਕ ਹੈ, ਪਰ ਉਸ ਦਿਨ ਉਹ ਵੀ ਆਪਣੇ ਆਪ ਨੂੰ ਕਮਜ਼ੋਰ ਪੈਣ ਤੋਂ ਰੋਕ ਨਾ ਸਕਿਆ।

ਘਰ ਤੋਂ ਦਿੱਲੀ ਅਤੇ ਫਿਰ ਕੈਨੇਡਾ ਤੀਕਰ ਸਿੱਧੀ ਉਡਾਣ ਦਾ ਸਫ਼ਰ ਬਹੁਤ ਥਕਾਊ ਸੀ ਪਰ ਏਅਰਪੋਰਟ ਤੋਂ ਬਾਹਰ ਆਉਂਦਿਆਂ ਹੀ ਇਸ ਮੁਲਕ ਦੀ ਖੂਬਸੂਰਤੀ ਅਤੇ ਸਾਫ਼ ਸਫਾਈ ਨੇ ਥਕਾਵਟ ਭੁਲਾ ਦਿੱਤੀ।

ਘਰ ਦੀ ਖਿੜਕੀ ਤੋਂ ਸਾਹਮਣੇ ਦਿਸਦੀਆਂ ਪਹਾੜੀਆਂ ਅਤੇ ਉਹਨਾਂ ਉੱਤੇ ਪਈ ਬਰਫ਼ ਬਹੁਤ ਹੀ ਦਿਲਕਸ਼ ਜਾਪਦੀ। ਹਰੇ ਭਰੇ ਰੁੱਖ ਅਤੇ ਪਤਝੜ ਕਾਰਨ ਉਹਨਾਂ ਤੋਂ ਇੱਕ-ਇੱਕ ਕਰ ਕੇ ਡਿੱਗਦੇ ਪੱਤੇ ਕਿਸੇ ਫਿਲਮ ਦੇ ਦ੍ਰਿਸ਼ ਦੀ ਤਰ੍ਹਾਂ ਜਾਪਦੇ। ਸਾਫ਼ ਸੁਥਰਾ ਧੂੜ ਰਹਿਤ ਵਾਤਾਵਰਨ ਸੜਕਾਂ ਤੇ ਨਿਯਮਬੱਧ ਚੱਲਦੇ ਲੋਕ, ਸਿਹਤਮੰਦ ਖਾਧ-ਪਦਾਰਥ, ਟੂਟੀ ਵਿੱਚੋਂ ਸਿੱਧਾ ਪੀਣ ਯੋਗ ਸ਼ੁੱਧ ਅਤੇ ਕੁਦਰਤੀ ਤੱਤਾਂ ਭਰਪੂਰ ਪਾਣੀ, ਮਨ ਹੀ ਮਨ ਅੰਦਰ ਇਸ ਮੁਲਕ ਦੇ ਬਾਸ਼ਿੰਦਿਆਂ ਦੀ ਉਸਾਰੂ ਸੋਚ ਪ੍ਰਤੀ ਸਤਿਕਾਰ ਪੈਦਾ ਹੋਇਆ ਅਤੇ ਆਪਣੀ ਜਨਮ ਭੂਮੀ ਪ੍ਰਤੀ ਫਿਕਰ। ਸਵੇਰੇ-ਸਵੇਰੇ ਖਿੜਕੀ ਤੋਂ ਪਰਦਾ ਹਟਾਉਂਦੇ ਤਾਂ ਸਾਹਮਣੇ ਅਮਰੀਕਾ ਦੀਆਂ ਬਰਫ ਲੱਦੀਆਂ ਪਹਾੜੀਆਂ ਨਜ਼ਰ ਆਉਂਦੀਆਂ। ਤਨ-ਮਨ ਊਰਜਾ ਨਾਲ ਭਰ ਜਾਂਦਾ। ਮਨ ਹੀ ਮਨ ਮੈਂ ਕਲਪਨਾ ਕਰਨੀ ਸ਼ੁਰੂ ਕਰ ਦਿੱਤੀ ਕਿ ਮੇਰੀ ਮਾਂ ਦਾ ਅੱਧਾ ਦੁੱਖ ਤਾਂ ਇਹਨਾਂ ਸੁਥਰੇ ਨਜ਼ਾਰਿਆਂ ਨੇ ਹਰ ਲੈਣਾ ਹੈ ਅਤੇ ਬਾਕੀ ਦਾ ਅੱਧਾ ਇਸ ਮੁਲਕ ਦੇ ਵਾਤਾਵਰਨ ਨੇ।

ਭਾਰਤ ਰਹਿੰਦਿਆਂ ਮੈਂ ਅਕਸਰ ਖੇਤ ਦੇ ਸੰਬੰਧ ਵਿੱਚ ਪੰਜਾਬ ਤੋਂ ਯੂਪੀ ਜਾਇਆ ਕਰਦਾ ਸੀ। ਕਈ ਵਾਰ ਮੈਂ ਮਹੀਨਿਆਂ ਬੱਧੀ ਉੱਥੇ ਰਿਹਾ। ਉਹ ਹਮੇਸ਼ਾ ਮੈਨੂੰ ਹੱਸ ਕੇ ਘਰੋਂ ਤੋਰਦੀ। ਪਰ ਹੁਣ ਜਦ ਮੈਂ ਕੈਨੇਡਾ ਤੋਂ ਉਸਨੂੰ ਫੋਨ ਕਰਦਾ ਤਾਂ ਉਹ ਹਰ ਵਾਰ ਦਿਲ ਭਰ ਲੈਂਦੀ। ਮੈਂ ਹੌਸਲਾ ਦਿੰਦਾ ਕਿ ਮੰਮਾ, ਦਿਲ ਕਿਉਂ ਹੌਲਾ ਕਰਦੇ ਹੋ, ਆਪਾਂ ਸਾਰੇ ਇਕੱਠੇ ਹੀ ਰਹਾਂਗੇ। ਚਾਹੇ ਇੰਡੀਆ ਰਹੀਏ, ਚਾਹੇ ਦੁਨੀਆਂ ਦੇ ਕਿਸੇ ਹੋਰ ਕੋਨੇ ਵਿੱਚ। ਪਰ ਉਹ ਦਿਲ ਹੌਲਾ ਕਰਨੋਂ ਨਾ ਹਟਦੀ। ਇਹ ਕੁਦਰਤ ਦਾ ਕੈਸਾ ਸੰਦੇਸ਼ ਸੀ, ਮੈਨੂੰ ਸਮਝ ਨਹੀਂ ਸੀ ਪੈ ਰਿਹਾ।

ਇੱਥੇ ਪਹੁੰਚੇ ਹਰ ਪ੍ਰਵਾਸੀ ਦੀ ਪਹਿਲੀ ਦੌੜ ਹੁੰਦੀ ਹੈ ਕੰਮ ਕਾਰ ਦੀ ਤਲਾਸ਼ ਕਰਨਾ ਜੋ ਕਿ ਅਸੀਂ ਸ਼ੁਰੂ ਕਰ ਦਿੱਤੀ ਅਤੇ ਜਲਦੀ ਹੀ ਇੱਕ ਅਮਰੀਕਨ ਕੰਪਨੀ ਵਿੱਚ ਕੰਮ ਮਿਲ ਗਿਆ। ਇਹ ਕੰਮ ਰਾਤ ਦਾ ਸੀ। ਸ਼ਾਮ ਪਈ ਘਰੋਂ ਜਾਣਾ ਰਾਤ ਭਰ ਕੰਮ ਕਰਨਾ ਅਤੇ ਦਿਨ ਚੜ੍ਹੇ ਘਰ ਆ ਕੇ ਮੈਂ ਸੌਂ ਜਾਣਾ। ਰਾਤ ਨੂੰ ਕੰਮ ਉੱਤੇ ਹੋਣ ਕਾਰਨ ਹੁਣ ਇੰਡੀਆ ਫੋਨ ਵੀ ਘੱਟ ਕਰ ਹੁੰਦਾ। ਮਾਂ ਗਿਲਾ ਕਰਦੀ ਕਿ ਕਿੰਨੇ ਦਿਨ ਹੋ ਗਏ ਆ, ਬੱਚਿਆਂ ਨਾਲ ਗੱਲ ਨਹੀਂ ਕਰਵਾਈ? ਮੈਂ ਕਹਿੰਦਾ ਕਿ ਘਰ ਪਹੁੰਚ ਕੇ ਕਰਵਾਉਂਦਾ ਹਾਂ। ਘਰ ਪਹੁੰਚਦਾ ਤਾਂ ਬੱਚੇ ਸਕੂਲ ਜਾਣ ਲਈ ਤਿਆਰ ਬੈਠੇ ਹੁੰਦੇ। ਉਹ ਦਾਦਾ ਦਾਦੀ ਨੂੰ ਆਪਣੇ ਨਵੇਂ ਸਕੂਲ ਦੀਆਂ ਬਾਤਾਂ ਸੁਣਾਉਂਦੇ।

> **ਕਦੇ-ਕਦੇ ਪੰਜਾਬ ਭਾਰਤ ਵਸਦੇ ਉਹਨਾਂ ਗ੍ਰੰਥੀ ਸਿੰਘਾਂ ਦਾ ਗਲਮਾ ਫੜਨ ਨੂੰ ਮਨ ਕਰਦਾ ਹੈ ਜੋ ਦਿਨ ਰਾਤ ਲੋਕਾਂ ਲਈ ਇਹ ਅਰਦਾਸਾਂ ਕਰਦੇ ਹਨ ਕਿ ਫਲਾਣੇ ਦੇ ਧੀ, ਪੁੱਤ ਨੂੰ ਫਲਾਣੇ ਮੁਲਕ ਦੀ ਪੀ.ਆਰ. ਜਾਂ ਨਾਗਰਿਕਤਾ ਮਿਲ ਜਾਏ। ਤੁਸੀਂ ਇਹ ਅਰਦਾਸ ਕਿਉਂ ਨਹੀਂ ਕਰਦੇ ਕਿ ਸਾਡੇ ਆਪਣੇ ਮੁਲਕ ਵਿੱਚ ਵੀ ਉੰਨੀ ਹੀ ਖੁਸ਼ਹਾਲੀ ਅਤੇ ਬਿਹਤਰ ਵਿਵਸਥਾ ਹੋਏ। ਕਿਸੇ ਬੇਗਾਨੇ ਮੁਲਕਾਂ ਦੀ ਪੀ.ਆਰ. ਝਾਕਣੀ ਹੀ ਨਾ ਪਏ। ਕਿਸ ਦਾ ਦਿਲ ਕਰਦਾ ਹੈ ਆਪਣੀਆਂ ਜੜ੍ਹਾਂ ਨਾਲੋਂ ਟੁੱਟਣ ਨੂੰ?**

ਕਦੇ ਆਪਣਾ ਬੈੱਡਰੂਮ ਦਿਖਾਉਣ ਦੀ ਫਰਮਾਇਸ਼ ਕਰਦੇ ਅਤੇ ਕਦੇ ਕੁਝ ਹੋਰ। ਮੈਂ ਅਕਸਰ ਮਹਿਸੂਸ ਕਰਦਾ ਕਿ ਮੇਰੇ ਮਾਪੇ ਮੇਰੇ ਤੋਂ ਵਧ ਪਿਆਰ ਮੇਰੇ ਬੱਚਿਆਂ ਨੂੰ ਦਿੰਦੇ ਨੇ। ਸ਼ਾਇਦ ਸਾਰੇ ਦਾਦੇ-ਦਾਦੀਆਂ ਹੀ ਇੰਝ ਕਰਦੇ ਹੋਣ। ਆਖਰ ਮੂਲ ਨਾਲੋਂ ਬਿਆਜ ਪਿਆਰਾ ਜੋ ਹੋਇਆ।

12 ਨਵੰਬਰ ਨੂੰ ਸਾਰਾ ਸਿੱਖ ਜਗਤ ਗੁਰੂ ਨਾਨਕ ਪਾਤਿਸ਼ਾਹ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਜਾ ਰਿਹਾ ਸੀ। ਮੁੱਖ ਸਮਾਗਮ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਨਗਰੀ ਅਤੇ ਮੂਲ ਮੰਤਰ ਉਚਾਰਨ ਸਥਲ ਸੁਲਤਾਨਪੁਰ ਲੋਧੀ ਵਿਖੇ ਕਰਵਾਏ ਜਾ ਰਹੇ ਸਨ। ਮੇਰਾ ਘਰ, ਮੇਰਾ ਪਿੰਡ ਇਸ ਧਾਰਮਿਕ ਅਤੇ ਇਤਿਹਾਸਕ ਨਗਰੀ ਦੀ ਬੁੱਕਲ ਵਿੱਚ ਪੈਂਦਾ ਹੈ। ਮੈਂ 10 ਨਵੰਬਰ ਨੂੰ ਆਪਣੇ ਪਿਤਾ ਜੀ ਨੂੰ ਇਹ ਪੁੱਛਣ ਲਈ ਫੋਨ ਕਰਿਆ ਕਿ ਹੁਣ ਇਸ ਵਕਤ ਤਾਂ ਉੱਥੇ ਖੂਬ ਰੌਣਕਾਂ ਹੋਣਗੀਆਂ। ਉਹਨਾਂ ਦੱਸਿਆ ਕਿ ਤੇਰੀ ਮੰਮਾ ਠੀਕ ਨਹੀਂ ਹੈ, ਉਹਨੂੰ ਲੈ ਕੇ ਜਲੰਧਰ ਹਸਪਤਾਲ ਆਏ ਹੋਏ ਹਾਂ। ਰਾਤ ਦੀ ਨੌਕਰੀ ਦੌਰਾਨ ਸਾਨੂੰ 12 ਵਜੇ ਅਤੇ ਫਿਰ ਤੜਕੇ ਸਾਡੇ ਤਿੰਨ ਵਜੇ ਦੋ ਵਾਰ ਅੱਧੇ-ਅੱਧੇ ਘੰਟੇ ਦੀ ਛੁੱਟੀ ਰੋਟੀ ਚਾਹ-ਪਾਣੀ ਆਦਿ ਵਾਸਤੇ ਹੁੰਦੀ ਹੈ। ਜਦ ਦਾ ਮੈਨੂੰ ਮਾਂ ਦੀ ਤਬੀਅਤ ਦਾ ਪਤਾ ਚੱਲਿਆ ਤਾਂ ਮੈਂ ਛੁੱਟੀ ਵਕਤ ਸਾਥੀਆਂ ਨਾਲ ਬੈਠਣਾ ਛੱਡ ਦਿੱਤਾ। ਮੈਂ ਹਰ ਬਰੇਕ ਉੱਤੇ ਕਿਸੇ ਕੋਨੇ ਵਿੱਚ ਕੋਈ ਕੁਰਸੀ ਮੱਲ ਕੇ ਇਕੱਲਾ ਬੈਠ ਜਾਂਦਾ ਅਤੇ ਮਾਂ ਦੀ ਸਿਹਤ ਬਾਰੇ ਪੁੱਛਣ ਲੱਗਦਾ। ਦੋ ਦਿਨ ਤੱਕ ਇਹੀ ਜਵਾਬ ਮਿਲਦਾ ਰਿਹਾ ਕਿ ਟੈਸਟ ਹੋ ਰਹੇ ਹਨ। ਰਿਪੋਰਟ ਆਉਣ ਉੱਤੇ ਪਤਾ ਚੱਲੇਗਾ। ਪਹਿਲੇ ਦਿਨ ਉਹ ਦਰਦ ਨਾਲ ਕਰਾਹ ਰਹੀ ਸੀ। ਦੂਸਰੇ ਦਿਨ ਉਹ ਆਰਾਮ ਦੀ ਨੀਂਦ ਨਹੀਂ ਸੀ ਸੁੱਤੀ। ਉਸ ਦਾ ਦਿਮਾਗੀ ਤੰਤਰ ਦਰਦ ਨੂੰ ਮਹਿਸੂਸ ਕਰਨਾ ਹੀ ਬੰਦ ਕਰ ਰਿਹਾ ਸੀ। ਤੀਸਰੇ ਦਿਨ ਡਾਕਟਰ ਨੇ ਕਿਹਾ ਕਿ ਹਾਲਤ ਕਰਿਟੀਕਲ ਹੈ। ਸਾਡੇ ਪੈਰਾਂ ਹੇਠੋਂ ਜ਼ਮੀਨ ਖਿਸਕੀ। ਇਹ ਡਾਕਟਰ ਪਿਛਲੇ 15 ਸਾਲ ਤੋਂ ਉਹਨਾਂ ਦਾ ਇਲਾਜ ਕਰ ਰਿਹਾ ਸੀ। ਮੈਂ ਫੋਨ ਕਰਿਆ ਤਾਂ ਡਾਕਟਰ ਨੇ ਕਿਹਾ ਕਿ ਮੈਂ ਆਪਣਾ ਪਰਿਵਾਰਕ ਮੈਂਬਰ ਸਮਝ ਕੇ ਤਨ-ਮਨ ਤੋਂ ਕੋਸ਼ਿਸ਼ ਕਰ ਰਿਹਾ ਹਾਂ। ਮਨ ਨੂੰ ਹੌਸਲਾ ਹੋਇਆ। ਪਰ ਬੇਚੈਨੀ ਨਾ ਹਟੀ।

ਅਗਲੇ ਦਿਨ ਫੋਨ ਕਰਿਆ ਤਾਂ ਪਿਤਾ ਜੀ ਰੋਣ ਲੱਗੇ ਅਤੇ ਕਿਹਾ ਕਿ ਪੁੱਤਰਾ ਦਿਲ ਕਰੜਾ ਕਰਨਾ ਪੈਣਾ। ਮੈਂ ਕਿਹਾ ਕਿ ਇੰਝ ਨਾ ਬੋਲੋ। ਕਹਿੰਦੇ ਮੇਰਾ ਕਿਹੜਾ ਦਿਲ ਕਰਦਾ ਕਹਿਣ ਨੂੰ ਪਰ ਮੈਨੂੰ ਦਿਸਣ ਲੱਗ ਪਿਆ। ਮੈਂ ਘਬਰਾਏ ਹੋਏ ਨੇ ਫਟਾਫਟ ਡਾਕਟਰ ਨੂੰ ਫੋਨ ਮਿਲਾਇਆ ਤਾਂ ਉਹਨਾਂ ਦੱਸਿਆ ਕਿ ਅੰਦਰੂਨੀ ਅੰਗਾਂ ਉੱਤੇ ਕਾਫੀ ਅਸਰ ਹੋਇਆ ਹੈ, ਮੈਂ ਪੂਰੀ ਕੋਸ਼ਿਸ਼ ਕਰ ਰਿਹਾ ਹਾਂ। ਆਪਾਂ ਦੁਆ ਕਰੀਏ। ਮੈਂ ਪੁੱਛਿਆ, ਉਮੀਦ ਹੈ ...? ਉਹਨਾਂ ਹਾਂ ਵਿੱਚ ਜਵਾਬ ਦਿੱਤਾ। ਮੈਂ ਪਿਤਾ ਜੀ ਨੂੰ ਫੋਨ ਕਰਿਆ ਕਿ ਮੈਂ ਆ ਜਾਂਦਾ ਹਾਂ। ਉਹ ਕਹਿਣ ਲੱਗੇ, ਤੂੰ ਕੀ ਕਰੇਗਾ ਆ ਕੇ, ਪੈਸੇ ਹੀ ਦੇਣੇ ਨੇ। ਜੋ ਡਾਕਟਰ ਕਹਿੰਦੇ ਨੇ ਜਮ੍ਹਾਂ ਕਰਵਾ ਦਿੰਦੇ ਹਾਂ। ਤੂੰ ਵੀ ਤਾਂ ਇਸ ਤੋਂ ਵਧ ਕੁਝ ਨਹੀਂ ਕਰ ਸਕਦਾ। ਫਿਰ ਵੀ ਮੈਨੂੰ ਆਪਣੇ ਡਾਕਟਰ ਉੱਤੇ ਪੂਰਾ ਭਰੋਸਾ ਸੀ।

14 ਨਵੰਬਰ ਸੀ ਰਾਤ ਮੈਂ ਆਪਣੀ ਡਿਊਟੀ ਸ਼ੁਰੂ ਕਰਨ ਤੋਂ ਪਹਿਲਾਂ ਫੋਨ ਉੱਤੇ ਪਲ-ਪਲ ਦੀ ਖਬਰ ਲੈ ਰਿਹਾ ਸੀ। ਪਿਤਾ ਜੀ ਨੇ ਦੱਸਿਆ ਕਿ ਸਾਹ ਰੁਕਣ ਲੱਗ ਪਿਆ ਸੀ। ਹੁਣ ਵੈਂਟੀਲੇਟਰ ਉੱਤੇ ਰੱਖਿਆ ਹੋਇਆ ਹੈ। ਡਾਕਟਰ ਦੀ ਉਡੀਕ ਕਰ ਰਹੇ ਹਾਂ। ਪਤਾ ਨਹੀਂ ਕਿਵੇਂ ਮੈਂ ਆਪਣੀ ਡਿਊਟੀ ਦੇ ਚਾਰ ਘੰਟੇ ਪੂਰੇ ਕੀਤੇ ਅਤੇ 12 ਵੱਜਦੇ ਹੀ ਫਟਾਫਟ ਬਰੇਕ ਰੂਮ ਵਿੱਚ ਪਹੁੰਚ ਕੇ ਫੋਨ ਕੀਤਾ ਤਾਂ ਅੱਗੋਂ ਜਵਾਬ ਸੀ, ਮ੍ਰਿਤਕ ਦੇਹ ਲੈ ਕੇ ਜਾ ਰਹੇ ਹਾਂ, ਥੋੜ੍ਹੀ ਦੇਰ ਤੱਕ ਘਰ ਪਹੁੰਚਣ ਵਾਲੇ ਹਾਂ।

ਮੇਰਾ ਦਿਮਾਗ ਸੁੰਨ ਹੋ ਗਿਆ। ਕਾਲਜਾ ਫਟਣੇ ਉੱਤੇ ਆ ਗਿਆ। ਦਿਲ ਕੀਤਾ ਧਾਹਾਂ ਮਾਰ-ਮਾਰ ਕੇ ਰੋਵਾਂ। ਆਪਣੀ ਪੀੜਾ ਨਾਲ ਆਸਮਾਨ ਵਿੱਚ ਛੇਕ ਕਰ ਦੇਵਾਂ ਪਰ ਨਹੀਂ, ਦਿਮਾਗ ਇੱਕ ਦਮ ਹਰਕਤ ਵਿੱਚ ਆਇਆ। ਇੱਥੇ ਰੋਵੇਂਗਾ ਤਾਂ ਤੈਨੂੰ ਚੁੱਪ ਕੌਣ ਕਰਵਾਏਗਾ? ਕੌਣ ਸਿਰ ਪਲੋਸੇਗਾ, ਕੌਣ ਸੀਨੇ ਲਾਵੇਗਾ। ਇੱਥੇ ਤਾਂ ਸਭ ਨਵੇਂ ਨੇ। ਕੋਈ ਹਫ਼ਤਾ ਪਹਿਲਾ ਮਿਲਿਆ ਅਤੇ ਕੋਈ 15 ਦਿਨ ਪਹਿਲਾਂ। ਫਟਾਫਟ ਉੱਠ ਕੇ ਵਾਸ਼ਰੂਮ ਵਿੱਚ ਗਿਆ ਅਤੇ ਖੁਦ ਹੀ ਰੋ ਕੇ, ਖੁਦ ਨੂੰ ਹੀ ਚੁੱਪ ਕਰਾਉਣ ਲੱਗਾ।

ਬਰੇਕ ਤੋਂ ਬਾਅਦ ਵਾਪਸ ਕੰਮ ਉੱਤੇ ਪਹੁੰਚੇ। ਮੇਰੇ ਵੇਅਰ ਹਾਊਸ ਦੇ ਮੈਨੇਜਰ ਨੇ ਮੇਰੀਆਂ ਅੱਖਾਂ ਦਾ ਦਰਦ ਸਮਝ ਲਿਆ। ਉਸ ਨੇ ਮੇਰੇ ਕੋਲ ਆ ਕੇ ਬੜੀ ਹਲੀਮੀ ਨਾਲ ਪੁੱਛਿਆ। ਮੈਂ ਝੂਠ ਨਾ ਬੋਲ ਸਕਿਆ। ਉਸ ਨੇ ਅਫਸੋਸ ਪ੍ਰਗਟ ਕਰਦਿਆਂ ਕੰਪਨੀ ਵਲੋਂ ਇਮਦਾਦ ਬਾਰੇ ਪੇਸ਼ਕਸ਼ ਕੀਤੀ।

ਦੋ ਦਿਨ ਤੋਂ ਇਕੱਲਾ ਹੀ ਰੋ ਲੈਂਦਾ ਹਾਂ ਅਤੇ ਖੁਦ ਹੀ ਆਪਣੇ ਆਪ ਨੂੰ ਚੁੱਪ ਕਰਾ ਲੈਂਦਾ ਹਾਂ। ਕਦੇ ਸੋਚਦਾ ਹਾਂ ਕਿ ਮੈਂ ਚਾਰ ਭੂਆ ਦਾ ਭਤੀਜਾ, ਚਾਰ ਮਾਮਿਆਂ ਦਾ ਭਾਣਜਾ, ਚਾਚੇ-ਤਾਏ, ਸ਼ਰੀਕਾ-ਭਾਈਚਾਰਾ, ਦੋਸਤ, ਇਹਨਾਂ ਸਾਰਿਆਂ ਨੇ ਮੈਨੂੰ ਅਨੇਕਾਂ ਵਾਰ ਸੀਨੇ ਲਗਾਉਣਾ ਸੀ, ਸਿਰ ਪਲੋਸਣਾ ਸੀ। ਕਈ-ਕਈ ਦਿਨ ਮੇਰੇ ਅੰਗ ਸੰਗ ਰਹਿਣਾ ਸੀ, ਜਦ ਤੱਕ ਕਿ ਪਰਿਵਾਰ ਸਥਿਰ ਨਾ ਹੋ ਜਾਂਦਾ। ਪਰ ਅਫਸੋਸ ਕਿ ਮੈਂ ਇਸ ਸਭ ਕੁਝ ਤੋਂ ਮਹਿਰੂਮ ਹਾਂ। ਲਗਾਤਾਰ ਰੋ-ਰੋ ਕੇ ਬੁਖਾਰ ਹੋ ਗਿਆ ਹੈ, ਗਲਾ ਬੈਠ ਗਿਆ ਹੈ, ਬੋਲਣਾ ਮੁਸ਼ਕਿਲ ਹੋ ਗਿਆ ਹੈ। ਹੁਣ ਮੈਨੂੰ ਘਰੋਂ ਤੁਰਨ ਲੱਗਿਆਂ ਮੇਰੀ ਮਾਂ ਦਾ ਬਾਰ-ਬਾਰ ਰੋਣਾ ਸਮਝ ਆਉਣ ਲੱਗਾ ਹੈ। ਹਰ ਫੋਨ ਕਾਲ ਉੱਤੇ ਉਸ ਦਾ ਦਿਲ ਭਰਨਾ ਸਮਝ ਆਉਣ ਲੱਗਾ ਹੈ। ਸ਼ਾਇਦ ਕੁਦਰਤ ਨੇ ਉਸ ਨੂੰ ਸੰਕੇਤ ਦੇ ਦਿੱਤਾ ਸੀ ਕਿ ਹੁਣ ਦੁਬਾਰਾ ਮੇਲੇ ਨਹੀਂ ਹੋਣੇ। ਮੇਰਾ ਅੰਦਰ ਦਰਦ ਨਾਲ ਨੱਕੋ-ਨੱਕ ਭਰਿਆ ਹੋਇਆ ਹੈ। ...

ਇਸ ਸਭ ਦੇ ਬਾਵਜੂਦ ਮੈਂ ਇੱਕ ਹੌਸਲਾ ਕੀਤਾ ਹੈ, ਹੁਣ ਮੈਂ ਆਪਣੇ ਕੰਮ ਉੱਤੇ ਆਪਣੇ ਸਾਥੀਆਂ ਸਾਹਮਣੇ ਨਹੀਂ ਰੋਂਦਾ। ਉਹਨਾਂ ਦੇ ਹਾਸੇ ਵਿੱਚ ਹੱਸਣ ਦੀ ਕੋਸ਼ਿਸ਼ ਕਰਦਾ ਹਾਂ। ਮੇਰੇ ਚਿਹਰੇ ਉੱਤੇ ਉਦਾਸੀ ਨਜ਼ਰ ਆ ਹੀ ਜਾਂਦੀ ਹੈ ਭਾਵੇਂ ਮੈਂ ਲੁਕਾਉਣ ਦੀ ਬਹੁਤ ਕੋਸ਼ਿਸ਼ ਕਰਦਾ ਹਾਂ। ਜੇਕਰ ਕੋਈ ਪੁੱਛਦਾ ਹੈ ਤਾਂ ਮੈਂ ਕਹਿ ਦਿੰਦਾ ਹਾਂ ਕਿ ਬੁਖਾਰ ਹੈ। ...

ਮੇਰੇ ਨਾਲ ਕੰਮ ਕਰਦੀ ਇੱਕ ਭੋਲੀ ਜਿਹੀ ਕੁੜੀ ਮੈਨੂੰ ਦੋ ਦਿਨ ਤੋਂ ਕਹਿ ਰਹੀ ਹੈ ਕਿ ਭਾਜੀ ਉਦਾਸ ਹਨ। ਅੱਜ ਫਿਰ ਪੁੱਛਣ ਲੱਗੀ ਤਾਂ ਮੇਰੇ ਮੂੰਹੋਂ ਸੱਚ ਰੋਕਿਆ ਨਾ ਗਿਆ। ਕਹਿਣ ਲੱਗੀ ਕਿ ਮੈਨੂੰ ਅਫਸੋਸ ਹੈ। ਦੋ ਕੁ ਮਿੰਟ ਬਾਅਦ ਪਤਾ ਨਹੀਂ ਉਸ ਦੇ ਮਨ ਵਿੱਚ ਕੀ ਆਇਆ। ਭੱਜੀ-ਭੱਜੀ ਆਈ ਅਤੇ ਮੈਨੂੰ ਜੱਫ਼ੀ ਵਿੱਚ ਲੈ ਕੇ ਕਹਿਣ ਲੱਗੀ ਕਿ ਭਾਜੀ ਬਹੁਤ ਬੁਰਾ ਹੋਇਆ। ਪਤਾ ਨਹੀਂ ਕਮਲੀ ਨਾਲ ਕਿਹੜੀ ਸਾਂਝ ਹੋਵੇਗੀ। ਇੱਕ ਪਰਿਵਾਰਕ ਮੈਂਬਰ ਹਨ ਮਨਧੀਰ ਸਿੰਘ ਉੱਪਲ। ਮਿਹਨਤੀ ਅਤੇ ਜ਼ਮੀਨ ਨਾਲ ਜੁੜਿਆ ਇਨਸਾਨ। ਬੇਗਾਨੇ ਮੁਲਕ ਵਿੱਚ ਪਰਿਵਾਰ ਜਿਹੀ ਅਪਣੱਤ ਦਾ ਅਹਿਸਾਸ ਕਰਵਾਉਂਦੇ ਹਨ। ਮਾਮੇ-ਮਾਮੀਆਂ, ਚਾਚੇ-ਤਾਏ, ਦੋਸਤ-ਮਿੱਤਰ ਬਾਕੀ ਰਿਸ਼ਤੇਦਾਰ ਫੋਨ ਕਰ ਰਹੇ ਹਨ। ਅਫ਼ਸੋਸ ਕਰ ਰਿਹੇ ਹਨ। ਭਾਣਾ ਮੰਨਣ ਲਈ ਕਹਿ ਰਹੇ ਹਨ। ਪਰ ਅੱਜ ਜ਼ਿੰਦਗੀ ਵਿੱਚ ਪਹਿਲੀ ਵਾਰ ਮਹਿਸੂਸ ਹੋਇਆ ਕਿ ਦਰਦ ਲਈ ਸਿਰਫ ਅੱਥਰੂ ਹੀ ਕਾਫ਼ੀ ਨਹੀਂ ਹੁੰਦੇ। ਰੋਣ ਲਈ ਕਈ ਵਾਰ ਜ਼ਿੰਦਗੀ ਵਿੱਚ ਕਿਸੇ ਸੀਨੇ ਦੀ, ਕਿਸੇ ਗੋਦ ਦੀ ਵੀ ਜ਼ਰੂਰਤ ਹੁੰਦੀ ਹੈ। ਇਹ ਦਰਦ ਮੇਰਾ ਇਕੱਲੇ ਦਾ ਨਹੀਂ ਹੈ। ਸ਼ਾਇਦ ਮੇਰੇ ਜਿਹੇ ਸੈਂਕੜੇ, ਹਜ਼ਾਰਾਂ ਜਾਂ ਲੱਖਾਂ ਲੋਕਾਂ ਦਾ ਇਹੀ ਦਰਦ ਹੋਵੇਗਾ। ਉਹਨਾਂ ਦੀ ਸੰਵੇਦਨਾ ਸਮਝਣ ਦੀ ਲੋੜ ਹੈ। ਇਸ ਨੂੰ ਪੜ੍ਹਨ ਉਪਰੰਤ ਸ਼ਾਇਦ ਕਈ ਲੋਕਾਂ ਨੂੰ ਅਜਿਹਾ ਲੱਗੇਗਾ ਕਿ ਇਹ ਉਹਨਾਂ ਦੀ ਖੁਦ ਦੀ ਹੀ ਕਹਾਣੀ ਹੈ। ਪਾਤਰ ਅਤੇ ਸਥਾਨ ਵੱਖਰੇ ਹੋ ਸਕਦੇ ਹਨ।

ਭਾਰਤ ਵਿੱਚ ਮੈਂ ਮੀਡੀਆ ਹਾਊਸ ਨਾਲ ਜੁੜਿਆ ਰਿਹਾ ਹਾਂ। ਕੈਨੇਡਾ ਆਉਣ ਤੋਂ ਬਾਅਦ ਕਈ ਵਾਰ ਲਿਖਣ ਨੂੰ ਮਨ ਕੀਤਾ। ਬਹੁਤ ਕੁਝ ਲਿਖਣਾ ਚਾਹੁੰਦਾ ਸੀ। ਪਰ ਸਦ ਅਫ਼ਸੋਸ, ਮੈਂ ਕਦੇ ਵੀ ਇਹ ਕਲਪਨਾ ਨਹੀਂ ਸੀ ਕਰੀ ਕਿ ਇਸਦੀ ਸ਼ੁਰੂਆਤ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਚੀਕ ਤੋਂ ਹੋਵੇਗੀ। ਕਦੇ ਮਨ ਕਰਦਾ ਹੈ ਕਿ ਮੈਂ ਆਪਣੇ ਜਨਮ ਭੂਮੀ ਮੁਲਕ ਦੇ ਹਾਕਮਾਂ ਦਾ ਗਲਮਾ ਫੜ ਕੇ ਪੁੱਛਾਂ ਕਿ ਤੁਸੀਂ ਸਾਨੂੰ ਚੰਗੀ ਵਿਵਸਥਾ ਕਿਉਂ ਨਹੀਂ ਦਿੱਤੀ? ਕਿਉਂ ਮੇਰੇ ਮੁਲਕ ਦਾ ਡਾਕਟਰ ਇੱਥੇ ਆ ਕੇ ਟਰੱਕ ਚਲਾਉਣ ਨੂੰ ਬਿਹਤਰ ਸਮਝਦਾ ਹੈ? ਕੀ ਤੁਸੀਂ ਕਦੇ ਸੁਧਰੋਗੇ? ਸਾਡੇ ਨਾਲ ਤਾਂ ਜੋ ਬੀਤੀ ਸੋ ਬੀਤੀ, ਕੀ ਤੁਸੀਂ ਆਉਣ ਵਾਲੀਆਂ ਨਸਲਾਂ ਨਾਲ ਵੀ ਇਹੀ ਵਤੀਰਾ ਕਰੋਗੇ?

ਕਦੇ-ਕਦੇ ਪੰਜਾਬ ਭਾਰਤ ਵਸਦੇ ਉਹਨਾਂ ਗ੍ਰੰਥੀ ਸਿੰਘਾਂ ਦਾ ਗਲਮਾ ਫੜਨ ਨੂੰ ਮਨ ਕਰਦਾ ਹੈ ਜੋ ਦਿਨ ਰਾਤ ਲੋਕਾਂ ਲਈ ਇਹ ਅਰਦਾਸਾਂ ਕਰਦੇ ਹਨ ਕਿ ਫਲਾਣੇ ਦੇ ਧੀ, ਪੁੱਤ ਨੂੰ ਫਲਾਣੇ ਮੁਲਕ ਦੀ ਪੀ.ਆਰ. ਜਾਂ ਨਾਗਰਿਕਤਾ ਮਿਲ ਜਾਏ। ਤੁਸੀਂ ਇਹ ਅਰਦਾਸ ਕਿਉਂ ਨਹੀਂ ਕਰਦੇ ਕਿ ਸਾਡੇ ਆਪਣੇ ਮੁਲਕ ਵਿੱਚ ਵੀ ਉੰਨੀ ਹੀ ਖੁਸ਼ਹਾਲੀ ਅਤੇ ਬਿਹਤਰ ਵਿਵਸਥਾ ਹੋਏ। ਕਿਸੇ ਬੇਗਾਨੇ ਮੁਲਕਾਂ ਦੀ ਪੀ.ਆਰ. ਝਾਕਣੀ ਹੀ ਨਾ ਪਏ। ਕਿਸ ਦਾ ਦਿਲ ਕਰਦਾ ਹੈ ਆਪਣੀਆਂ ਜੜ੍ਹਾਂ ਨਾਲੋਂ ਟੁੱਟਣ ਨੂੰ?

ਅੰਤਲੇ ਸਮੇਂ ਵਿੱਚ ਮਾਂ ਦੇ ਕੋਲ ਨਾ ਹੋਣ ਦੀ ਚੀਸ ਰੂਹ ਨੂੰ ਅੰਦਰੋ ਅੰਦਰ ਖਾਈ ਜਾ ਰਹੀ ਹੈ। ਸ਼ਾਇਦ ਹਰ ਪ੍ਰਵਾਸੀ ਨੇ ਆਪਣੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਮਰਹਲੇ ਉੱਤੇ ਇਸ ਪੀੜ ਨੂੰ ਹੰਢਾਇਆ ਹੋਵੇਗਾ। ਜਿੱਥੇ ਪ੍ਰਵਾਸ ਨੇ ਲੋਕਾਂ ਨੂੰ ਅਨੇਕਾਂ ਤਰ੍ਹਾਂ ਦੀਆਂ ਖੁਸ਼ੀਆਂ ਅਤੇ ਖੁਸ਼ਹਾਲੀ ਦਿੱਤੀ ਹੈ, ਉੱਥੇ ਹੀ ਦਰਦ ਵੀ ਦਿੱਤੇ ਨੇ। ਸ਼ਾਇਦ ਇਸੇ ਨੂੰ ਹੀ ਪ੍ਰਵਾਸ ਦਾ ਦਰਦ ਕਹਿੰਦੇ ਨੇ।

## ਕੈਨੇਡਾ ਵਿਚ ਪੰਜਾਬੀ ਨਸ਼ਾ ਤਸਕਰੀ ਤੋਂ ਨਹੀਂ ਆ ਰਹੇ ਬਾਜ

### *ਇੱਕ ਹੋਰ ਆਇਆ ਪੁਲੀਸ ਦੇ ਅੜਿੱਕੇ*

ਟੋਰਾਂਟੋ-ਕਈ ਪੰਜਾਬੀ ਵਿਦੇਸ਼ਾਂ ਵਿੱਚ ਵੀ ਬਾਜ ਨਹੀਂ ਆ ਰਹੇ। ਅਪਰਾਧ ਤੇ ਨਸ਼ਾ ਤਸਕਰੀ ਨਾਲ ਜੁੜੇ ਇਹ ਲੋਕ ਕੌਮ ਦਾ ਅਕਸ ਖਰਾਬ ਕਰ ਰਹੇ ਹਨ। ਅਜਿਹਾ ਹੀ ਇੱਕ ਹੋਰ ਤਾਜ਼ਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਆਪਣੇ ਟਰੱਕ ਰਾਹੀਂ ਅਮਰੀਕਾ ਤੋਂ ਕੈਨੇਡਾ ਵਿਚ ਨਸ਼ਾ ਲਿਆਉਣ ਦੇ ਇਲਜ਼ਾਮ ਹੇਠ ਬਰੈਂਪਟਨ ਦਾ 44 ਸਾਲਾ ਪੰਜਾਬੀ ਮਨਜਿੰਦਰ ਗਿੱਲ ਫੜਿਆ ਗਿਆ ਹੈ। ਪੁਲਿਸ ਮੁਤਾਬਕ ਉਹ ਆਪਣੇ ਟਰੱਕ ਰਾਹੀਂ ਅਮਰੀਕਾ ਤੋਂ ਕੈਨੇਡਾ ਵਿਚ ਨਸ਼ਾ ਲਿਆ ਰਿਹਾ ਸੀ। ਉਸ ਨੂੰ ਵਿੰਡਸਰ ਸ਼ਹਿਰ ਦੇ ਅੰਬੈਸਡਰ ਪੁਲ਼ ਉੱਤੇ ਸਰਹੱਦੀ ਅਧਿਕਾਰੀਆਂ ਨੇ ਗ੍ਰਿਫ਼ਤਾਰ ਕਰ ਲਿਆ। ਉਸ 'ਤੇ 40 ਕਿਲੋਗ੍ਰਾਮ ਕੋਕੀਨ ਦੀ ਤਸਕਰੀ ਕਰਨ ਦੇ ਦੋਸ਼ ਲੱਗੇ ਹਨ। ਕੈਨੇਡਾ ਬਾਰਡਰ ਸਰਵਿਸ ਏਜੰਸੀ ਦੇ ਸੂਤਰਾਂ ਮੁਤਾਬਕ ਸ਼ੱਕੀ ਟਰੱਕ ਨੂੰ ਦੂਹਰੀ ਜਾਂਚ ਲਈ ਭੇਜਿਆ ਗਿਆ ਸੀ, ਜਿਸ ਵਿਚੋਂ ਕੋਕੀਨ ਦੀਆਂ 30 ਇੱਟਾਂ ਬਰਾਮਦ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਕੀਮਤ 20 ਲੱਖ ਡਾਲਰ ਤੋਂ ਵੱਧ ਦੱਸੀ ਜਾ ਰਹੀ ਹੈ।

ਨਸ਼ਾ ਤਸਕਰੀ ਦੇ ਮਾਮਲੇ ਵਿਚ ਦਰਜਨਾਂ ਪੰਜਾਬੀ ਇਸ ਵੇਲੇ ਜੇਲ੍ਹਾਂ ਵਿਚ ਬੰਦ ਹਨ। ਅਧਿਕਾਰੀਆਂ ਮੁਤਾਬਕ ਇਸ ਸਾਲ ਹੁਣ ਤੱਕ ਅਮਰੀਕਾ ਦੇ ਅੰਬੈਸਡਰ ਪੁਲ, ਵਿੰਡਸਰ-ਡੀਟਰੋਇਟ ਸੁਰੰਗ ਤੇ ਸਾਰਨੀਆ ਦੇ ਬਲੂ ਵਾਟਰ ਪੁਲ ਰਾਹੀਂ ਤਸਕਰੀ ਕੀਤੀ ਜਾ ਰਹੀ ਕਰੀਬ 395 ਕਿਲੋ ਕੋਕੀਨ ਜ਼ਬਤ ਕੀਤੀ ਗਈ ਹੈ।

# Sir Speedy Tustin
Printers to the Community

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
GURU NANAK SIKH TEMPLE FAIRFIELD
Visit Our Website: www.FairfieldGurudwara.com
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
ਲੱਖ ਲੱਖ ਵਧਾਈ
Printed with your logo and info. One color, one location. Min. qty 1000
**19¢ each**

## Your Printed T-Shirts
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
**Only $4.99**

## Your Printed Caps
YOUR LOGO HERE
1 color in 1 position. Min Qty. 100
**Only $4.99**

## Trip Envelopes Qty 1000
DAILY TRIP ENVELOPE
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Prodcust
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin

Jagjit Singh Bains

CUSTOMIZED SWEET BOXES

South Asian Wedding Cards

CALL NOW




# ਪਾਠਕਾਂ ਦਾ ਨਜ਼ਰੀਆ

## ਸਿੱਖ ਧਰਮ ਜਾਂ ਕਲਟ (ਪੰਥ)

ਬਾਬਰੀ ਮਸਜਿਦ ਕੇਸ ਵਿੱਚ ਸੁਪਰੀਮ ਕੋਰਟ ਨੇ ਇਕ ਸਿੱਖ ਦੀ ਗਵਾਹੀ ਨੂੰ ਧਿਰ ਮੰਨਦੇ ਹੋਏ ਦਲੀਲਾਂ ਨੂੰ ਪੁਖਤਾ ਮੰਨਿਆ ਹੈ। ਫੈਸਲਾ ਹਿੰਦੂ ਧਰਮ ਦੇ ਮੰਦਰ ਦੇ ਹੱਕ ਵਿਚ ਦਿੱਤਾ ਹੈ। ਜੋ ਕਈ ਸਾਲਾਂ ਤੋਂ ਹਿੰਦੂ, ਮੁਸਲਮਾਨਾਂ ਵਿਚ ਧਾਰਮਿਕ ਤੌਰ 'ਤੇ ਝਗੜੇ ਦਾ ਵੱਡਾ ਕਾਰਨ ਸੀ। ਕਿਹਾ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਅਯੁੱਧਿਆ ਆਏ ਸਨ। ਪਰ ਇਤਿਹਾਸਕ ਜਾਂ ਧਾਰਮਿਕ ਪੱਖੋਂ ਬਿਨਾਂ ਘੋਖ ਕੀਤੇ ਸਿੱਖਾਂ ਨੂੰ ਅਣਜਾਣੇ ਵਿਚ ਹੀ ਧਿਰ ਬਣਾਇਆ ਗਿਆ ਹੈ। ਇਸ ਫੈਸਲੇ ਦੇ ਨਾਲ ਹੀ ਸਿੰਘ ਧਰਮ ਦੀ 'ਕਲਟਸ' (ਪੰਥ) ਦੀ ਪ੍ਰੀਭਾਸ਼ਾ ਨੂੰ ਵੀ ਸਪੱਸ਼ਟਤਾ ਦਿੱਤੀ ਹੈ। ਜਿਸ ਅਨੁਸਾਰ ਕਲਟਸ ਕਿਸੇ ਧਰਮ ਦੀ ਸੰਪਰਦਾ ਜਾਂ ਸਮੂਹ ਹੈ ਜਿਸ ਦੀਆਂ ਮਰਿਆਦਾਵਾਂ ਅਲੱਗ ਹੋਣ ਪਰ ਕਿਸੇ ਧਰਮ ਦੀ ਅਧੀਨਗੀ ਬਣੀ ਰਹੇਗੀ। ਇਸ ਕੇਸ ਵਿੱਚ ਸਿੱਖਾਂ ਨੂੰ ਕੁਲਟਸ ਸ਼ਬਦ ਤਹਿਤ ਹਿੰਦੂ ਧਰਮ ਦਾ ਹਿੱਸਾ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ।

ਕਲਟਸ ਲਾਤੀਨੀ ਭਾਸ਼ਾ Cultus ਤੋਂ ਆਇਆ ਹੈ। ਜਿਸ ਦਾ ਅਰਥ 'ਪੈਦਾ' ਕਰਨਾ ਜਾਂ ਸਭਿਆਚਾਰ ਹੈ ਅਤੇ ਵਿਸਥਾਰ ਨਾਲ ਇਕ ਰਾਹ, ਪੰਧ, ਪੰਥ ਬਣਾਉਣਾ ਹੈ। ਜਿਸ ਨੇ ਨੈਤਿਕ ਅਤੇ ਪਦਾਰਥਕ ਲਾਭ ਜਿਵੇਂ ਦੌਲਤ, ਸ਼ਾਂਤੀ, ਖੁਸ਼ਹਾਲੀ, ਸਿਹਤ, ਮੁਕਤੀ ਆਦਿ ਲਈ ਧਰਮ, ਸੰਪਰਦਾਵਾਂ ਦੇ ਵਾਧੇ ਲਈ ਅਭਿਆਸ ਕਰਨਾ ਹੈ।

ਇਕ ਹੋਰ ਵਿਆਖਿਆ ਹੇਠ ਕਲਟਸ (ਪੰਥ) ਇਕ ਸਮੂਹ ਦੁਆਰਾ ਇਤਿਹਾਸਕ ਜਾਂ ਮਿਥਿਹਾਸਕ, ਜੀਵਨ, ਨਿਰਜੀਵ ਜਾਂ ਵਰਤਾਰੇ ਨੂੰ ਪੇਸ਼ ਕੀਤੀ ਗਈ ਇਕ ਸ਼ਰਧਾ ਜਾਂ ਪਾਠ ਪੂਜਾ ਦੇ ਅਭਿਆਸ ਦਾ ਸਮੂਹ ਹੈ। ਜਿਸ ਨੇ ਉਤਮਤਾ ਜਾਂ ਪਵਿੱਤਰਤਾ ਦੇ ਪਹਿਲੂ ਦੀ ਪਹਿਚਾਣ ਕਰਨਾ ਹੈ। ਜਿਸ ਵਿੱਚ ਵਿਸ਼ੇਸ਼ ਅਤੇ ਬੇਮਸਾਲੀ ਗੁਣ ਹੋਣ। ਇਹ ਕਿਸੇ ਧਰਮ ਦੇ ਇਕ ਤੱਤ ਵਿੱਚੋਂ ਹੈ। ਜਿਸ ਨੂੰ ਨੈਤਿਕ ਅਤੇ ਸਮਾਜਿਕ ਕਦਰਾਂ ਕੀਮਤਾਂ ਤੇ ਲਾਗੂ ਕੀਤਾ ਜਾ ਸਕਦਾ ਹੈ। ਇਸਾਈ ਧਰਮ ਦੇ ਪਰੋਟੈਸਟਨਟਿਜਮ ਮੱਤ ਵਿੱਚ ਵੀ 'ਕਲਟਸ' ਸ਼ਬਦ ਨੂੰ ਧਾਰਮਿਕ, ਸਮਾਜਿਕ, ਜਨਤਕ, ਪ੍ਰੀਵਾਰਕ ਤੌਰ ਤੇ ਵੱਡੀ ਪੱਧਰ ਉਪਰ ਵਰਤਿਆ ਗਿਆ ਹੈ। ਯੂਰਪ ਵਿੱਚ ਗੁਰਦੁਆਰਿਆਂ, ਮਸਜਿਦਾਂ, ਚਰਚਾਂ, ਮੰਦਰਾਂ, ਮੱਠ ਆਦਿ ਥਾਵਾਂ, ਸੰਸਥਾਵਾਂ, ਕਮੇਟੀਆਂ ਨੂੰ ਇਸੇ ਤਹਿਤ ਹੀ ਦਰਜ ਹੋਣਾ ਪਵੇਗਾ ਜਾਂ ਕੀਤਾ ਜਾਂਦਾ ਹੈ।

'ਕਲਟਸ' ਸ਼ਬਦ ਨੂੰ ਸੰਸਕ੍ਰਿਤ ਭਾਸ਼ਾ ਦੇ 'ਪੰਥ ਸ਼ਬਦ ਦੇ ਅਰਥਾਂ ਨਾਲ ਵਿਸਥਾਰਿਤ ਹੈ। ਸਨਾਤਨ ਧਰਮ ਵਿੱਚ ਪੰਥ ਸ਼ਬਦ ਦੀ ਵਰਤੋਂ ਹੁੰਦੀ ਰਹੀ ਹੈ। ਸਿੱਖ ਧਰਮ ਵਿੱਚ ਪੰਥ ਸ਼ਬਦ ਕੌਮ ਨੂੰ ਪ੍ਰੀਭਾਸ਼ਿਤ ਕਰਦਾ ਹੈ। ਇਸ ਦੀ ਵਰਤੋਂ ਸਿੱਖਾਂ ਵਿੱਚ ਵਧੇਰੇ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਤੋਂ ਬਾਅਦ 'ਨਾਨਕ ਪੰਥੀਆਂ' ਵਜੋਂ ਵੱਧ ਪ੍ਰਚੱਲਤ ਹੋਇਆ।

'ਇਕ ਉਤਮ ਪੰਥੁ ਸੁਨਾਉਣ ਗੁਰ ਸੰਗਤਿ, ਤਹਿ ਮਿਲੰਤ ਜਮ ਤ੍ਰਾਸ ਮਿਟਾਈ।।'

ਭਾਈ ਗੁਰਦਾਸ ਜੀ ਅਨੁਸਾਰ,

'ਮਾਰਿਆ ਸਿਕਾ ਜਗਤਿ ਵਿਚਿ, ਨਾਨਕ ਨਿਰਮਲ ਪੰਥ ਚਲਾਇਆ।।'

ਇਸੇ ਤਰ੍ਹਾਂ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਨੂੰ 'ਖਾਲਸਾ ਸ਼ਬਦ ਦੇ ਰੂਪ ਵਿੱਚ ਨਿਖੜਵੇਂ ਅਤੇ ਉਤਮ ਰੂਪ ਵਿੱਚ ਪੇਸ਼ ਕੀਤਾ। ਗੁਰੂ ਜੀ ਨੇ 1699 ਦੀ ਵਿਸਾਖੀ ਨੂੰ 'ਖਾਲਸਾ ਪੰਥ' ਦੀ ਸਥਾਪਨਾ ਵਿਲੱਖਣ ਅਤੇ ਨਵੀਨਤਮ ਧਰਮ ਵਿੱਚ ਕੀਤੀ। ਅੰਮ੍ਰਿਤ ਸੰਚਾਰ ਦੁਆਰਾ ਸੰਗਤਾਂ ਨੂੰ' ਖਾਲਸਾ ਨਾਲ ਸੰਬੋਧਨ ਕੀਤਾ।

'ਸੰਗਤਿ ਕੀਨੀ ਖਾਲਸਾ, ਮਨਮੁਖੀ ਦੁਹੇਲਾ।।'

ਜੋ ਕਿਸੇ ਵੀ ਧਰਮ ਦੀ ਸੰਪਰਦਾ ਨਾ ਹੋ ਕੇ, ਕਿਸੇ ਧਰਮ ਦਾ ਹਿੱਸਾ ਨਾ ਹੋ ਕੇ, ਬਿਨਾਂ ਕਿਸੇ ਧਰਮ ਦੇ ਵਿਰੋਧ ਜਾ ਪੱਖ ਤੋਂ ਉਪਰ ਉੱਠ ਕੇ ਆਪਣੀ ਗੁਰਬਾਣੀ ਫਲਸਫੇ, ਧਾਰਮਿਕ ਪਰੰਪਰਾਵਾਂ ਵਿੱਚ ਦੁਨੀਆਂ ਦਾ ਪੰਜਵਾਂ ਧਰਮ ਹੈ।

ਸੁਪਰੀਮ ਕੋਰਟ ਦੇ ਫੈਸਲੇ ਦੇ ਆਏ ਇਸ ਫੈਸਲੇ ਨੂੰ ਉਨੀ ਸੌ ਚੁਰਾਸੀ ਦੀ ਸਿੱਖ ਨਸ਼ਲਕੁਸ਼ੀ ਕੇਸਾਂ ਦੀ ਪੈਰਵਾਈ ਕਰਦੇ ਉਘੇ ਵਕੀਲ ਸ. ਹਰਵਿੰਦਰ ਸਿੰਘ ਫੂਲਕਾ ਨੇ ਉਭਾਰਿਆ ਹੈ ਅਤੇ ਚਰਚਾ ਕਰਦਿਆਂ ਇਸ ਨੂੰ ਸਿੱਖਾਂ ਵਲੋਂ ਗੰਭੀਰਤਾ ਨਾਲ ਲੈਣ ਦੀ ਵਕਾਲਤ ਕੀਤੀ ਹੈ। ਜਿਸ ਨਾਲ ਸਿੱਖ ਧਰਮ ਦੀ ਪ੍ਰੀਭਾਸ਼ਾ ਨੂੰ ਸਪੱਸ਼ਟਤਾ ਮਿਲ ਸਕੇ।

ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਾ ਕਰਵਾ ਕੇ ਕੇਂਦਰ ਸਰਕਾਰ ਆਪਣੇ ਮਨੋਰਥ ਨੂੰ ਅਸਲੀ ਜਾਮੇ ਵਿੱਚ ਲਿਆਉਣ ਲਈ ਆਖਰੀ ਹਮਲੇ ਦੀ ਤਿਆਰੀ ਵਿੱਚ ਹੈ। ਪੰਜਾਬੀ ਦੀ ਕਹਾਵਤ ਹੈ 'ਹੱਥਾਂ ਨਾਲ ਦਿੱਤੀਆਂ, ਮੂੰਹ ਨਾ ਖੋਲਣੀਆਂ ਪੈਂਦੀਆਂ ਹਨ। ਭਾਜਪਾ ਨੇ ਨੰਹੁ ਮਾਸ ਦੇ ਰਿਸ਼ਤੇ ਨੂੰ ਵਿਸ਼ਵਾਸ ਘਾਤ ਕਰਕੇ ਅਕਾਲੀ ਦਲ ਬਾਦਲ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਹੁਣ ਭਾਜਪਾ ਵਿਧਾਨ ਸਭਾ ਚੋਣਾਂ ਅਤੇ ਸ਼ੋਮਣੀ ਕਮੇਟੀ ਦੀਆਂ ਚੋਣਾਂ ਨੂੰ ਆਪਣੇ ਪਾਸੇ ਕਰਨ ਲਈ ਵੱਡੀ ਰਣਨੀਤੀ ਤੇ ਕੇਂਦਰਤ ਹੈ। ਇਸ ਨਾਲ ਬਾਦਲ ਪਰਿਵਾਰ ਭੈਅ ਵਿੱਚ ਹੈ। ਜਿਸ ਕਰਕੇ ਬਾਦਲ ਪਰਿਵਾਰ ਜੀਭ ਨੂੰ ਦੰਦਾਂ ਹੇਠ ਦੱਬੀ ਬੈਠਾ ਹੈ ਕੋਈ ਵੀ ਸਿੱਖਾਂ ਦੇ ਹੱਕਾਂ ਦੀ ਗੱਲ ਕਰਨੀ ਗਵਾਰਾ ਨਹੀਂ ਸਮਝਦਾ। ਸੋ ਇਸ ਸੰਵਿਧਾਨਿਕ ਫੈਸਲੇ 'ਤੇ ਨੁਮਾਇੰਦਾ ਜਮਾਤ ਦਾ ਬਿਆਨ ਜਾਂ ਇਤਰਾਜ਼ ਨਾ ਆਉਣਾ ਆਪਣੇ ਆਪ ਵਿੱਚ ਫੈਸਲੇ ਨੂੰ ਅਪਣਾਉਣ ਬਰਾਬਰ ਹੈ। ਸ਼ੋਮਣੀ ਕਮੇਟੀ, ਚੋਣਾਂ ਨਾ ਹੋਣ ਕਰਕੇ ਸੰਵਿਧਾਨਿਕ ਤਾਕਤ ਤੋਂ ਸੱਖਣੀ ਹੈ। ਕੋਈ ਵੀ ਕਾਰਵਾਈ ਜਾਂ ਫੈਸਲੇ ਲੈਣ ਦੇ ਹੱਕ ਨਹੀਂ ਰੱਖਦੀ। ਜਥੇਦਾਰਾਂ ਵਲੋਂ ਕੋਈ ਨੋਟਿਸ ਜਾਂ ਬਿਆਨ ਨਹੀਂ ਆਇਆ ਜਿਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀਆਂ ਕਾਰਵਾਈਆਂ ਰੁਕਣ। ਇਸ ਤਰ੍ਹਾਂ ਸਿੱਖਾਂ ਵਲੋਂ ਚੁੱਪ ਧਰਮ ਦੀ ਹੋਂਦ, ਬੁਨਿਆਦ ਲਈ ਘਾਤਕ ਸਿੱਧ ਹੋ ਸਕਦੀ ਹੈ। ਖਾਲਸਾ ਪੰਥ ਦੀ ਰਾਏ ਨਾਲ ਪੱਕੇ ਤੌਰ 'ਤੇ ਵਿਦਵਾਨਾਂ, ਬੁੱਧੀਜੀਵੀਆਂ ਦਾ ਬੋਰਡ ਬਣਨਾ ਚਾਹੀਦਾ ਹੈ ਜੋ ਧਾਰਮਿਕ ਅਤੇ ਇਤਿਹਾਸਕ ਪੱਖੋਂ ਢੁਕਵੇਂ ਅਤੇ ਸਮੇਂ ਤੇ ਫੈਸਲੇ ਲੈਣ ਲਈ ਅਜ਼ਾਦ ਹੋਵੇ।

**ਸ. ਦਲਵਿੰਦਰ ਸਿੰਘ ਘੁੰਮਣ**
0033630073111

## ਨਾਗਾਲੈਂਡ : ਨਾ ਕਸ਼ਮੀਰ ਵਾਲਾ ਫਾਰਮੂਲਾ ਚਲਦਾ ਨਾ ਕੋਈ 'ਲੌਂਗੋਵਾਲ' ਮਿਲਦਾ !

ਕਸ਼ਮੀਰ ਲਈ ਵਿਸ਼ੇਸ਼ ਦਰਜੇ ਵਾਲੀ ਧਾਰਾ 370 ਤੋੜਨ ਦੇ ਦਿਨੀਂ ਭਾਰਤ ਸਰਕਾਰ ਨੇ ਨਾਗਾਲੈਂਡ ਦੇ ਗਵਰਨਰ ਆਰ. ਐਨ. ਰਵੀ ਨੂੰ ਹੁਕਮ ਦਿਤਾ ਕਿ ਉਹ ਨਾਗਾ ਸੰਗਠਨ -- ਨੈਸ਼ਨਲ ਸੋਸ਼ਲਿਸਟ ਕੌਂਸਲ ਆਫ ਨਾਗਾਲਿਮ -- ਨਾਲ ਚਲਦੀ ਗਲਬਾਤ 31 ਅਕਤੂਬਰ 2019 ਤਕ ਸਮਾਪਤ ਕਰੇ । ਇਹ ਗਲਬਾਤ ਪਿਛਲੇ ਕਈ ਸਾਲਾਂ ਤੋਂ ਚਲਦੀ ਆ ਰਹੀ ਹੈ । ਸਰਕਾਰ ਨੇ ਕਿਹਾ ਜੇ ਗਲ ਕਿਸੇ ਤਣ ਪੱਤਣ ਨਹੀਂ ਲਗਦੀ ਤਾਂ ਅਸੀਂ ਈਸਟਰਨ ਕਮਾਂਡ ਨੂੰ ਹਰਕਤ ਵਿਚ ਲਿਆਈਏ । ਅਕਤੂਬਰ ਵਿਚ ਗਲਬਾਤ ਦੇ ਪੰਜ ਗੇੜ ਚਲੇ, ਆਖਰੀ ਵਾਰਤਾ 31 ਅਕਤੂਬਰ ਨੂੰ ਹੋਈ । ਗਵਰਨਰ ਰਵੀ ਨੇ ਦਾਅਵਾ ਕੀਤਾ ਕਿ ਗਲ ਨਿਬੜ ਗਈ ਹੈ ਪਰ ਸਚਾਈ ਇਹ ਉਭਰੀ ਕਿ ਨਾਗੇ ਆਪਣੇ ਇਸ ਪੈਂਤੜੇ ਤੇ ਡਟੇ ਹੋਏ ਹਨ ਕਿ ਉਹਨਾਂ ਨੂੰ ਨਾ ਇੰਡੀਅਨ ਰਿਪਬਲਕ ਦਾ ਝੰਡਾ ਮਨਜ਼ੂਰ ਹੈ ਅਤੇ ਨਾ ਹੀ ਇਸ ਦਾ ਵਿਧਾਨ। ਨਾਗਿਆਂ ਨੇ ਅਪਣਾ ਵਿਧਾਨ ਵੀ ਬਣਾ ਰਖਿਆ ਹੈ । ਭਾਰਤ ਨੇ 1960 ਤੋਂ ਨਾਗਾਲੈਂਡ ਲਈ ਭਾਰਤੀ ਵਿਧਾਨ ਦੀ ਧਾਰਾ 371 (1) ਰਾਹੀਂ ਉਸ ਖੇਤਰ ਨੂੰ ਵਿਸ਼ੇਸ਼ ਦਰਜਾ ਦੇ ਰਖਿਆ ਹੈ ਪਰ ਉਹ ਇਸ ਧਾਰਾ ਨੂੰ ਕੋਈ ਮਹਤਵ ਨਹੀਂ ਦਿੰਦੇ □ ਉਹ ਕਹਿੰਦੇ ਅਸੀਂ ਅਪਣੇ ਇਲਾਕੇ ਦੇ ਪਾਤਸ਼ਾਰ ਹਾਂ, ਇਸ ਤੋਂ ਘਟ ਕੋਈ ਸਮਝੌਤਾ ਮਨਜ਼ੂਰ ਨਹੀਂ । ਉਹ ਸਗੋਂ ਮਹਾਂ-ਨਾਗਲੈਂਡ ਲਈ ਸੰਘਰਸ਼ਸ਼ੀਲ ਹਨ ਜਿਸ ਵਿਚ ਨਾਗਾਲੈਂਡ ਤੋਂ ਇਲਾਵਾ ਬਰਮਾ ਦਾ ਕੁਛ ਇਲਾਕਾ ਵੀ ਸ਼ਾਮਲ ਕਰਨਾ ਚਾਹੁੰਦੇ ਹਨ । ਸੁਣਨ ਵਿਚ ਆ ਰਿਹਾ ਕਿ ਹਿੰਦੁਸਤਾਨ ਨਾਗਿਆਂ ਲਈ ਆਟੋਨੋਮੀ ਦਾ ਪਰਬੰਧ ਕਰਨ ਨੂੰ ਤਿਆਰ ਹੈ ਜਿਸ ਅਧੀਨ ਉਹ ਅਪਣੀ ਪਰੰਪਰਾ ਅਨੁਸਾਰ ਮੁਕਾਮੀ ਮਾਮਲੇ ਨਿਪਟਾਉਂਦੇ ਰਹਿਣ ਪਰ ਹੋਰਨਾਂ ਮਾਮਲਿਆਂ ਵਿਚ ਉਹਨਾਂ ਉਪਰ ਭਾਰਤੀ ਕਾਨੂੰਨ ਲਾਗੂ ਹੋਣ। ਦੂਜੀ ਧਿਰ ਅਪਣਾ ਪਾਤਸ਼ਾਹੀ ਝੰਡਾ ਅਤੇ ਅਪਣਾ ਵਿਧਾਨ ਚਾਹੁੰਦੀ ਹੈ। ਦਸਦੇ ਹਨ ਕਿ 31 ਅਕਤੂਬਰ ਤੋਂ ਬਾਅਦ ਡੈਡਲਾਕ ਚਲ ਰਿਹਾ ਹੈ । ਉਸ ਦਿਨ ਨਾਗਿਆਂ ਦੇ 5000 ਹਥਿਆਰਬੰਦ ਗ਼ੁਰੀਲੇ ਚੁਪ ਚਾਪ ਪਹਾੜੀ ਜੰਗਲੀ ਇਲਾਕਿਆਂ ਵਲ ਖਿਸਕ ਗਏ । ਅੰਤਮ ਤੌਰ ਤੇ ਗਲ ਕਿਥੇ ਖੜੀ ਹੈ, ਇਹ ਅਜੇ ਇਕ ਬੁਝਾਰਤ ਬਣੀ ਹੋਈ ਹੈ । ਲਗਦਾ ਭਾਰਤ ਸਰਕਾਰ ਨਾਗਿਆਂ ਦੇ ਇਕ ਹੋਰ ਗਰੁਪ ਨਾਲ ਵੀ ਗਲਬਾਤ ਚਲਾ ਰਹੀ ਹੈ । ਵੇਖੋ, ਕੀ ਬੰਣਦਾ !

**-ਸੁਖਦੇਵ ਸਿਘ ਸੀਨੀਅਰ ਪੱਤਰਕਾਰ**

## ਦਲਿਤਾਂ ਤੇ ਗਰੀਬਾਂ ਨੂੰ ਸਿਖੀ ਨਾਲ ਜੋੜਣ ਦੀ ਲੋੜ

ਪਿੰਡਾਂ ਵਿੱਚ ਦੇ ਦਲਿਤ ਭਾਈਚਾਰੇ ਦੇ ਲੋਕਾਂ ਦੀ ਮਦਦ ਨਹੀਂ ਕੀਤੀ ਜਾਂਦੀ। ਦਸਵੰਧ ਦੀ ਰਕਮ ਸ਼ਮਸ਼ਾਨਘਾਟ ਤੋਂ ਲਾ ਕੇ ਪਿੰਡ ਦੇ ਗੇਟ, ਗੁਰਦੁਆਰਿਆਂ ਤੀਕ ਸਿਮਟ ਗਈ, ਮਾਲਵਾ ਜਾਤਪਾਤ ਦੀ ਨਫਰਤ ਦਾ ਗੜ੍ਹ ਬਣ ਚੁੱਕਾ ਹੈ। ਦਲਿਤ ਭਾਈਚਾਰੇ ਦੇ ਲੋਕਾਂ ਨੂੰ ਬਾਣੀਆਂ ਤੇ ਬ੍ਰਾਹਮਣਾਂ ਨੇ ਪਿੱਛੇ ਲਗਾ ਲਿਆ। ਸਿਰਸਾ ਵਾਲੇ ਅਤੇ ਹੋਰ ਡੇਰਿਆਂ ਵੱਲ ਖਿੱਚੇ ਗਏ। ਜਦੋਂ ਕੋਈ ਡੇਰੇ ਵਾਲਾ ਗੁਰੂ ਸਾਹਿਬਾਂ ਦੇ ਫਲਸਫੇ ਉਹਨਾਂ ਦੇ ਮਹਾਨ ਵਿਅਕਤੀਤਵ ਉੱਤੇ ਉਂਗਲ ਧਰ ਦਿੰਦਾ ਹੈ, ਫਿਰ ਸਿੱਖ ਡੇਰਿਆਂ ਵਾਲੇ ਅਖੌਤੀ ਸੰਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੋ ਲੈ ਕੇ ਅਖੌਤੀ ਪੰਥਕ ਦਲ ਫਰਮਾਨ ਕਰ ਦਿੰਦੇ ਹਨ ਕਿ ਉਹਨਾਂ ਦਾ ਬਾਈਕਾਟ ਕਰਕੇ 'ਸਤਸੰਗ' ਰੋਕ ਦਿੱਤੇ ਜਾਣ। ਦਲਿਤਾ ਉੱਤੇ ਹੀ ਫਿਰ ਸਾਧਨ ਸਪੰਨ ਲੋਕ ਵਰ ਜਾਂਦੇ ਹਨ। ਫਿਰ ਇਹ ਲੋਕ ਸਿੱਖ ਪੇਂਡੂ ਭਾਈਚਾਰੇ ਤੋ ਹੋਰ ਵਿੱਥ ਬਣਾ ਲੈਂਦੇ ਹਨ। ਡੇਰੇ ਦੇ ਇੰਨੇ ਵੱਡੇ ਸ਼ਰਧਾਲੂ ਬਣਾਉਣ ਵਿੱਚ ਪੇਂਡੂ ਸਿੱਖ ਬ੍ਰਾਹਮਣਵਾਦੀਆਂ ਦਾ ਵੱਡਾ ਯੋਗਦਾਨ ਹੈ। ਕਦੇ ਇਸੇ ਭਾਈਚਾਰੇ ਦੇ ਲੋਕ ਮੇਰੇ ਸੱਚੇ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨਾਲ ਕਿਲਾ ਆਨੰਦਪੁਰ ਤੋਂ ਨਿਕਲ ਕੇ ਸਿਰਸਾ, ਚਮਕੌਰ ਸਾਹਿਬ ਅਤੇ ਸਰਹੰਦ ਦੀ ਫਤਹਿ ਤੱਕ ਸਿੱਖੀ ਲਈ ਲੜੇ,ਤੇ ਹੁਣ ਸਮਾਂ ਇਹ ਬਣ ਚੁੱਕਾ ਹੈ ਕਿ ਸਿੱਖ ਬ੍ਰਾਹਮਣਵਾਦ ਤੋਂ ਦੁਖੀ ਹੋ ਕੇ ਇਹੋ ਸਮਾਜ ਸਿਰਸਾ, ਬਿਆਸ,ਦਿੱਲੀ ਅਤੇ ਹਿੰਦੂ ਤੀਰਥਾਂ ਦੇਵੀਆਂ ਦੇ ਕਾਵੜੀਏ ਬਣਨਾ ਪਸੰਦ ਕਰਦੇ ਹਨ, ਪਰ ਸਿੱਖੀ ਵੱਲ ਨੂੰ ਮੂੰਹ ਨਹੀਂ ਕਰਦੇ। ਉਹ ਸਿਰਸਾ ਵਾਲੇ ਦੀ ਗ੍ਰਿਫਤਾਰੀ ਉੱਤੇ ਲੱਖਾਂ ਵਿੱਚ ਇਕੱਠੇ ਹੋ ਕੇ ਆਰ ਐੱਸ ਐੱਸ ਦੇ ਡੇਰਾਵਾਦੀ ਅਖੌਤੀ ਸੰਤ ਲਈ ਗੋਲੀਆਂ ਖਾ ਕੇ ਕੁਰਬਾਨ ਹੋਣ ਤੀਕ ਚਲੇ ਗਏ ਹਨ। ਇਹ ਪੰਜਾਬ ਦੇ ਪਿੰਡਾਂ ਦੇ ਸਾਧਨ ਸੰਪੰਨ ਲੋਕਾਂ ਦੇ ਅਮਾਨਵੀ ਵਰਤਾਰੇ ਕਰਕੇ ਹੀ ਹੋ ਰਿਹਾ ਹੈ। ਉਹ ਗੁਰੂ ਘਰਾਂ ਲਈ ਦਸਵੰਧ ਤਾਂ ਕੱਢਦੇ ਹਨ, ਪਰ ਜੇਕਰ ਕੋਈ ਗਰੀਬ ਨਰੇਗਾ ਵਿੱਚ ਮਜ਼ਦੂਰੀ ਕਰਦਾ ਹੈ ਉਸ ਨੂੰ ਜਰਿਆ ਨਹੀਂ ਜਾ ਰਿਹਾ। ਇਹੋ ਭਾਈਚਾਰੇ ਦੇ ਲੋਕ ਗੁਰੂ ਸਾਹਿਬ ਦੇ ਨਾਲ ਹਿੰਦੂ ਰਾਜਿਆਂ ਖਿਲਾਫ ਲੜ ਕੇ ਸ਼ਹੀਦ ਹੁੰਦੇ ਰਹੇ ਹਨ। ਤੇ ਇਸ ਗੱਲ ਦਾ ਅਤਿ ਅਫਸੋਸ ਹੈ ਕਿ ਇਹੋ ਲੋਕ ਪੰਚਕੂਲਾ ਦੀ ਧਰਤੀ ਉੱਤੇ ਗੁਰੂ ਸਾਹਿਬ ਦੇ ਫਲਸਫੇ ਵਿਰੁੱਧ ਕੰਮ ਕਰਦੇ ਰਾਮ ਰਹੀਮ ਲਈ ਗੋਲੀਆਂ ਖਾ ਰਹੇ ਹਨ।

ਇਸ ਵਰਤਾਰੇ ਦੇ ਬੀਜ ਸ਼ਹਿਰਾਂ ਵਿੱਚ ਸਿੱਖ ਵਪਾਰੀ ਕਲਾਸ ਅਤੇ ਪਿੰਡਾਂ ਵਿੱਚ ਜਮੀਨਾਂ ਜਾਇਦਾਦਾਂ ਵਾਲੇ ਲੋਕ ਬੀਜ ਰਹੇ ਹਨ। ਗੁਰੂ ਘਰ ਉਸਾਰ ਦੇਣ ਨਾਲੋਂ ਵੱਡਾ ਕੰਮ ਸਿੱਖੀ ਉਸਾਰਨਾ ਹੈ। ਪਹਿਰਾਵੇ ਦੀ ਸਿੱਖੀ ਬਹੁਤ ਹੈ,ਦੁਮਾਲੇ ਸਜਾ ਲੈਣਾ ਇੱਕ ਪਹਿਲੂ ਹੈ,ਇਸ ਦੁਮਾਲੇ ਦੇ ਥੱਲੇ ਸਿੱਖੀ ਦਾ ਮਹਿਲ ਉਸਾਰ ਲੈਣਾ ਦੂਜੀ ਗੱਲ...ਸਿੱਖੀ ਤੋਂ ਬੇਦਾਵਾ ਦੇਣ ਵਾਲਿਆਂ ਸਿੱਖ ਪਹਿਚਾਣ ਵਾਲੇ ਬ੍ਰਾਹਮਣਵਾਦੀ ਨੇ ਜਦੋਂ ਮੰਨ ਲਿਆ ਕਿ ਅਸੀਂ ਗੁਰੂ ਦੇ ਸਿੱਖ ਬਣਨ ਵਿੱਚ ਮਾਣ ਮਹਿਸੂਸ ਕਰਦੇ ਹਾਂ, ਉਦੋਂ ਸਿੱਖੀ ਤੋਂ ਕੋਈ ਮੂੰਹ ਮੋੜ ਕੇ ਕ੍ਰਿਸਚੀਅਨ ਨਹੀ ਬਣੇਗਾ ਤੇ ਨਾ ਹੀ ਸਿਰਸਾ ਵਾਲੇ ਲਈ ਗੋਲੀ ਖਾਣ ਜਾਵੇਗਾ। ਚਿੰਤਕਾਂ ਨੂੰ ਚਿੰਤਾ ਹੈ,ਪਰ ਵਕਤ ਤਾਂ ਬਹੁਤ ਲੰਘ ਚੁੱਕਾ ਹੈ, ਅਸੀਂ ਪੰਜਾਬ ਦੀ ਧਰਤੀ ਨੂੰ ਕੇਂਦਰ ਬਣਾ ਕੇ ਇਸ ਦੇ ਭਲੇ ਦੀ ਗੱਲ ਕਰੀਏ, ਇਸ ਨੂੰ ਧੁਰਾ ਬਣਾ ਲਈਏ, ਫਿਰ ਕੋਈ ਖਤਰਾ ਨਹੀਂ ।

**-ਹਰਨਾਮ ਸਿੰਘ ਡਾਲਾ**

## ਹੰਸ ਚੁਣੇਗਾ ਦਾਣਾ ਦੁਨਕਾ ਕਊਆ ਮੋਤੀ ਖਾਏਗਾ

ਨਾਗਰਿਕਤਾ ਸੰਸ਼ੋਧਨ ਕਾਨੂੰਨ (ਸੀਏਏ) ਅਤੇ ਐੱਨ ਆਰ ਸੀ ਨੂੰ ਲੈ ਕੇ ਪੂਰੇ ਦੇਸ਼ ਵਿੱਚ ਜੋ ਵਬਾਲ ਮਚਿਆ ਹੈ, ਉਸ ਨੇ 90ਵੇਂ ਦੇ ਦਹਾਕੇ ਵਿੱਚ ਹੋਏ ਮੰਡਲ ਕਮੰਡਲ ਪ੍ਰਦਰਸ਼ਨਾਂ ਦੀ ਯਾਦਾਂ ਤਾਜ਼ਾ ਕਰਵਾ ਦਿੱਤੀਆਂ ਹਨ। ਉਕਤ ਰੋਸ ਪ੍ਰਦਰਸ਼ਨ ਅੱਜ ਦੇਸ਼ ਦੇ ਉੱਤਰ ਦੱਖਣ ਅਤੇ ਪੂਰਬ ਪੱਛਮ ਸਭ ਹਿੱਸਿਆਂ ਵਿੱਚ ਫੈਲ ਗਿਆ ਹੈ। ਇਸਦੀ ਵਿਰੋਧਤਾ ਕਰਨ ਲਈ ਅੱਜ ਪੂਰਾ ਵਿਦਿਆਰਥੀ ਅਤੇ ਸੰਵਿਧਾਨ ਦਾ ਰਾਖਾ ਵਰਗ ਸੜਕਾਂ ਉੱਪਰ ਆ ਗਿਆ ਹੈ। ਪਿਛਲੇ ਦਿਨੀਂ ਦਿੱਲੀ ਪੁਲਸ ਫੋਰਸ ਨੇ ਜੋ ਤਸ਼ੱਦਦ ਜਾਮੀਆ ਮਿਲੀਆ ਇਸਲਾਮੀਆ ਕੈਂਪਸ ਵਿੱਚ ਬਿਨਾਂ ਇਜਾਜ਼ਤ ਘੁਸ ਕੇ ਵਿਦਿਆਰਥੀਆਂ ਉੱਤੇ ਢਾਹਿਆ, ਉਸ ਦੀ ਗੂੰਜ ਅੱਜ ਦੇਸ਼ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਸੁਣਨ ਨੂੰ ਮਿਲ ਰਹੀ ਹੈ। ਇਸ ਤਸ਼ੱਦਦ ਦਾ ਸ਼ਿਕਾਰ ਹੋਏ ਮਾਲੇਰਕੋਟਲਾ ਦੇ ਸਲਾਹੁਦੀਨ ਸਿੱਦੀਕੀ ਨੇ ਜੋ ਹੱਡ ਬੀਤੀ ਸੁਣਾਈ ਉਸ ਨੂੰ ਸੁਣ ਕੇ ਦਿਲ ਦਹਿਲ ਜਾਂਦਾ ਹੈ। ਉਸ ਦੇ ਅਨੁਸਾਰ ਉਸ ਸ਼ਾਮ ਉਹ ਯੂਨੀਵਰਸਿਟੀ ਦੇ ਲਾਇਬ੍ਰੇਰੀ ਹਾਲ ਵਿੱਚ ਸਟੱਡੀ ਕਰ ਰਹੇ ਸਨ ਜਦੋਂ ਪੁਲਸ ਫੋਰਸ ਨੇ ਉਨ੍ਹਾਂ ਉੱਤੇ ਅਚਾਨਕ ਧਾਵਾ ਬੋਲਿਆ ਤੇ ਇੱਕ ਇੱਕ ਵਿਦਿਆਰਥੀ ਨੂੰ ਵੀਹ ਵੀਹ ਪੁਲਸ ਵਾਲਿਆਂ ਨੇ ਮਿਲ ਕੇ ਬੇਕਿਰਕ ਹੋ ਕੇ ਲਾਠੀਆਂ ਨਾਲ ਕੁੱਟਿਆ। ਇਸ ਦੌਰਾਨ ਪੁਲਸ ਨੇ ਜਿੱਥੇ ਬੇਤਹਾਸ਼ਾ ਮਾਰਕੁੱਟ ਕੀਤੀ, ਉੱਥੇ ਹੀ ਉਨ੍ਹਾਂ ਯੂਨੀਵਰਸਿਟੀ ਦੇ ਦਰਵਾਜ਼ੇ ਅਤੇ ਖਿੜਕੀਆਂ ਦੇ ਸ਼ੀਸ਼ੇ ਭੰਨੇ ਤੇ ਅਥਰੂ ਗੈਸ ਦੇ ਗੋਲੇ ਛੱਡੇ। ਮਾਰ ਕੁਟਾਈ ਦੌਰਾਨ ਪੁਲਸ ਨੇ ਵਿਦਿਆਰਥੀਆਂ ਪਾਸੋਂ ਉਨ੍ਹਾਂ ਦੇ ਮੋਬਾਇਲ. ਕੈਸ਼ ਅਤੇ ਹੈਂਡ ਵਾਚਿਜ ਆਦਿ ਤਮਾਮ ਚੀਜ਼ਾਂ ਖੋਹ ਲਈਆਂ। ਉਸਨੇ ਕਿਹਾ ਕਿ ਉਹ ਸਾਡੇ ਲਈ ਅਪਸ਼ਬਦਾਂ ਅਤੇ ਭੱਦੀ ਗਾਲੀਗਲੋਚ ਦੀ ਵਰਤੋਂ ਕਰ ਰਹੇ ਸਨ ਜਿਵੇਂ ਕਿ ਅਸੀਂ ਵਿਦਿਆਰਥੀ ਨਾ ਹੋ ਕੇ ਕੋਈ ਅੱਤਵਾਦੀ ਹੋਈਏ। ਪੁਲਸ ਦੇ ਇਸ ਕਾਰੇ ਦੀ ਨਿੰਦਾ ਕਰਦਿਆਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਨੇ ਕਿਹਾ ਕਿ ਉਕਤ ਤਸ਼ੱਦਦ ਨੇ ਜਲਿਆਂਵਾਲੇ ਬਾਗ ਦੀ ਯਾਦ ਤਾਜ਼ਾ ਕਰਾ ਦਿੱਤੀ। ਇਸ ਤਸ਼ੱਦਦ ਨੇ ਜਿੱਥੇ ਸਮੁੱਚੇ ਦੇਸ਼ ਦੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਜਾਮੀਆ ਮਿਲੀਆ ਦੇ ਵਿਦਿਆਰਥੀਆਂ ਨਾਲ ਲਿਆ ਕੇ ਖੜ੍ਹਾ ਕੀਤਾ, ਉੱਥੇ ਵਿਦੇਸ਼ਾਂ ਵਿੱਚੋਂ ਅਮਰੀਕਾ ਅਤੇ ਬਰਤਾਨੀਆ ਦੀਆਂ ਕਰੀਬ ਦੋ ਦਰਜਨ ਤੋਂ ਵੱਧ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਵੀ ਇਸ ਉਕਤ ਤਸ਼ੱਦਦ ਦੇ ਖਿਲਾਫ ਵਿਦਿਆਰਥੀਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ। ਰੇਣੁਕਾ ਸ਼ਹਾਨੇ, ਸ਼ਬਾਨਾ ਆਜ਼ਮੀ, ਫਰਹਾਨ ਅਖਤਰ, ਆਯੁਸ਼ਮਾਣ ਖੁਰਾਣਾ, ਪਰਣਿਤੀ ਚੋਪੜਾ, ਦਿਆ ਮਿਰਜ਼ਾ, ਮਨੋਜ ਵਾਜਪਾਈ, ਜਾਵੇਦ ਜਾਫਰੀ, ਤਾਪਸੀ ਪੰਨੂੰ ਆਦਿ ਅਜਿਹੇ ਹੀ ਅਦਾਕਾਰਾਂ ਵਿੱਚੋਂ ਹਨ ਜੋ ਉਕਤ ਤਸ਼ੱਦਦ ਦੇ ਸੰਦਰਭ ਵਿੱਚ ਜਾਮੀਆ ਦੇ ਵਿਦਿਆਰਥੀਆਂ ਦੇ ਹੱਕ ਵਿੱਚ ਆਪਣੀ ਆਵਾਜ਼ ਉਠਾ ਰਹੇ ਹਨ। ਪ੍ਰਸਿੱਧ ਅਦਾਕਾਰਾ ਦਇਆ ਮਿਰਜ਼ਾ ਨੇ ਆਪਣੇ ਇੱਕ ਟਵੀਟ ਵਿੱਚ ਕਿਹਾ ਕਿ ਭਾਰਤ ਦੇ ਵਿਦਿਆਰਥੀਆਂ ਦੇ ਨਾਲ ਖੜ੍ਹੀ ਹਾਂ। ਆਈਡੀਆ ਆਫ ਇੰਡੀਆ ਨੂੰ ਬਚਾਉਣ ਲਈ ਸਾਨੂੰ ਸਭ ਨੂੰ ਇੱਕ ਜੁੱਟ ਹੋਣਾ ਚਾਹੀਦਾ ਹੈ। ਇੱਕ ਹੋਰ ਅਭਿਨੇਤਾ ਮਨੋਜ ਵਾਜਪਾਈ ਨੇ ਲਿਖਿਆ ਹੈ, ਅਜਿਹਾ ਦੌਰ ਹੋ ਸਕਦਾ ਹੈ ਜਦੋਂ ਨਾਇਨਸਾਫ਼ੀ ਨੂੰ ਰੋਕਣ ਲਈ ਸਾਡੇ ਕੋਲ ਸ਼ਕਤੀ ਨਾ ਹੋਵੇ, ਪ੍ਰੰਤੂ ਕਦੇ ਵੀ ਅਜਿਹਾ ਨਹੀਂ ਹੋਣਾ ਚਾਹੀਦਾ ਕਿ ਅਸੀਂ ਵਿਰੋਧ ਤੱਕ ਨਾ ਕਰ ਸਕੀਏ। ਮੈਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਲੋਕਤੰਤਰਿਕ ਅਧਿਕਾਰਾਂ ਦੇ ਨਾਲ ਹਾਂ। ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦੇ ਨਾਲ ਹੋਈ ਹਿੰਸਾ ਦੀ ਮੈਂ ਨਿੰਦਾ ਕਰਦਾ ਹਾਂ।

ਪ੍ਰਸਿੱਧ ਇਲੈਕਸ਼ਨ ਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨੇ ਆਪਣੇ ਟਵੀਟ ਵਿੱਚ ਕਿਹਾ ਹੈ, ਦਿੱਲੀ ਵਿੱਚ ਹੋਈ ਹਿੰਸਾ ਵਿੱਚ ਕਥਿਤ ਤੌਰ ਉੱਤੇ ਸ਼ਾਮਲ ਲੋਕਾਂ ਉੱਤੇ ਦਿੱਲੀ ਪੁਲਿਸ ਕਾਰਵਾਈ ਕਰ ਰਹੀ ਹੈ, ਇਹ ਹੋਣਾ ਵੀ ਚਾਹੀਦਾ ਹੈ। ਪ੍ਰੰਤੂ ਜੋ ਹਿੰਸਾ ਪੁਲਸ ਨੇ ਜਾਮੀਆ ਯੂਨੀਵਰਸਿਟੀ ਦੇ ਕੈਂਪਸ ਅੰਦਰ ਵਿਦਿਆਰਥੀਆਂ ਉੱਤੇ ਕੀਤੀ ਹੈ, ਉਨ੍ਹਾਂ ਉੱਤੇ ਕਾਰਵਾਈ ਕੌਣ ਕਰੇਗਾ ?

ਦੂਜੇ ਪਾਸੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ, ਜਮਹੂਰੀਅਤ ਵਿੱਚ ਲੋਕਾਂ ਨੂੰ ਸਰਕਾਰ ਦੇ ਗਲਤ ਫੈਸਲਿਆਂ ਅਤੇ ਨੀਤੀਆਂ ਵਿਰੁੱਧ ਆਵਾਜ਼ ਚੁੱਕਣ ਦਾ ਅਧਿਕਾਰ ਹੈ। ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਲੋਕਾਂ ਦੀ ਆਵਾਜ਼ ਸੁਣੇ ਪਰ ਭਾਜਪਾ ਸਰਕਾਰ ਲੋਕਾਂ ਦੀ ਆਵਾਜ਼ ਦੀ ਅਣਦੇਖੀ ਕਰ ਰਹੀ ਹੈ ਅਤੇ ਤਾਕਤ ਦੀ ਵਰਤੋਂ ਨਾਲ ਉਸ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਉੱਧਰ ਕਰਨਾਟਕ ਹਾਈ ਕੋਰਟ ਨੇ ਇੱਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਨਾਗਰਿਕਤਾ ਸੰਸ਼ੋਧਨ ਕਾਨੂੰਨ ਦੇ ਖਿਲਾਫ ਹੋਣ ਵਾਲੇ ਪ੍ਰਦਰਸ਼ਨਾਂ ਤੋਂ ਪਹਿਲਾਂ ਸਰਕਾਰ ਦੁਆਰਾ ਬੈਂਗਲੋਰ ਵਿੱਚ ਧਾਰਾ 144 ਲਾਗੂ ਕਰਨ ਦੇ ਫੈਸਲੇ ਉੱਤੇ ਸਖਤ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਚੀਫ ਜਸਟਿਸ ਅਭੈ ਐੱਸ ਓਕਾ ਨੇ ਸਰਕਾਰ ਤੋਂ ਪੁੱਛਿਆ ਹੈ, ਕੀ ਆਪ ਹਰ ਕਿਸੇ ਦੇ ਵਿਰੋਧ 'ਤੇ ਪ੍ਰਤੀਬੰਧ ਲਗਾਉਣ ਜਾ ਰਹੇ ਹੋ ? ਆਪ ਇਸ ਪ੍ਰਕਿਰਿਆ ਦੇ ਕਾਰਨ ਭੂਤਕਾਲ ਵਿੱਚ ਦਿੱਤੀ ਗਈ ਅਨੁਮਤੀ ਨੂੰ ਕਿਵੇਂ ਰੱਦ ਕਰ ਸਕਦੇ ਹੋ ? ਮਾਣਯੋਗ ਜੱਜ ਨੇ ਕਿਹਾ, ਕੀ ਰਾਜ ਇਸ ਅਨੁਮਾਨ ਦੇ ਸਹਾਰੇ ਚਲਦਾ ਹੈ ਕਿ ਹਰ ਵਿਰੋਧ ਪ੍ਰਦਰਸ਼ਨ ਹਿੰਸਕ ਹੋ ਜਾਵੇਗਾ ? ਕੀ ਕੋਈ ਲੇਖਕ ਜਾਂ ਕਲਾਕਾਰ, ਜੇਕਰ ਸਰਕਾਰ ਦੇ ਕਿਸੇ ਵੀ ਨਿਰਣੇ ਤੋਂ ਅਸਹਿਮਤ ਹੈ ਤਾਂ ਸ਼ਾਂਤੀਪੂਰਨ ਵਿਰੋਧ ਨਹੀਂ ਕਰ ਸਕਦਾ ? ਇਸ ਦੌਰਾਨ ਉਕਤ ਖੰਡਪੀਠ ਵਿੱਚ ਸ਼ਾਮਲ ਜਸਟਿਸ ਪ੍ਰਦੀਪ ਸਿੰਘ ਯੂਰੂਰ ਨੇ ਸ਼ਾਂਤੀਪੂਰਨ ਤਰੀਕੇ ਨਾਲ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲਏ ਜਾਣ ਦੇ ਪੁਲਸੀਆ ਫੈਸਲੇ 'ਤੇ ਵੀ ਸਵਾਲ ਖੜ੍ਹੇ ਕੀਤੇ। ਇੱਥੇ ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਪ੍ਰਸਿੱਧ ਇਤਿਹਾਸਕਾਰ ਰਾਮਚੰਦਰ ਗੂਹਾ ਸਮੇਤ ਕਈ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ।

ਕੁਲ ਮਿਲਾ ਕੇ ਉਕਤ ਕਾਨੂੰਨ ਨੂੰ ਲੈ ਕੇ ਦੇਸ਼ ਵਿੱਚ ਜੋ ਧਰਨੇ ਪ੍ਰਦਰਸ਼ਨਾਂ ਦਾ ਦੌਰ ਜਾਰੀ ਹੈ, ਉਹ ਹਾਲ ਦੀ ਘੜੀ ਥੰਮ੍ਹਦਾ ਨਜ਼ਰ ਨਹੀਂ ਆ ਰਿਹਾ। ਸਿਆਸੀ ਮਾਹਿਰਾਂ ਦਾ ਖਿਆਲ ਹੈ ਕਿ ਇਸ ਸਮੇਂ ਦੇਸ਼ ਨੂੰ ਜਿਸ ਤਰ੍ਹਾਂ ਬੇਰੁਜ਼ਗਾਰੀ, ਗਰੀਬੀ, ਮਹਿੰਗਾਈ, ਲਗਾਤਾਰ ਡਿੱਗ ਰਹੀ ਜੀ ਡੀ ਪੀ ਅਤੇ ਔਰਤਾਂ ਵਿੱਚ ਵਧ ਰਹੀ ਅਸੁਰੱਖਿਆ ਜਿਹੀਆਂ ਸਮੱਸਿਆਵਾਂ ਵਿੱਚੋਂ ਦੀ ਗੁਜ਼ਰਨਾ ਪੈ ਰਿਹਾ ਹੈ ਅਜਿਹੇ ਹਾਲਾਤ ਵਿੱਚ ਇਹੋ ਜਿਹਾ ਬੇਲੋੜਾ ਕਾਨੂੰਨ ਪਾਸ ਕਰਾਉਣਾ ਯਕੀਨਨ ਸਰਕਾਰ ਦੀ ਮਨਸ਼ਾ ਤੇ ਕਈ ਸਵਾਲ ਖੜ੍ਹੇ ਕਰਦਾ ਹੈ।

ਭਾਵੇਂ ਸਰਕਾਰ ਨੇ ਇਸ ਕਾਨੂੰਨ ਦੇ ਸੰਦਰਭ ਵਿੱਚ ਲੱਖ ਸਫਾਈ ਦਿੱਤੀ ਹੈ ਕਿ ਭਾਰਤ ਵਿੱਚ ਰਹਿੰਦੇ ਨਾਗਰਿਕਾਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ ਪਰ ਇਸਦੇ ਬਾਵਜੂਦ ਲੋਕਾਂ ਨੂੰ, ਵਿਸ਼ੇਸ਼ ਕਰਕੇ ਮੁਸਲਮਾਨਾਂ ਨੂੰ ਸਰਕਾਰ ਦੀਆਂ ਅਜਿਹੀਆਂ ਯਕੀਨ ਦਹਾਨੀਆਂ ਸਿਰਫ ਅਤੇ ਸਿਰਫ ਤਿਫਲੀ ਤਸੱਲੀਆਂ ਹੀ ਜਾਪਦੀਆਂ ਹਨ ਕਿਉਂਕਿ ਅਸਾਮ ਵਿੱਚ ਜਿਸ ਤਰ੍ਹਾਂ ਕਈ ਦਹਾਕਿਆਂ ਅਤੇ ਸਦੀਆਂ ਤੋਂ ਰਹਿ ਰਹੇ ਲੋਕਾਂ ਨੂੰ ਘਰੋਂ ਬੇਘਰ ਕਰਦਿਆਂ ਡਿਟੈਨਸ਼ਨ ਕੈਂਪਾਂ ਵਿੱਚ ਧਕੇਲਿਆ ਗਿਆ, ਉਹ ਘਟਨਾਵਾਂ ਲੋਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਤੌਖਲੇ ਪੈਦਾ ਕਰਦੀਆਂ ਹਨ। ਅਸੀਂ ਪਿਛਲੇ ਸਾਲਾਂ ਦੌਰਾਨ ਅਸਾਮ ਵਿੱਚ ਹੋਈ ਐੱਨ ਆਰ ਸੀ ਦੇ ਨਤੀਜਿਆਂ ਨੂੰ ਵੇਖਿਆ ਕਿ ਅਜਿਹੇ ਲੋਕਾਂ ਨੂੰ ਵੀ ਨਾਗਰਿਕਤਾ ਰਜਿਸਟਰ ਵਿੱਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ, ਜਿਨ੍ਹਾਂ ਦੀ ਨਾਗਰਿਕਤਾ 'ਤੇ ਕੋਈ ਸ਼ੱਕ ਨਹੀਂ ਸੀ ਕਰ ਸਕਦਾ ਜਿਵੇਂ ਕਿ ਭਾਰਤ ਦੇ ਰਾਸ਼ਟਰਪਤੀ ਫਖਰੂਦੀਨ ਦੇ ਪਰਿਵਾਰ ਦੇ ਕੁਝ ਮੈਂਬਰਾਂ ਅਤੇ ਕਾਰਗਿਲ ਯੁੱਧ ਵਿੱਚ ਆਪਣੀ ਬਹਾਦਰੀ ਦੇ ਜੌਹਰ ਵਿਖਾਉਣ ਵਾਲੇ ਸਨਾ-ਊਲਾਹ ਵਰਗੇ ਰਿਟਾਇਰਡ ਆਰਮੀ ਅਫਸਰ ਤੱਕ ਨੂੰ ਵੀ ਡਿਟੈਨਸ਼ਨ ਕੈਂਪਾਂ ਵਿੱਚ ਭੇਜ ਦਿੱਤਾ ਗਿਆ।ਇਸ ਵਕਤ ਦੇਸ਼ ਵਿੱਚ ਜੋ ਹਾਲਾਤ ਹਨ ਸ਼ਾਇਦ ਇਸੇ ਨੂੰ ਹੀ ਕਲਯੁਗ ਕਿਹਾ ਜਾਂਦਾ ਹੈ ਕਿਉਂਕਿ ਪਿਛਲੇ ਸਮਿਆਂ ਵਿੱਚ ਅਕਸਰ ਰੇਡੀਓ ਤੋਂ ਮੁਹੰਮਦ ਰਫੀ ਦਾ ਇੱਕ ਗੀਤ ਸੁਣਿਆ ਕਰਦੇ ਸਾਂ ਜਿਸਦੇ ਬੋਲ ਅੱਜ ਵੀ ਕੰਨਾਂ ਵਿੱਚ ਗੂੰਜ ਰਹੇ ਹਨ:

ਰਾਮਚੰਦਰ ਕਹਿ ਗਏ ਸੀਆ ਸੇ ਅਜਿਹਾ ਕਲਯੁੱਗ ਆਏਗਾ।
ਹੰਸ ਚੁਣੇਗਾ ਦਾਣਾ ਦੁਨਕਾ ਕਊਆ ਮੋਤੀ ਖਾਏਗਾ।।

**- ਮੁਹੰਮਦ ਅੱਬਾਸ ਧਾਲੀਵਾਲ**

# ਗੈਰ ਕਾਨੂੰਨੀ ਵਿਦੇਸ਼ੀਆਂ ਲਈ ਕਰਨਾਟਕ 'ਚ ਬਣਿਆ ਪਹਿਲਾ ਹਿਰਾਸਤ ਕੇਂਦਰ

## ਗ੍ਰਹਿ ਮੰਤਰੀ ਨੇ ਕਿਹਾ 'ਹਿਰਾਸਤ ਕੇਂਦਰ' ਕਹਿਣਾ ਠੀਕ ਨਹੀਂ

**ਬੰਗਲੌਰ/ਏ.ਟੀ. ਨਿਊਜ਼ :** ਸੋਧੇ ਹੋਏ ਨਾਗਰਿਕਤਾ ਕਾਨੂੰਨ ਵਿਰੁਧ ਦੇਸ਼ਭਰ ਵਿਚ ਚੱਲ ਰਹੇ ਪ੍ਰਦਰਸਨਾਂ ਵਿਚਾਲੇ ਸੋਂਦੇਕੋਪਾ ਪਿੰਡ ਵਿਚ ਕਰਨਾਟਕ ਦਾ ਪਹਿਲਾ ਹਿਰਾਸਤ ਕੇਂਦਰ ਬਣ ਕੇ ਤਿਆਰ ਹੋ ਗਿਆ ਹੈ ਜਿਥੇ ਨਾਜਾਇਜ ਢੰਗ ਨਾਲ ਭਾਰਤ ਆਉਣ ਵਾਲੇ ਅਤੇ ਇਥੇ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਨੂੰ ਰਖਿਆ ਜਾਵੇਗਾ। ਸਮਾਜਕ ਭਲਾਈ ਵਿਭਾਗ ਦੇ ਅਧਿਕਾਰੀ ਨੇ ਦਸਿਆ ਕਿ ਸਰਕਾਰ ਦੇ ਨਿਰਦੇਸ਼ 'ਤੇ ਕਈ ਕਮਰਿਆਂ, ਇਕ ਰਸੋਈ ਅਤੇ ਪਖਾਨਿਆਂ ਵਾਲਾ ਹਿਰਾਸਤ ਕੇਂਦਰ ਤਿਆਰ ਕੀਤਾ ਗਿਆ ਹੈ। ਉਧਰ, ਰਾਜ ਦੇ ਗ੍ਰਹਿ ਮੰਤਰੀ ਬਸਵਰਾਜ ਬੋਮਈ ਨੇ 'ਹਿਰਾਸਤ ਕੇਂਦਰ' ਸਬਦ



'ਤੇ ਇਤਰਾਜ ਪ੍ਰਗਟਾਇਆ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਮਾਪਦੰਡਾਂ ਦੀ ਗੱਲ ਕਰੀਏ ਤਾਂ ਇਹ ਹਿਰਾਸਤ ਕੇਂਦਰ ਨਹੀਂ। ਕਿਸੇ ਨੂੰ ਵੀ ਨਾਗਰਿਕਤਾ ਦੇ ਮੁੱਦੇ 'ਤੇ ਹਿਰਾਸਤ ਵਿਚ ਲੈਣ ਦੀ ਲੋੜ ਨਹੀਂ। ਉਨ੍ਹਾਂ ਸਾਫ ਇਨਕਾਰ ਕੀਤਾ ਕਿ ਇਹ ਕੇਂਦਰ ਚਾਲੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਮਾਜ ਭਲਾਈ ਵਿਭਾਗ ਕੋਲੋਂ ਇਸ ਦੀ ਪੁਸਟੀ ਕਰੋ। ਉਨ੍ਹਾਂ ਕੋਲ ਅਜਿਹੀ ਜਾਣਕਾਰੀ ਨਹੀਂ। ਮੰਤਰੀ ਨੇ ਕਿਹਾ ਕਿ ਇਸ ਕੇਂਦਰ ਨੂੰ ਇਸ ਲਈ ਤਿਆਰ ਕੀਤਾ ਗਿਆ ਹੈ ਤਾਕਿ ਦੇਸ ਵਿਚ ਵੀਜਾ ਮਿਆਦ ਤੋਂ ਜਿਆਦਾ ਵਕਤ ਤੋਂ ਰਹਿ ਰਹੇ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਲ ਅਫਰੀਕੀ ਨਾਗਰਿਕਾਂ ਨੂੰ ਰਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਅਜਿਹੇ ਅਫਰੀਕੀ ਨਾਗਰਿਕਾਂ ਦੇ ਗੈਰਕਾਨੂੰਨੀ ਕੰਮਾਂ ਕਾਰਨ ਦੇਸ਼ ਵਿਚ ਕਾਨੂੰਨ ਵਿਵਸਥਾ ਦੀਆਂ ਮੁਸ਼ਕਲਾਂ ਪੈਦਾ ਹੋ ਰਹੀਆਂ ਹਨ। ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਨਿਰਦੇਸ਼ ਮਿਲਿਆ ਸੀ ਕਿ ਇਕ ਜਨਵਰੀ ਤੋਂ ਪਹਿਲਾਂ ਸੈਂਟਰ ਤਿਆਰ ਕੀਤਾ ਜਾਵੇ। ਹਿਰਾਸਤ ਵਿਚ ਲਏ ਜਾਣ ਵਾਲਿਆਂ ਨੂੰ ਖਾਣਾ, ਰਿਹਾਇਸ ਅਤੇ ਕਪੜੇ ਦਿਤੇ ਜਾਣਗੇ।

# ਸੀਬੀਪੀ ਨੇ ਚੀਨ ਤੋਂ ਨਿਊਯਾਰਕ ਜਾਣ ਵਾਲੇ ਹਜ਼ਾਰਾਂ ਜਾਅਲੀ ਪਛਾਣ ਪੱਤਰ ਜ਼ਬਤ ਕੀਤੇ

**ਵਸ਼ਿਗਟਨ ਡੀ ਸੀ/ਗਿੱਲ :** ਫੈਡਰਲ ਅਫਸਰਾਂ ਨੇ ਹਾਲ ਹੀ ਵਿੱਚ ਯੂਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀਬੀਪੀ) ਦੇ ਅਨੁਸਾਰ, ਕਨੈਟਕੀ ਵਿੱਚ ਨਕਲੀ ਲਾਇਸੈਂਸ ਬਣਾਉਣ ਲਈ ਵਰਤੇ ਗਏ ਲਗਭਗ 3,000 ਜਾਅਲੀ ਡਰਾਈਵਰ ਲਾਇਸੈਸਾਂ ਅਤੇ 3,100 ਤੋਂ ਵੱਧ ਖਾਲੀ ਕਾਰਡ ਸਟਾਕ ਫੜਿਆ ਹੈ। ਆਈਡੀਜ਼ ਚੀਨ ਤੋਂ ਨਿਊਯਾਰਕ ਦੇ ਵੱਖ-ਵੱਖ ਥਾਵਾਂ ਵੱਲ ਜਾ ਰਹੀਆਂ ਸਨ। ਫੈਡਰਲ ਏਜੰਸੀ ਨੇ ਕਿਹਾ ਕਿ ਝੂਠੇ ਡਰਾਈਵਰਾਂ ਦੇ ਲਾਇਸੈਂਸ ਲੁਈਸਵਿਲ, ਦੇ ਇਕ ਐਕਸਪ੍ਰੈਸ ਕੰਸਾਈਨਮੈਂਟ ਆਪ੍ਰੇਸ਼ਨਸ ਜਗਾ ਤੋਂ ਜ਼ਬਤ ਕੀਤੇ ਗਏ ਹਨ। ਇਹ ਲਾਇਸੈਂਸ ਕਈ ਰਾਜਾਂ ਲਈ ਸਨ, ਜਿਨ੍ਹਾਂ ਵਿਚ ਫਲੋਰਿਡਾ, ਮਿਸ਼ੀਗਨ, ਇਲੀਨੋਇਸ, ਮਿਸੂਰੀ, ਨਿਊਜਰਸੀ ਅਤੇ ਓਹੀਓ ਸ਼ਾਮਲ ਹਨ। ਅਧਿਕਾਰੀਆਂ ਨੇ ਦੱਸਿਆ ਕਿ ਲੂਯਿਸਵਿਲ ਵਿੱਚ ਅਧਿਕਾਰੀਆਂ ਨੇ ਗੁਪਤ ਤੌਰ 'ਤੇ ਸੀਬੀਪੀ ਅਧਿਕਾਰੀਆਂ ਨੂੰ ਸੂਚਿਤ ਕੀਤਾ ਕਿਉਂਕਿ ਨਕਲੀ ਸ਼ਨਾਖਤੀ ਕਾਰਡ ਉਨ੍ਹਾਂ ਦੇ ਖੇਤਰ ਵਿੱਚ ਭੇਜੇ ਗਏ ਸਨ, ਨਤੀਜੇ ਵਜੋਂ ਟੇਨਸੀ ਵਿੱਚ 527 ਨਕਲੀ ਡਰਾਈਵਰਾਂ ਦੇ ਲਾਇਸੈਂਸ ਦਿੱਤੇ ਗਏ ਸਨ ਜਿਸ ਦੀ ਜਾਂਚ ਚੱਲ ਰਹੀ ਸੀ। ਸੀਬੀਪੀ ਦੇ ਅਨੁਸਾਰ ਜ਼ਬਤ ਕੀਤੀ ਗਈ ਇਕ ਖੇਪ ਨੂੰ ਨਿਊਯਾਰਕ ਵੱਲ ਲਿਜਾਇਆ ਗਿਆ ਸੀ, ਜਿਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਾਂਚਕਰਤਾਵਾਂ ਨੂੰ ਸ਼ੱਕ ਹੈ ਕਿ ਕਈ ਵਿਅਕਤੀ ਨਾਜਾਇਜ਼ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਨਾਬਾਲਗਾਂ ਨੂੰ ਸ਼ਰਾਬ ਵੇਚਣ ਵਾਲਿਆਂ ਨੂੰ ਜਾਅਲੀ ਆਈਡੀ ਵਰਤਣ ਲਈ ਦਿੰਦੇ ਸੀ।ਜਿਸ ਦੀ ਹੋਮਲੈਂਡ ਸਕਿਓਰਿਟੀ ਜਾਂਚ ਕਰ ਰਹੀ ਹੈ। ਲੂਯਿਸਵਿਲ ਪੋਰਟ ਦੇ ਡਾਇਰੈਕਟਰ, ਥੌਮਸ ਮਾਹਨ ਨੇ ਕਿਹਾ ਕਿ ਨਕਲੀ ਆਈਡੀ ਅਕਸਰ ਡਾਰਕ ਵੈੱਬ ਟ੍ਰਾਂਜੈਕਸ਼ਨਾਂ ਦੁਆਰਾ ਖਰੀਦੀਆਂ ਜਾਂਦੀਆਂ ਹਨ। ਕੁਝ ਪ੍ਰਮੁੱਖ ਚਿੰਤਾਵਾਂ ਦਾ ਕਹਿਣਾ ਹੈ ਕਿ ਇਹ ਧੋਖਾਧੜੀ ਦੀ ਪਛਾਣ ਦਸਤਾਵੇਜ਼ਾਂ ਨਾਲ ਸਬੰਧਤ ਹੈ। ਪਛਾਣ ਚੋਰੀ, ਵਰਕਸਾਈਟ ਲਾਗੂ ਕਰਨਾ, ਬੁਨਿਆਦੀ protection ਢਾਂਚੇ ਦੀ ਸੁਰੱਖਿਆ, ਇਮੀਗ੍ਰੇਸ਼ਨ ਨਾਲ ਜੁੜੇ ਅਪਰਾਧ, ਜਿਵੇਂ ਕਿ ਮਨੁੱਖੀ ਤਸਕਰੀ ਅਤੇ ਮਨੁੱਖੀ ਤਸਕਰੀ ਨਾਲ ਜੁੜਿਆ ਧੋਖਾਧੜੀ, ਅਤੇ ਇਹ ਦਸਤਾਵੇਜ਼ ਉਨ੍ਹਾਂ ਵਿਅਕਤੀਆਂ ਦੁਆਰਾ ਵਰਤੇ ਜਾ ਸਕਦੇ ਹਨ। ਯਾਤਰਾ ਦੀ ਸਕ੍ਰੀਨਿੰਗ ਉਪਾਅ ਦੀ ਪੜਤਾਲ ਤੋਂ ਬਚਣ ਲਈ ਅਤਿਵਾਦੀ ਗਤੀਵਿਧੀ ਨੂੰ ਤਰਜੀਹ ਦੇਣ ਦਾ ਮਨਸੂਬਾ ਲਗਦਾ ਹੈ। ਇਸ ਗੱਲ ਦਾ ਪ੍ਰਗਟਾਵਾ ਮਾਹਨ ਨੇ ਕੀਤਾ ਜੋ ਪੋਰਟ ਡਾਇਰੈਕਟਰ ਹਨ।ਇਸ ਖੇਪ ਨੂੰ ਫੜਨ ਨਾਲ ਕਈ ਕੁਝ ਹੋਰ ਸਾਹਮਣੇ ਆਉਣ ਦੀ ਸੰਭਾਵਨਾ ਹੈ। ਜਿਸ ਕਰਕੇ ਪੂਰੀ ਕਾਰਵਾਈ ਨੂੰ ਜਨਤਕ ਕਰਨ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ। ਕਿਉਂਕਿ ਇਹ ਜਾਅਲੀ ਪਹਿਚਾਣ ਕਾਰਡਾਂ ਦੀ ਖੇਪ ਕਈ ਰਾਜ ਖੋਲ੍ਹੇਗੀ।

**ਮਿਨੀ ਕਹਾਣੀ**

# ਨਵਾਂ ਸਾਲ

ਕੁਲਵੰਤ ਮੂੰਹ ਧੋ ਕੇ ਚਾਹ ਪੀਣ ਮਗਰੋਂ ਆਪਣੀ 8ਵੀਂ ਜਮਾਤੇ ਪੜ੍ਹਦੀ ਬੇਟੀ ਜੀਤੀ ਨੂੰ ਜਗਾਉਣ ਲਗਾ ਕਹਿ ਰਿਹਾ ਸੀ, ਉੱਠ ਪੁੱਤ, ਅੱਜ ਨਵਾਂ ਸਾਲ ਹੈ। ਜੇਕਰ ਅੱਜ ਜਲਦੀ ਉੱਠੋਗੇ ਤਾਂ ਰੋਜ਼ ਜਲਦੀ ਉਠੋਗੇ ਤੇ ਰੋਜ ਜਲਦੀ ਸਕੂਲ ਜਾਓਗੇ। ਜੀਤੀ ਉੱਠ ਕੇ ਤਿਆਰ ਹੋ ਕੇ ਰੋਟੀ ਖਾ ਕੇ ਸਕੂਲ ਚਲੀ ਗਈ। ਸਕੂਲੋਂ ਆ ਕੇ ਉਹ ਆਪਣੇ ਪਾਪਾ ਕੋਲ ਗਈ ਤੇ ਕਹਿਣ ਲੱਗੀ, ਪਾਪਾ ਜੀ, ਕੀ ਤੁਸੀਂ ਵੀ ਸਾਡੇ ਨਾਲ ਬਾਜ਼ਾਰ ਜਾਓਗੇ ਤੇ ਸਾਨੂੰ ਨਵੇਂ ਕੱਪੜੇ, ਬੂਟ, ਬੈਗ ਦੁਆ ਕੇ ਲਿਆਓਗੇ ? ਦੇਖੋ ਨਾ ਪਾਪਾ ਜੀ ਮੇਰਾ ਬੈਗ ਕਿੰਨਾ ਪੁਰਾਣਾ ਹੋ ਗਿਆ ਹੈ। ਕੁਲਵੰਤ ਹੈਰਾਨ ਹੋ ਕੇ ਕਹਿਣ ਲੱਗਾ ਕਿਉਂ ਪੁੱਤ ਅੱਜ ਕੀ ਹੈ ? ਪਾਪਾ ਜੀ ਤੁਸੀ ਹੀ ਤਾਂ ਕਹਿੰਦੇ ਸੀ ਅੱਜ ਨਵਾਂ ਸਾਲ ਹੈ। ਰੀਨਾ ਦੇ ਪਾਪਾ ਵੀ ਓਹਨਾਂ ਨੂੰ ਨਵੇਂ ਕੱਪੜੇ ਦੁਆ ਕੇ ਲਿਆਉਣਗੇ, ਆਪਾਂ ਵੀ ਜਾਵਾਂਗੇ ਹੈ ਨਾ ਪਾਪਾ ? ਜੀਤੀ ਨੇ ਸਵਾਲੀਆ ਨਜ਼ਰਾਂ ਨਾਲ਼ ਆਪਣੇ ਪਾਪਾ ਵੱਲ ਵੇਖਿਆ। ਕੁਲਵੰਤ ਨੇ ਜੀਤੀ ਨੂੰ ਬੁੱਕਲ ਵਿੱਚ ਲੈਂਦਿਆ ਬੜੇ ਪਿਆਰ ਨਾਲ ਸਮਝਾਓਂਦੇ ਕਿਹਾ ਕਿ ਪੁੱਤ ਉਹ ਤਾਂ ਅਮੀਰ ਲੋਕ ਨੇ ਆਪਾਂ ਓਹਨਾਂ ਦਾ ਮੁਕਾਬਲਾ ਨਹੀਂ ਕਰ ਸਕਦੇ ਆਪਣੇ ਤਾਂ ਪੁੱਤ ਰੋਟੀ ਪਕਦੀ ਰਹੇ ਓਹ ਹੀ ਕਾਫੀ ਹੈ। ਤਾਂ ਫਿਰ ਪਾਪਾ ਆਪਣਾ ਕਾਹਦਾ ਨਵਾਂ ਸਾਲ ਹੈ ? ਜਦੋਂ ਆਪਣੇ ਕੱਪੜੇ ਹੀ ਪਾਟੇ ਪੁਰਾਣੇ ਨੇ ? ਜਦੋਂ ਆਪਣੇ ਘਰ ਖਾਣ ਲਈ ਰੋਟੀ ਹੀ ਮੁਸ਼ਕਲ ਪਕਦੀ ਹੈ। ਤਾਂ ਫਿਰ ਪਾਪਾ ਤੁਸੀ ਕਿਉਂ ਕਿਹਾ ਕਿ ਨਵਾਂ ਸਾਲ ਹੈ ? ਤੁਸੀ ਸਾਨੂੰ ਐਨੀ ਜਲਦੀ ਕਿਉਂ ਜਗਾਇਆ ? ਕਿਉਂ ਜਗਾਇਆ ਪਾਪਾ ਬੋਲੋ ਨਾ ਦਸੋ ਹੁਣ ਚੁੱਪ ਕਿਉਂ ਹੋ ? ਜੀਤੀ ਆਪਣੇ ਪਾਪਾ ਨੂੰ ਵਾਰ ਵਾਰ ਸਵਾਲ ਕਰ ਰਹੀ ਸੀ ਪਰ ਕੁਲਵੰਤ ਆਪਣੀ ਛੋਟੀ ਜਿਹੀ ਉਮਰ ਦੀ ਬੱਚੀ ਦੇ ਮੂੰਹੋਂ ਇਹ ਕੁਝ ਸੁਣ ਕੇ ਸੋਚਾਂ ਵਿੱਚ ਡੁੱਬ ਜਾਂਦਾ ਹੈ।

**-ਕਾਂਤਾ ਕੌਰ ਧਰਮਪੁਰਾ**

## ਸੁੱਕੇ-ਮੇਵੇ ਡਾਇਬਟੀਜ਼ ਰੋਗੀਆਂ ਲਈ ਲਾਹੇਵੰਦ

ਡਾਇਬਟੀਜ਼ ਤੋਂ ਰਾਹਤ ਹਾਸਲ ਕਰਨ ਲਈ ਲੋਕ ਜ਼ਿੰਦਗੀ ਭਰ ਸਿਰਫ਼ ਦਵਾਈਆਂ ਦਾ ਸਹਾਰਾ ਲੈਂਦੇ ਹਨ ਪਰ ਇਸ ਰੋਗ



ਤੋਂ ਰਾਹਤ ਪਾਉਣ ਲਈ ਦਵਾਈਆਂ ਦੇ ਨਾਲ ਸਹੀ ਖਾਣ-ਪੀਣ ਤੇ ਕਸਰਤ ਦੀ ਜ਼ਰੂਰਤ ਵੀ ਹੁੰਦੀ ਹੈ। ਤਿੰਨ ਅਜਿਹੇ ਸੁੱਕੇ ਮੇਵੇ (ਡ੍ਰਾਈ ਫਰੂਟਸ) ਹੁੰਦੇ ਹਨ, ਜੋ ਡਾਇਬਟੀਜ਼ ਰੋਗ ਨੂੰ ਕੁਦਰਤੀ ਤੌਰ 'ਤੇ ਘਟਾਉਂਦੇ ਹਨ।

ਅਖਰੋਟ-ਅਖਰੋਟ ਵਿੱਚ ਵਿਟਾਮਿਨ ਈ ਭਰਪੂਰ ਮਾਤਰਾ ਵਿੱਚ ਹੁੰਦਾ ਹੈ ਤੇ ਇਸ ਵਿੱਚ ਕੈਲੋਰੀਜ਼ ਵੀ ਬਹੁਤ ਘੱਟ ਹੁੰਦੀਆਂ ਹਨ। ਅਖਰੋਟ ਟਾਈਪ-2 ਡਾਇਬਟੀਜ਼ ਦੇ ਮਰੀਜ਼ਾਂ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ ਕਿਉਂਕਿ ਇਹ ਕੋਲੈਸਟ੍ਰੌਲ ਨੂੰ ਕਾਬੂ ਕਰਨ ਵਿੱਚ ਵੀ ਮਦਦ ਕਰਦਾ ਹੈ। ਪਿੱਛੇ ਜਿਹੇ ਹੋਏ ਇੱਕ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਅਖਰੋਟ ਖਾਣ ਵਾਲੇ ਬਾਲਗਾਂ ਵਿੱਚ ਇਸ ਨੂੰ ਨਾ ਲੈਣ ਵਾਲਿਆਂ ਦੇ ਮੁਕਾਬਲੇ ਟਾਈਪ-2 ਦੀ ਡਾਇਬਟੀਜ਼ ਹੋਣ ਦਾ ਖ਼ਤਰਾ ਘਟ ਜਾਂਦਾ ਹੈ।

ਬਾਦਾਮ-ਬਾਦਾਮ ਖਾਣ ਨਾਲ ਬਲੱਡ ਸ਼ੂਗਰ ਦਾ ਪੱਧਰ ਇੱਕ ਦਮ ਵਧ ਜਾਣ ਦੀ ਸਮੱਸਿਆ ਕਾਬੂ ਹੇਠ ਆਉਂਦੀ ਹੈ ਤੇ ਇੱਕ ਅਧਿਐਨ ਮੁਤਾਬਕ ਬਾਦਾਮ ਖਾਣ ਨਾਲ ਸਰੀਰ ਵਿੱਚ ਇਨਸੁਲਿਨ ਬਣਨ ਲੱਗਦੀ ਹੈ; ਜਿਸ ਨਾਲ ਬਲੱਡ ਦਾ ਲੈਵਲ ਕੰਟਰੋਲ ਵਿੱਚ ਰਹਿੰਦਾ ਹੈ।

ਕਾਜੂ-ਕਾਜੂ ਇੱਕ ਘੱਟ ਚਿਕਨਾਈ ਵਾਲਾ ਮੇਵਾ ਹੈ, ਜਿਸ ਵਿੱਚ 75 ਫ਼ੀਸਦੀ ਆਲੇਇਕ ਐਸਿਡ ਹੁੰਦਾ ਹੈ। ਜਿਸ ਨੂੰ ਮੋਨੋ ਅਨਸੈਚੂਰੇਟਡ ਫ਼ੈਟ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਵੀ ਬਲੱਡ ਸ਼ੂਗਰ ਨੂੰ ਕੰਟਰੋਲ ਕਰਦਾ ਹੈ।

# ਤਲਾਕ ਦਾ ਵਧ ਰਿਹਾ ਰੁਝਾਨ



ਇੱਕ ਵੇਲਾ ਸੀ ਜਦੋਂ ਤਲਾਕ, ਅਦਾਲਤੀ ਵਖਰੇਵਾਂ ਅਤੇ ਗੁਜ਼ਾਰਾ ਭੱਤਾ ਜਿਹੇ ਸ਼ਬਦ ਪੜ੍ਹੇ-ਲਿਖੇ ਸ਼ਹਿਰੀ ਜੋੜਿਆਂ ਦੇ ਸ਼ਬਦਕੋਸ਼ 'ਚ ਹੀ ਮਿਲਦੇ ਸਨ ਅਤੇ ਇਨ੍ਹਾਂ ਸ਼ਬਦਾਂ ਨੂੰ ਭਾਰਤੀ ਸਮਾਜ ਵਿੱਚ 'ਬੁਰਾਈ' ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਇਸ ਦੇ ਉਲਟ ਅੱਜ ਦੀ ਨੌਜਵਾਨ ਪੀੜ੍ਹੀ ਨੇ ਇਨ੍ਹਾਂ ਸ਼ਬਦਾਂ ਦੇ ਅਰਥ ਹੀ ਬਦਲ ਦਿੱਤੇ ਹਨ। ਇਹ ਸ਼ਬਦ ਇਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ 'ਚ ਸ਼ਾਮਲ ਹੋ ਗਏ ਹਨ, ਜਿਸ ਦਾ ਇਨ੍ਹਾਂ ਨੂੰ ਭੋਰਾ ਵੀ ਪਛਤਾਵਾ ਨਹੀਂ ਹੁੰਦਾ। ਅੱਜ ਸ਼ਹਿਰਾਂ 'ਚ ਔਰਤਾਂ ਤੇ ਮਰਦ ਇਨ੍ਹਾਂ ਸ਼ਬਦਾਂ ਨੂੰ ਕਿਸੇ ਖਿਲਵਾੜ ਵਾਂਗ ਵਰਤਦੇ ਹਨ ਅਤੇ ਬਿਨਾਂ ਕਿਸੇ ਸ਼ਰਮਿੰਦਗੀ, ਦੁੱਖ ਅਤੇ ਪਰਿਵਾਰਕ ਦਖਲ ਦੇ ਵਿਆਹ ਦੇ ਬੰਧਨਾਂ ਨੂੰ ਤੋੜ ਸੁੱਟਦੇ ਹਨ। ਹੈਰਾਨੀ ਦੀ ਗੱਲ ਹੈ ਕਿ ਸਿੱਖਿਆ ਦੇ ਪਾਸਾਰ, ਮੀਡੀਆ ਦੇ ਵਧਦੇ ਪ੍ਰਭਾਵ, ਉੱਚੀ ਜੀਵਨ ਸ਼ੈਲੀ ਦੀਆਂ ਵਧਦੀਆਂ ਇੱਛਾਵਾਂ ਅਤੇ ਆਜ਼ਾਦ ਜ਼ਿੰਦਗੀ ਜਿਊਣ ਦੇ ਵਿਚਾਰਾਂ ਨੇ ਇਨ੍ਹਾਂ ਕੀਟਾਣੂਆਂ ਨੂੰ ਛੋਟੇ ਕਸਬਿਆਂ ਅਤੇ ਪਿੰਡਾਂ ਤਕ ਵੀ ਪਹੁੰਚਾ ਦਿੱਤਾ ਹੈ। ਨੌਜਵਾਨ ਪੀੜ੍ਹੀ ਆਪਣੇ ਫ਼ੈਸਲੇ ਖ਼ੁਦ ਲੈ ਰਹੀ ਹੈ ਕਿਉਂਕਿ ਆਰਥਿਕਤਾ ਨੇ ਇਨ੍ਹਾਂ ਨੂੰ ਆਪਣੇ ਫ਼ੈਸਲੇ ਬਦਲਣ ਲਈ ਮੌਕੇ ਪ੍ਰਦਾਨ ਕੀਤੇ ਹਨ। ਕਈ ਸਰਵੇਖਣਾਂ ਨੇ ਇਹ ਸਿੱਧ ਕੀਤਾ ਹੈ ਕਿ ਨੌਜਵਾਨ ਵਰਗ ਦੀ ਇਹ ਪੀੜ੍ਹੀ ਐਨੀ ਬਦਲ ਚੁੱਕੀ ਹੈ ਕਿ ਇਨ੍ਹਾਂ ਦੀ ਪਛਾਣ ਮੁਸ਼ਕਲ ਹੋ ਗਈ ਹੈ। ਉਦਾਹਰਣ ਵਜੋਂ 35 ਸਾਲ ਤੋਂ ਘੱਟ ਉਮਰ ਦੇ ਇਹ ਲੋਕ ਜਾਤ, ਧਰਮ ਅਤੇ ਰਿਸ਼ਤੇ ਨੂੰ ਅੱਖੋਂ-ਪਰੋਖੇ ਕਰਦੇ ਹੋਏ ਆਪਣਾ ਜੀਵਨ ਸਾਥੀ ਖ਼ੁਦ ਚੁਣਨਾ ਚਾਹੁੰਦੇ ਹਨ, ਜਦਕਿ ਉਹ ਪਰਿਵਾਰ ਨਾਲ ਵੀ ਜੁੜੇ ਰਹਿਣਾ ਚਾਹੁੰਦੇ ਹਨ।

ਸਾਡੀ ਨੌਜਵਾਨ ਪੀੜ੍ਹੀ ਉਤੇ ਤਿੰਨ ਗੱਲਾਂ ਨੇ ਡੂੰਘਾ ਪ੍ਰਭਾਵ ਪਾਇਆ ਹੈ, ਇਹ ਹਨ-ਡੇਟਿੰਗ, ਫੈਸ਼ਨ ਅਤੇ ਸੁੰਦਰ ਦਿਸਣ ਦੀ ਚਾਹਤ। ਫ਼ਿਲਮਾਂ ਦੇ ਵਧਦੇ ਪ੍ਰਭਾਵ, ਮੀਡੀਆ ਰਾਹੀਂ ਪਰੋਸੀ ਜਾ ਰਹੀ ਉਕਸਾਊ ਸਮੱਗਰੀ ਅਤੇ ਜੀਵਨ ਸ਼ੈਲੀ ਨੂੰ ਪ੍ਰਭਾਵਤ ਕਰਨ ਵਾਲੇ ਉਤਪਾਦਾਂ ਦੀ ਵਧ ਰਹੀ ਮਾਰਕੀਟਿੰਗ ਕਰਕੇ ਛੋਟੇ ਸ਼ਹਿਰਾਂ ਅਤੇ ਕਸਬਿਆਂ ਦੇ 90 ਫ਼ੀਸਦੀ ਨੌਜਵਾਨ ਫੈਸ਼ਨੇਬਲ ਕੱਪੜੇ ਪਾਉਣ, ਸੁੰਦਰਤਾ ਵਧਾਉਣ ਵਾਲੀਆਂ ਵਸਤੂਆਂ ਦਾ ਇਸਤੇਮਾਲ ਕਰਕੇ ਸੋਹਣੇ ਦਿਖਣ ਦੇ ਚੱਕਰ 'ਚ ਪਏ ਰਹਿੰਦੇ ਹਨ। ਇਨ੍ਹਾਂ 'ਚੋਂ ਬਹੁਤੇ ਆਧੁਨਿਕਤਾ ਅਤੇ ਰੂੜ੍ਹੀਵਾਦ, ਦੋਹਾਂ ਤਰ੍ਹਾਂ ਦੇ ਖ਼ਿਆਲਾਂ ਨੂੰ ਬਰਾਬਰ ਰੱਖਦੇ ਹਨ ਪਰ ਜਦ ਵਿਆਹ ਸਬੰਧੀ ਕੋਈ ਸਮੱਸਿਆ ਆਉਂਦੀ ਹੈ ਤਾਂ ਆਪਣਾ ਫ਼ੈਸਲਾ ਖ਼ੁਦ ਕਰਦੇ ਹਨ।

ਇਕੱਠੇ ਪੜ੍ਹਦਿਆਂ ਅਤੇ ਨੌਕਰੀ ਕਰਦਿਆਂ ਆਪਸ ਵਿੱਚ ਮੇਲ-ਮਿਲਾਪ ਦੇ ਮੌਕੇ ਜ਼ਿਆਦਾ ਮਿਲਦੇ ਹਨ। ਅੱਜ ਸਕੂਲਾਂ, ਕਾਲਜਾਂ ਅਤੇ ਮਹਿਕਮਿਆਂ ਵਿੱਚ ਕੁੜੀਆਂ-ਮੁੰਡਿਆਂ ਵਿਚਕਾਰ ਜ਼ਿਆਦਾ ਆਜ਼ਾਦੀ ਵੇਖੀ ਗਈ ਹੈ। ਯਾਤਰਾ ਦੇ ਸਿਲਸਿਲੇ 'ਚ ਵੀ ਉਨ੍ਹਾਂ ਨੂੰ ਜ਼ਿਆਦਾ ਇਕੱਠੇ ਰਹਿਣਾ ਪੈਂਦਾ ਹੈ। ਅਜਿਹੇ ਹਾਲਾਤ 'ਚ ਪ੍ਰੇਮ-ਵਿਆਹ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਦੇ ਨਾਲ ਹੀ ਇਹ ਨੌਜਵਾਨ ਪੀੜ੍ਹੀ ਐਨੀ ਆਪਹੁਦਰੀ ਵੀ ਹੈ ਕਿ ਇਨ੍ਹਾਂ ਨੂੰ ਇਹ ਮੰਨਣ 'ਚ ਕੋਈ ਗੁਰੇਜ਼ ਨਹੀਂ ਕਿ ਵਿਆਹੁਤਾ ਜੀਵਨ ਜੇ ਨਾ ਸਹੀ ਚੱਲਿਆ ਤਾਂ ਇਸ ਨੂੰ ਤੋੜ ਦੇਣਾ ਚਾਹੀਦਾ ਹੈ ਬਜਾਏ ਇਸ ਦੇ ਕਿ ਸਮਾਜਿਕ ਮਾਨਤਾਵਾਂ ਅਤੇ ਪ੍ਰੰਪਰਾਵਾਂ ਦੇ ਘੇਰਿਆਂ 'ਚ ਬੱਝਿਆ ਜਾਵੇ। ਜਿਹੜੇ ਘਰਾਂ 'ਚ ਬਜ਼ੁਰਗਾਂ ਦਾ ਦਖਲ ਘੱਟ ਹੁੰਦਾ ਹੈ ਜਾਂ ਬਿਲਕੁਲ ਨਹੀਂ ਹੁੰਦਾ, ਉਥੇ ਦੋਹਾਂ ਜੀਆਂ 'ਚ ਕੰਮ ਦੇ ਦਬਾਅ ਅਤੇ ਪੈਸਿਆਂ ਦੇ ਹੱਕ ਨੂੰ ਲੈ ਕੇ ਚੱਲਦਾ ਨਿੱਕਾ-ਮੋਟਾ ਟਕਰਾਅ ਹੌਲੀ-ਹੌਲੀ ਖਤਰਨਾਕ ਮੋੜ ਅਖ਼ਤਿਆਰ ਕਰ ਲੈਂਦਾ ਹੈ ਅਤੇ ਨੌਬਤ ਤਲਾਕ ਤਕ ਅੱਪੜ ਜਾਂਦੀ ਹੈ। ਅਜਿਹਾ ਸੋਚਦਿਆਂ ਉਹ ਇਕੱਲੀਆਂ ਵੀ ਮਾਂ ਦੇ ਰੂਪ ਵਿੱਚ ਬੱਚਿਆਂ ਦੀ ਜ਼ਿੰਮੇਵਾਰੀ ਚੁੱਕਣ ਨੂੰ ਤਿਆਰ ਹੋ ਜਾਂਦੀਆਂ ਹਨ।

ਭਾਰਤੀ ਪਰਿਵਾਰਾਂ 'ਚ ਆਰਥਿਕ ਹਾਲਤ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ। ਪਹਿਲਾਂ ਇਹ ਕਮਾਈ ਕਰਨ ਦੀ ਯੋਗਤਾ ਉਤੇ ਤੈਅ ਹੁੰਦਾ ਸੀ ਕਿ ਘਰ ਵਿੱਚ ਕੌਣ ਕੀ ਕਰੇਗਾ ? ਇਹੀ ਕਾਰਨ ਸੀ ਕਿ ਆਦਮੀ ਕਮਾਉਂਦੇ ਸਨ ਅਤੇ ਔਰਤਾਂ ਘਰ ਦੇ ਕੰਮ ਕਰਦੀਆਂ ਸਨ। ਅੱਜ ਉਹ ਮਾਹੌਲ ਨਹੀਂ ਰਹਿ ਗਿਆ। ਪੜ੍ਹੀਆਂ-ਲਿਖੀਆਂ ਔਰਤਾਂ ਵੀ ਬਰਾਬਰ ਕੰਮ 'ਤੇ ਜਾਂਦੀਆਂ ਹਨ ਅਤੇ ਪਤੀ-ਪਤਨੀ ਇੱਕ ਟੀਮ ਦੇ ਰੂਪ ਵਿੱਚ ਘਰ ਦਾ ਪ੍ਰਬੰਧ ਕਰਦੇ ਹਨ। ਅਜਿਹੇ ਮਾਹੌਲ 'ਚ ਅਪਣੱਤ, ਨੇੜਤਾ ਅਤੇ ਪਿਆਰ ਦੀ ਘਾਟ, ਜ਼ਿੰਦਗੀ ਜਿਊਣ ਦੇ ਅੱਡ-ਅੱਡ ਟੀਚੇ ਅਤੇ ਕੰਮ ਦੇ ਦਬਾਅ ਕਰਕੇ ਰਿਸ਼ਤੇ ਪ੍ਰਭਾਵਤ ਹੋ ਰਹੇ ਹਨ ਜਾਂ ਇੰਜ ਸਮਝੋ ਕਿ ਰਿਸ਼ਤਿਆਂ 'ਚ ਤਰੇੜਾਂ ਆ ਰਹੀਆਂ ਹਨ। ਛੋਟੇ ਕਸਬਿਆਂ ਅਤੇ ਪੇਂਡੂ ਇਲਾਕਿਆਂ ਵਿੱਚ ਵੀ ਇਹ ਦਾਇਰਾ ਤੇਜ਼ੀ ਨਾਲ ਵਧ ਰਿਹਾ ਹੈ, ਜਿੱਥੇ ਵਿਆਹ ਤੋਂ ਬਾਅਦ ਇਕ-ਦੂਜੇ ਪ੍ਰਤੀ ਸ਼ੱਕ ਜਾਂ ਮਾਨਸਿਕ ਅਤੇ ਸਰੀਰਕ ਹਿੰਸਾ ਕਰਕੇ ਕੋਈ ਇੱਕ ਪੱਖ ਅਸੰਤੁਸ਼ਟ ਹੋ ਕੇ ਵਿਆਹੁਤਾ ਜੀਵਨ ਤੋੜ ਦਿੰਦਾ ਹੈ। ਅੱਜ ਦੇ ਤੇਜ਼ ਰਫ਼ਤਾਰ ਮਾਹੌਲ 'ਚ ਛੋਟੇ ਸ਼ਹਿਰਾਂ ਦੀਆਂ ਔਰਤਾਂ ਨੂੰ ਪੜ੍ਹਾਈ ਦੇ ਵਧੀਆ ਮੌਕੇ ਮਿਲੇ ਹਨ। ਘਰਾਂ 'ਚ ਪ੍ਰਾਪਤ ਹੋ ਰਹੇ ਤਕਨੀਕੀ ਉਪਕਰਨਾਂ ਦੀ ਸਹਾਇਤਾ ਨਾਲ ਉਨ੍ਹਾਂ ਦਾ ਕੰਮ ਘਟਿਆ ਹੈ ਅਤੇ ਉਹ ਆਜ਼ਾਦ ਹੋ ਕੇ ਕਮਾਈ ਲਈ ਸਮਾਂ ਕੱਢ ਸਕਦੀਆਂ ਹਨ। ਹੁਣ ਉਹ ਪਰਿਵਾਰ ਵਿੱਚ ਦੂਜੇ ਦਰਜੇ ਦੀ ਮੈਂਬਰ ਬਣ ਕੇ ਨਹੀਂ ਰਹਿਣਾ ਚਾਹੁੰਦੀਆਂ। ਸਵੈ-ਚੇਤਨਾ ਅਤੇ ਮਹਿਲਾ ਸੰਗਠਨਾਂ ਦੀ ਵਧਦੀ ਤਾਕਤ ਨੇ ਉਨ੍ਹਾਂ ਅੰਦਰ ਵਿਆਹ ਸਬੰਧੀ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਪੈਦਾ ਕੀਤੀ ਹੈ। ਉਹ ਜਾਣਦੀਆਂ ਹਨ ਕਿ ਪਤੀ ਦਾ ਹੋਰਨਾਂ ਔਰਤਾਂ ਨਾਲ ਸਬੰਧ, ਜ਼ੁਲਮ, ਤ੍ਰਿਸਕਾਰ ਜਾਂ ਬਾਪ ਨਾ ਬਣ ਪਾਉਣਾ ਆਦਿ ਕਈ ਮਸਲਿਆਂ 'ਚ ਉਨ੍ਹਾਂ ਨੂੰ ਪ੍ਰਭਾਵੀ ਸਹਾਇਤਾ ਮਿਲ ਸਕਦੀ ਹੈ, ਜੋ ਤਲਾਕ ਅਤੇ ਅਦਾਲਤੀ ਵਖਰੇਵੇਂ ਦਾ ਆਧਾਰ ਬਣਦੀ ਹੈ। ਹੁਣ ਔਰਤ ਆਪਣੇ ਜੀਵਨ ਦੀ ਨਵੀਂ ਇਮਾਰਤ ਖ਼ੁਦ ਬਣਾਉਣਾ ਚਾਹੁੰਦੀ ਹੈ।

**ਸੰਤੋਖ ਸਿੰਘ ਭਾਣਾ**

## ਸਿੰਘ ਸਾਹਿਬ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਦੀਆਂ ਕੁੱਝ ਯਾਦਾਂ

ਦਿਨ ਜਥੇਦਾਰ ਨੇ ਇਕੱਲੀ ਇਕੱਲੀ ਬੈਰਕ ਵਿੱਚ ਆ ਕੇ ਗੁਰਬਾਣੀ ਦਾ ਕੀਰਤਨ ਕੀਤਾ । ਸਾਡੀ ਬੈਰਕ ਦੇ ਬਰਾਂਡੇ ਵਿੱਚ ਦੀਵਾਨ ਲਗਾ ਕੇ " ਧੰਨਵਾਦ ਕਰੋ ਗੁਰੂ ਨਾਨਕ ਦਾ" ਇਸ ਧਾਰਨਾ ਤੇ ਕੀਰਤਨ ਕੀਤਾ । ਕੀਰਤਨ ਕਰਦਿਆਂ ਆਪ ਬੈਰਾਗ ਵਿੱਚ ਆ ਕੇ ਆਖਣ ਲੱਗੇ ਕਿ ਜਦੋਂ ਮੈਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਪੁੱਛਣ ਕੇ ਕਿ ਤੂੰ ਮੇਰੇ ਤਖਤ ਦਾ ਜਥੇਦਾਰ ਤਾਂ ਬਣ ਗਿਆ ,ਪਰ ਤੂੰ ਇਸ ਦੇ ਯੋਗ ਸੀ ? ਤਾਂ ਉਸ ਵਕਤ ਮੇਰੇ ਕੋਲ ਕੋਈ ਜਵਾਬ ਨਹੀਂ ਹੋਣਾ ।ਇੰਨੀ ਨਿਮਰਤਾ ਵੇਖ ਕੇ ਮੌਜੂਦ ਸਾਰੇ ਸਿੰਘਾਂ ਦੀਆਂ ਨਮ ਹੋ ਗਈਆਂ ।ਗਏ ਿ ਆਪ ਜੀ ਨੂੰ ਕੁੱਝ ਸਮੇਂ ਬਾਅਦ ਸਕਿਉਰਟੀ ਜੇਹਲ ਨਾਭਾ ਵਿੱਚ ਤਬਦੀਲ ਕਰ ਦਿੱਤਾ ਗਿਆ । ਜਥੇਦਾਰ ਗੁਰਦੇਵ ਸਿੰਘ ਜੀ ਇੱਥੇ ਕੁੱਝ ਦਿਨ ਅੱਠ ਚੱਕੀਆਂ ਵਿੱਚ ਰਹੇ ਜੋ ਕਿ ਜੇਹਲ ਦੀ ਡਿਉੜੀ ਦੇ ਬਿਲਕੁਲ ਨਜ਼ਦੀਕ ਹੈ । ਇੱਥੇ ਹੀ ਮੇਰਾ (ਲਚਸ਼ਿੰਦਰ ਸਿੰਘ )ਬੁਹਤ ਦੀ ਕਰੀਬੀ ਦੋਸਤ ਅਤੇ ਕਈ ਕੇਸਾਂ ਵਿੱਚ ਮੇਰਾ ਮੁਕੱਦਮੇਵਾਰ ਭਾਈ ਜਗਜੀਤ ਸਿੰਘ ਗਿੱਲ ਗੰਗਾਨਗਰ ( ਰਾਜਸਥਾਨ ) ਗ੍ਰਿਫਤਾਰੀ ਤੋਂ ਬਾਅਦ ਆਇਆ ਜੋ ਕਿ ਪੁਲੀਸ ਦੇ ਅੰਨੇ ਤਸ਼ੱਦਦ ਕਾਰਨ ਕੰਧਾਂ ਦੇ ਆਸਰੇ ਤੁਰਦਾ ਸੀ । ਉਸ ਨੂੰ ਅੱਠ ਚੱਕੀਆਂ ਵਿੱਚ ਲਿਆ ਕੇ ਚੱਕੀ ਵਿੱਚ ਬੰਦ ਕਰ ਦਿੱਤਾ ਗਿਆ । ਜਦੋਂ ਜਥੇਦਾਰ ਸਾਹਿਬ ਪਾਠ ਕਰਕੇ ਆਪਣੀ ਚੱਕੀ ਚੋਂ ਬਾਹਰ ਨਿੱਕਲੇ ਤਾਂ ਉਹਨਾਂ ਪੁੱਛਿਆ ਕਿ ਸਾਡੀ ਬੰਦੀ ਖੁੱਲ ਗਈ ਹੈ ਪਰ ਇਸ ਸਿੰਘ ਦੀ ਬੰਦੀ ਕਿਉਂ ਨਹੀਂ ਖੋਹਲੀ ਤਾਂ ਮੌਕੇ ਤੇ ਮੌਜੂਦ ਸੰਤਰੀ ਨੇ ਦੱਸਿਆ ਕਿ ਇਹ ਕਪੂਰਥਲਾ ਦੀ ਜੇਹਲ ਚੋਂ ਦੋ ਸੁਰੱਖਿਆ ਗਾਰਡਾਂ ਨੂੰ ਕਤਲ ਕਰਕੇ ਭੱਜ ਗਿਆ ਸੀ , ਅਤੇ ਇਹਨੇ ਰਾਜਸਥਾਨ ਦੀ ਜੇਹਲ ਵਿੱਚ ਉਮਰ ਕੈਦ ਕੱਟ ਰਹੇ ਭਾਈ ਗੁਰਜੰਟ ਸਿੰਘ ਰਾਜਸਥਾਨੀ ਅਤੇ ਭਾਈ ਰਜਿੰਦਰ ਸਿੰਘ ਰਾਜੀ ਨੂੰ ਪੁਲੀਸ ਪਾਰਟੀ ਤੇ ਹਮਲਾ ਕਰਕੇ ਛੁਡਵਾ ਲਿਆ ਸੀ , ਇਹ ਬਹੁਤ ਹੀ ਖਤਰਨਾਕ ਵਿਆਕਤੀ ਹੈ ,ਇਸ ਦੀ ਬੰਦੀ ਨਹੀਂ ਖੁੱਲ ਸਕਦੀ । ਇਹ ਗੱਲ ਸੁਣ ਕੇ ਜਥੇਦਾਰ ਸਾਹਿਬ ਜੋ ਕਿ ਕੌਮ ਦੀ ਖਾਤਰ ਜੂਝਣ ਵਾਲੇ ਨੌਜਵਾਨਾਂ ਨੂੰ ਆਪਣੇ ਪੁੱਤਰਾਂ ਤੋਂ ਵੱਧ ਪਿਆਰ ਕਰਦੇ ਸਨ , ਸੰਤਰੀ ਨੂੰ ਕਹਿਣ ਲੱਗੇ ਕਿ ਜਾਹ ਆਪਣੇ ਸੁਪਰਡੈਂਟ ਨੂੰ ਆਖ ਕਿ ਜਾਂ ਤਾਂ ਇਸ ਸਿੰਘ ਦੀ ਮੇਰੇ ਵਾਂਗ ਹੀ ਬੰਦੀ ਖੋਹਲੇ ਜਾਂ ਮੈਨੂੰ ਵੀ ਇਹਦੇ ਵਾਂਗ ਹੀ ਬੰਦ ਕਰ ਦੇਵੇ । ਡਿਉੜੀ ਤੋਂ ਵਾਪਸ ਆ ਕੇ ਸੰਤਰੀ ਨੇ ਭਾਈ ਜਗਜੀਤ ਸਿੰਘ ਗਿੱਲ ਦੀ ਵੀ ਬੰਦੀ ਖੋਹਲ ਦਿੱਤੀ ਅਤੇ ਜਥੇਦਾਰ ਸਾਹਿਬ ਵਾਂਗ ਦਿਨ ਵੇਲੇ ਅਹਾਤਾ ਬੰਦੀ ਕਰ ਦਿੱਤੀ । ਜ਼ਨਾਨ ਅਹਾਤਾ ਅੱਠ ਚੱਕੀਆਂ ਦੇ ਬਿਲਕੁਲ ਨਾਲ ਸੀ ਜੋ ਕਿ ਖਾਲੀ ਸੀ ਤਾਂ ਜਥੇਦਾਰ ਨੇ ਕੁੱਝ ਦਿਨਾਂ ਬਾਅਦ ਸੁਪਰਡੈਂਟ ਨੂੰ ਕਿਹਾ ਕਿ ਮੈਨੂੰ ਜ਼ਨਾਨ ਅਹਾਤੇ ਵਿੱਚ ਤਬਦੀਲ ਕਰ ਦਿਉ । ਇੱਥੇ ਆਪ ਇੱਕੱਲੇ ਹੀ ਸਨ ਅਤੇ ਸਾਰੀ ਰਾਤ ਸਿਮਰਨ ਕਰਦੇ ਅਤੇ ਗੁਰਬਾਣੀ ਪੜਦੇ ਰਹਿੰਦੇ ਸਨ । ਇੱਕ ਸੰਤਰੀ ਨੇ ਖੁਦ ਸਾਨੂੰ ਦੱਸਿਆ ਕਿ ਉਹਨਾਂ ਦੋ ਜਣਿਆਂ ਨੇ ਸਲਾਹ ਕੀਤੀ ਕਿ ਆਪਾਂ ਦੇਖਣਾਂ ਹੈ ਕਿ ਜਥੇਦਾਰ ਸੌਂਦੇ ਕਦੋਂ ਹਨ ? ਇਸ ਲਈ ਉਹਨਾਂ ਇੱਕ ਦਿਨ ਚੁਣ ਲਿਆ ਜਦੋਂ ਉਹਨਾਂ ਦੀ ਜ਼ਨਾਨ ਅਹਾਤੇ ਵਾਰੋ ਵਾਰੀ ਡਿਊਟੀ ਸੀ । ਉਸ ਨੇ ਦੱਸਿਆ ਕਿ ਅਸੀਂ ਸਾਰੀ ਰਾਤ ਉਹਨਾਂ ਨੂੰ ਜਾਗਦੇ ਹੋਏ ਹੀ ਦੇਖਿਆ । ਨਾਭਾ ਜੇਹਲ ਬਹੁਤ ਪੁਰਾਣੀ ਜੇਹਲ ਹੈ । ਜਿਸਦੇ ਵਿਚਕਾਰ ਇੱਕ ਉੱਚਾ ਟਾਵਰ ਹੈ ਜਿੱਥੋਂ ਇੱਕ ਸੰਤਰੀ (ਜੇਹਲ ਗਾਰਡ) ਇਕੱਲੀ ਇਕੱਲੀ ਬੈਰਕ ਦਾ ਨਾਮ ਲੈ ਕੇ ਆਖਦਾ ਹੈ ਕਿ ( ਮਿਸਾਲ ਵਲੋਂ ਪੰਜ ਬੈਰਕ ਬੋਲ ਭਾਈ ਸਭ ਅੱਛਾ ਹੈ ? ਤਾਂ ਜਵਾਬ ਵਿੱਚ ਪੰਜ ਬੈਰਕ ਵਿੱਚ ਤਾਇਨਾਤ ਸੰਤਰੀ ਜਵਾਬ ਦਿੰਦਾ ਹੈ ਕਿ "ਸਭ ਅੱਛਾ ਹੈ " । ਅਗਰ ਮੂਹਰਿਉਂ ਝੱਟ ਪੱਟ ਜਵਾਬ ਨਾ ਆਵੇ ਤਾਂ ਸਮਝਿਆ ਜਾਂਦਾ ਹੈ ਕਿ ਕੋਈ ਗੜਬੜ ਹੈ । ਇਹ ਉਹਨਾਂ ਦੀ ਭਗਤੀ ਦਾ ਹੀ ਪ੍ਰਤਾਪ ਸੀ ਕਿ ਸਖਤ ਸੁਰੱਖਿਆ ਵਾਲੀ ਜੇਹਲ ਵਿੱਚ ਉਹਨਾਂ ਆਪਣੇ ਅਹਾਤੇ ਦੀ ਇਹ ਪੁਕਾਰ ਬੰਦ ਕਰਵਾ ਦਿੱਤੀ ਸੀ ।ਉਹਨਾਂ ਕਿਹਾ ਕਿ ਮੇਰੇ ਧਿਆਨ ਵਿੱਚ ਵਿਘਨ ਪੈਂਦਾ ਹੈ ,ਇਸ ਕਰਕੇ ਜਨਾਨ ਅਹਾਤੇ ਦੀ ਪੁਕਾਰ ਬੰਦ ਕੀਤੀ ਜਾਵੇ । ਜਿੰਨਾ ਚਿਰ ਆਪ ਨਾਭਾ ਜੇਹਲ ਵਿੱਚ ਰਹੇ ਜ਼ਨਾਨ ਅਹਾਤੇ ਦੀ ਪੁਕਾਰ ਹੀ ਨਹੀਂ ਹੋਈ । ਗੁਰਪੁਰਬ ਆ ਗਿਆ ਤਾਂ ਜਥੇਦਾਰ ਨੇ ਜੇਹਲ ਅਧਿਕਾਰੀਆਂ ਕਿਹਾ ਕਿ ਸਾਰੀ ਜੇਹਲ ਵਿੱਚ ਬੰਦ ਸਿੰਘ ਗੁਰਦਵਾਰਾ ਸਾਹਿਬ ਅਖੰਡ ਪਾਠ ਸਾਹਿਬ ਕਰਨਗੇ ਅਤੇ ਭੋਗ ਸਮੇਂ ਸਾਰੇ ਹੀ ਗੁਰਦਵਾਰਾ ਸਾਹਿਬ ਇੱਕਠੇ ਹੋ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਨਗੇ । ਜੇਹਲ ਅਧਿਕਾਰੀ ਕਿਸੇ ਵੀ ਸੂਰਤ ਵਿੱਚ ਅਜਿਹਾ ਹੋਣ ਨਹੀਂ ਦੇਣਾ ਚਾਹੁੰਦੇ ਸਨ ।ਪਰ ਜਥੇਦਾਰ ਵਲੋਂ ਦਿੱਤੀ ਗਈ ਇੱਕੋ ਚਿਤਾਵਨੀ ਨੇ ਜੇਹਲ ਅਧਿਕਾਰੀਆਂ ਨੂੰ ਝੁਕਾ ਦਿੱਤਾ ਅਤੇ ਜਥੇਦਾਰ ਸਾਹਿਬ ਦੀ ਜਿੰਮੇਵਾਰੀ ਤੇ ਸਾਰੀ ਜੇਹਲ ਦੇ ਸਿੰਘ ਅਖੰਡ ਪਾਠ ਸਾਹਿਬ ਦੇ ਭੋਗ ਸਮੇਂ ਇਕੱਠੇ ਕਰ ਦਿੱਤੇ । ਜਦੋਂ ਆਪ ਸ੍ਰੀ ਅਕਾਲ ਤਖਤ ਸਾਹਿਬ ਤੇ ਜਥੇਦਾਰ ਦੀ ਡਿਊਟੀ ਨਿਭਾ ਰਹੇ ਸਨ ਤਾਂ ਆਪ ਉੱਪਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਨਵੀਨਰ ਮਾਸਟਰ ਹਰਿੰਦਰ ਸਿੰਘ ਕਾਹਲੋਂ ਅਤੇ ਪੰਜ ਮੈਂਬਰੀ ਪੰਥਕ ਕਮੇਟੀ ਦੇ ਮੈਂਬਰ ਵੱਸਣ ਸਿੰਘ ਜ਼ੱਫਰਵਾਲ ਨੇ ਪੱਖਪਾਤੀ ਹੋਣ ਦਾ ਦੋਸ਼ ਲਗਾ ਦਿੱਤਾ । ਜਥੇਦਾਰ ਨੇ ਕਾਹਲੋਂ ਨੂੰ ਤਲਬ ਕਰ ਲਿਆ ਤਾਂ ਅਕਾਲ ਤਖਤ ਸਾਹਿਬ ਤੇ ਪੇਸ਼ ਹੋ ਕੇ ਉਹ ਸਾਫ ਮੁੱਕਰ ਗਿਆ ਕਿ ਮੈਂ ਤੁਹਾਡੇ ਖਿਲਾਫ ਕੋਈ ਬਿਆਨ ਨਹੀਂ ਦਿੱਤਾ ,ਮੈਂ ਤੁਹਾਡਾ ਅਤੇ ਅਕਾਲ ਤਖਤ ਸਾਹਿ ਦਾ ਬੇਹੱਦ ਸਤਿਕਾਰ ਕਰਦਾਂ ਹਾਂ ।ਇਹ ਤਾਂ ਐਵੇਂ ਪੱਤਰਕਾਰਾਂ ਨੇ ਅਖਾਬਾਰਾਂ ਵਿੱਚ ਲਿਖ ਦਿੱਤਾ ਹੈ , ਤਾਂ ਜਥੇਧਾਰ ਸਾਹਿਬ ਨੇ ਬਾਕੀ ਸਿੰਘ ਸਹਿਬਾਨਾਂ ਨਾਲ ਰਾਏ ਕਰਕੇ ਉਸ ਨੂੰ ਦੋਸ਼ ਮੁਕਤ ਕਰਾਰ ਦੇ ਦਿੱਤਾ ਗਿਆ । ਇਸ ਵਰਤਾਰੇ ਨੂੰ ਦੇਖ ਕੇ ਅੰਮ੍ਰਿਤਸਰ ਦੇ ਪੱਤਰਕਾਰ ਬੜੇ ਖਫਾ ਹੋਏ । ਅਗਲੇ ਦਿਨ ਜ਼ੱਫਰਵਾਲ ਨੇ ਪੇਸ਼ ਹੋਣਾ ਸੀ ਤਾਂ ਪੱਤਰਕਾਰ ਰਾਤ ਸਮੇਂ ਉਹ ਪ੍ਰੈੱਸ ਨੋਟ ਜਥੇਦਾਰ ਨੂੰ ਦੇ ਗਏ ਜਿਹਨਾਂ ਤੇ ਜ਼ੱਫਰਵਾਲ ਦੇ ਬਕਾਇਦਾ ਦਸਤਖਤ ਸਨ । ਝੂਠ ਦੇ ਵਪਾਰੀ ਅਤੇ ਕੌਮੀ ਗੱਦਾਰ ਸਾਬਤ ਹੋ ਚੁੱਕੇ ਜ਼ੱਫਰਵਾਲ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਪੰਜ ਸਿੰਘ ਸਹਿਬਾਨ ਦੇ ਸਨਮੁੱਖ ਪੇਸ਼ ਹੁੰਦਿਆਂ ਕਾਹਲੋਂ ਵਾਲਾ ਪੈਂਤੜਾ ਵਰਤਿਆ ਕਿ ਮੈਂ ਤਾਂ ਜੀ ਤੁਹਾਡਾ ਬਹੁਤ ਸਤਿਕਾਰ ਕਰਦਾਂ ਹਾਂ ਮੈਂ ਤੁਹਾਡੇ ਖਿਲਾਫ ਕੋਈ ਬਿਆਨ ਦੇਣ ਬਾਰੇ ਸੋਚ ਵੀ ਨਹੀਂ ਸਕਦਾ । ਜਥੇਦਾਰ ਸਾਹਿਬ ਨੇ ਆਖਿਆ ਕਿ ਪੱਕੀ ਗੱਲ ਹੈ ਭਾਈ ? ਤਾਂ ਇਸ ਮੋਮੋਠੱਗਣੇ ਜ਼ਫਰਵਾਲ ਨੇ ਅਖਿਆ ਕਿ ਜਥਦੇਾਰ ਜੀ ਬਿੱਲਕੁਲ ਪੱਕੀ ਗੱਲ ਹੈ । ਜਥੇਦਾਰ ਸਾਹਿਬ ਨੇ ਇਸ ਦੇ ਦਸਤਖਤਾਂ ਵਾਲਾ ਪ੍ਰੈੱਸ ਨੋਟ ਇਹਦੇ ਮੂਹਰੇ ਕਰ ਦਿੱਤਾ , ਤਾਂ ਸ਼ਰਮ ਨਾਲ ਪਾਣੀ ਪਾਣੀ ਹੋ ਗਿਆ ਅਤੇ ਢੀਠ ਹੋ ਕੇ ਕਹਿਣ ਲੱਗਾ ਕਿ ਜਥੇਦਾਰ ਜੀ ਗਲਤੀ ਹੋ ਗਈ । ਇਸ ਬਦਲੇ ਇਸ ਨੂੰ ਬਕਾਇਦਾ ਤਨਖਾਹ ਲਾਈ ਗਈ ਸੀ । ਅਕਾਲ ਤਖਤ ਸਾਹਿਬ ਤੇ ਪੰਜ ਸਿੰਘ ਸਹਿਬਾਨ ਮੂਹਰੇ ਝੂਠ ਬੋਲਣ ਵਾਲੇ ਇਸ ਜ਼ਫਰਵਾਲ ਨੇ ਪੰਜ ਮੈਂਬਰੀ ਕਮੇਟੀ ਵਿੱਚ ਬੈਠ ਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰ ਪ੍ਰਕਰਮਾ ਵਿੱਚੋਂ ਖਾਲਿਸਤਾਨ ਦਾ ਐਲਾਨ ਕੀਤਾ ਅਤੇ ਖਾਲਿਸਤਾਨ ਕਮਾਂਡੋ ਫੋਰਸ ਨੂੰ ਜੰਗ ਦੀ ਅਗਵਾਈ ਕਰਨ ਦੀ ਜਿੰਮੇਵਾਰੀ ਦਿੱਤੀ । ਜਦੋਂ ਜਨਰਲ ਲਾਭ ਸਿੰਘ ਦੀ ਅਗਵਾਈ ਵਿੱਚ ਵਿੱਚ ਖਾਲਿਸਤਾਨ ਕਮਾਂਡੋ ਫੋਰਸ ਪੂਰੇ ਜੋਬਨ ਤੇ ਅੱਪੜ ਗਈ ।ਰਿਬੈਰੋ ਦੀਆਂ ਕਢਵਾ ਦਿੱਤੀਆਂ ਤਾਂ ਇਸ ਜਫਰਵਾਲ ਨੇ ਨੇ ਲੋਕਾਂ ਵਿੱਚ ਭੰਬਲਭੂਸਾ ਪੈਦਾ ਕਰਨ ਲਈ ਆਪਣੀ ਵੱਖਰੀ ਖਾਲਿਸਤਾਨ ਕਮਾਂਡੋ ਫੋਰਸ ਬਣਾ ਲਈ । ਕੁੱਝ ਸਮੇਂ ਬਾਅਦ ਪਾਕਿਸਤਾਨ ਜਾ ਡੇਰੇ ਲਾਏ । ਇੱਥੇ ਕਈ ਸਾਲ ਸਿੱਖ ਸੰਗਤਾਂ ਦੇ ਪੈਸੇ ਤੇ ਲਾਹੌਰ ਐਸ਼ ਕਰਨ ਮਗਰੋਂ ਸਵਿਟਜ਼ਰਲੈਂਡ ਦੇ ਕੁਦਰਤੀ ਨਜ਼ਾਰਿਆਂ ਦਾ ਅਨੰਦ ਮਾਨਣ ਲਈ ਉਡਾਰੀ ਮਾਰ ਗਿਆ । ਜਦੋਂ ਖਾਲਿਸਤਾਨ ਦੀ ਜੰਗੇ ਅਜ਼ਾਦੀ ਵਿੱਚ ਖੜੋਤ ਆ ਗਈ ਤਾਂ ਆਪਣਾ ਅਸਲੀ ਰੂਪ ਦਿਖਾਉਂਦਿਆਂ ।ਕੌਮੀ ਸ਼ਹੀਦਾਂ ਦੇ ਪਵਿੱਤਰ ਖੁਨ ਨਾਲ ਬੇਵਫਾਈ ਕਰਦਿਆਂ ਪੰਜਾਬ ਜਾ ਕੇ ਆਤਮ ਸਮਰਪਣ ਕਰ ਦਿੱਤਾ ਦਿੱਤਾ । ਖਾਲਿਸਤਾਨ ਦੇ ਨਾਮ ਤੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਵਾ ਕੇ ਹੱਕ ਸੱਚ ਇਨਸਾਫ ਅਤੇ ਧਰਮ ਤੇ ਅਧਾਰਿਤ ਖਾਲਿਸਤਾਨ ਦੇ ਸੰਘਰਸ਼ ਨੂੰ ਅੱਤਵਾਦ ਆਖ ਰਿਹਾ ਹੈ ਅਤੇ ਤੀਜੇ ਕੁ ਦਿਨ ਖਾਲਿਸਤਾਨ ਦੇ ਵਿਰੋਧ ਵਿੱਚ ਬਿਆਨ ਦਾਗਦਾ ਰਹਿੰਦਾ ਹੈ । ਅੱਜ ਇਹ ਨਾ ਘਰਦਾ ਹੈ ਅਤੇ ਘਾਟ ਦਾ ਹੈ । ਦੂਜਾ ਹਰਿੰਦਰ ਸਿੰਘ ਕਾਹਲੋਂ ਅਕਸਰ ਹੀ ਆਖਿਆ ਕਰਦਾ ਸੀ ਸਾਡੇ ਦੋਵਾਂ ਹੱਥਾਂ ਵਿੱਚ ਲੱਡੂ ਹਨ ਅਗਰ ਅਸੀਂ ਜਿਉਂਦੇ ਜੀਅ ਖਾਲਿਸਤਾਨ ਬਣਾਉਣ ਵਿੱਚ ਸਫਲ ਹੋ ਗਏ ਤਾਂ ਅਜ਼ਾਦੀ ਦਾ ਨਿੱਘ ਪ੍ਰਾਪਤ ਹੋਵੇਗਾ ਅਗਰ ਸ਼ਹੀਦ ਹੋ ਗਏ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਗੋਦ ਦਾ ਨਿੱਘ ਮਾਣਾਂਗੇ,ਪਰ ਸਭ ਵਕਤੀ ਬਿਆਨਬਾਜੀ ਸਾਬਿਤ ਹੋਈ ਹੈ । ਜਥੇਦਾਰ ਸਾਹਿਬ ਨੇ ਪੂਰੇ ਪੰਜਾਬ ਵਿੱਚ ਅੰਮ੍ਰਿਤ ਸੰਚਾਰ ਦੀ ਲਹਿਰ ਚਲਾਉਂਦਿਆਂ ਹਜ਼ਾਰਾਂ ਸਿੱਖਾਂ ਨੂੰ ਗੁਰੂ ਦੇ ਲੜ ਲਗਾਇਆ । ਕਈ ਵਾਰ ਪੁਲਿਸ ਨੇ ਗ੍ਰਿਫਤਾਰ ਕੀਤਾ ਅਤੇ ਜੇਹਲ ਵਿੱਚ ਬੰਦ ਕੀਤਾ ਪਰ ਕੋਈ ਵੀ ਜ਼ੁਲਮ ਉਹਨਾਂ ਨੂੰ ਅਪਾਣੇ ਅਕੀਦੇ ਤੋਂ ਥਿੜਕਾ ਨਾ ਸਕਿਆ । ਆਪਦੀ ਸਖਸ਼ੀਅਤ ਦਾ ਪ੍ਰਭਾਵ ਇਸ ਕਦਰ ਸੀ ਕਿ ਪਿੰਡਾਂ ਦੇ ਲੋਕ ਆਪਣੇ ਝਗੜੇ ਨਿਪਟਾਉਣ ਲਈ ਸਰਕਾਰੇ ਦਰਬਾਰੇ ਜਾਣ ਦੀ ਬਜਾਏ ਆਪ ਕੋਲ ਆਉਂਦੇ ਸਨ , ਆਪਦਾ ਹਰ ਕਦਮ ਖਾਲਿਸਤਾਨ ਦੇ ਨਿਸ਼ਾਨੇ ਨੂੰ ਸੇਧਤ ਸੀ ਭਾਵੇਂ ਕਿ ਆਪ ਜੀ ਨੇ ਖਾਲਿਸਤਾਨ ਦੀ ਜਨਤਕ ਤੌਰ ਤੇ ਮੰਗ ਨਹੀਂ ਸੀ ਕੀਤੀ । ਇਸ ਗੱਲ ਨੂੰ ਸਰਕਾਰ ਭਲੀ ਪ੍ਰਕਾਰ ਜਾਣਦੀ ਸੀ । ਇਸੇ ਕਰਕੇ ਆਪ ਜੀ ਨੂੰ ਜਗਰਾਉਂ ਦੇ ਤੱਤਕਲੀਨ ਪੁਲੀਸ ਮੁਖੀ ਸਵਰਨੇ ਘੋਟਨੇ ਨੇ ਆਪ ਨੂੰ ਖਤਮ ਕਰਨ ਦਾ ਤਹੱਈਆ ਕਰ ਲਿਆ । 25 ਦਸੰਬਰ 1992 ਨੂੰ ਜਦੋਂ ਪੱਛਮੀ ਦੇਸ਼ਾਂ ਦੇ ਲੋਕ ਕ੍ਰਿਸਮਿਸ ਦੇ ਜਸ਼ਨ ਮਨਾ ਰਹੇ ਸਨ ਤਾਂ ਪਿੰਡ ਦੇ ਲੋਕਾਂ ਦੇ ਸਾਹਮਣੇ ਭਾਈ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ ,ਇਸ ਸਮੇਂ ਆਪਦੇ ਬੋਲ ਸਨ ਕਿ ਇਸ ਵਾਰ ਪੁਲਿਸ ਆਪਣਾ ਕਾਰਾ ਕਰ ਦੇਵੇਗੀ । ਪੁਲੀਸ ਹਿਰਾਸਤ ਵਿੱਚ ਅਣਮਨੁੱਖੀ ਤਸੀਹੇ ਦਿੱਤੇ ਗਏ ਅਤੇ ਪਹਿਲੀ ਜਨਵਰੀ 1993 ਨੂੰ ਸਵੇਰਸਾਰ ਜਦੋਂ ਪੂਰੀ ਦੁਨੀਆਂ ਨਵੇਂ ਵਰੇ ਦੀ ਆਮਦ ਨੂੰ ਜੀ ਆਇਆਂ ਆਖਦੀ ਹੋਈ ਵਧਾਈਆਂ ਦਾ ਅਦਾਨ ਪ੍ਰਦਾਨ ਕਰ ਰਹੀ ਸੀ ਤਾਂ ਸਿੱਖ ਕੌਮ ਦੇ ਸਰਵਉੱਚ ਰਾਜਸੀ ਅਸਥਾਨ ਦੇ ਜਥੇਦਾਰ ਨੂੰ ਪੰਜਾਬ ਪੁਲਿਸ ਦੇ ਜ਼ਾਲਮ ਪੁਲਿਸ ਅਫਸਰ ਸਵਰਨੇ ਘੋਟਣੇ ਵਲੋਂ ਸ਼ਹੀਦ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਇਹ ਸਵਰਨਾ ਘੋਟਣਾ ਬਤੌਰ ਪੰਜਾਬ ਪੁਲਿਸ ਵਿੱਚ ਬਤੌਰ ਸਿਪਾਹੀ ਭਰਤੀ ਹੋਇਆ ਸੀ । ਸਿੱਖਾਂ ਤੇ ਅਣਮਨੁੱਖੀ ਤਸੱਦਦ ਕਰਕੇ ਸਰਕਾਰ ਦੀ ਕ੍ਰਿਪਾ ਦਾ ਇਸ ਕਦਰ ਪਾਤਰ ਬਣ ਗਿਆ ਕਿ ਜਿਲਾ ਪੁਲਿਸ ਮੁਖੀ ਦੇ ਅਹੁਦੇ ਤੇ ਪੁੱਜ ਗਿਆ । ਪਹਿਲਾਂ ਇਸ ਨੂੰ ਕਪੂਰਥਲਾ ਦਾ ਐੱਸ.ਐੱਸ.ਪੀ ਲਗਾਇਆ ਗਿਆ ਅਤੇ ਬਾਅਦ ਵਿੱਚ ਜਗਰਾਉਂ ਦਾ ਇੰਚਾਰਜ ਲਗਾ ਦਿੱਤਾ ਗਿਆ ਕਿ ਐੱਸ.ਪੀ ਬਣਨ ਵਾਸਤੇ ਵੀ ਆਈ.ਪੀ.ਐੱਸ ਹੋਣਾ ਜਰੂਰੀ ਹੁੰਦਾ ਹੈ ਪਰ ਸਿੱਖਾਂ ਤੇ ਜ਼ੁਲਮ ਕਰਨ ਵਾਲਿਆਂ ਨੂੰ ਗੈਰ ਕਨੂੰਨੀ ਤਰੱਕੀਆਂ ਦੇ ਕੇ ਹੋਰ ਜ਼ੁਲਮ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਰਿਹਾ । ਅਖਬਾਰਾਂ ਵਿੱਚ ਪੁਲੀਸ ਨੇ ਮਨਘੜਤ ਕਹਾਣੀ ਅਨੁਸਾਰ ਭਾਈ ਸਾਹਿਬ ਨੂੰ ਪੁਲੀਸ ਦੀ ਜਿਪਸੀ ਚੋਂ ਫਰਾਰ ਕਰਾਰ ਦੇ ਦਿੱਤਾ ਸੀ । ਪੁਲੀਸ ਹਿਰਾਸਤ ਵਿੱਚ ਅਣਮਨੁੱਖੀ ਤਸੱਨਾਲ ਹੋਈ ਸ਼ਹਾਦਤ ਬਾਰੇ ਪੰਥਕ ਧਿਰਾਂ ਵਲੋਂ ਜਬਰਦਸਤ ਅਵਾਜ਼ ਉਠਾਈ ਗਈ ਸੀ , ਜਿਸ ਕਾਰਨ ਭਾਈ ਸਾਹਿਬ ਦੀ ਹਿਰਾਸਤੀ ਮੌਤ ਦੀ ਬਕਾਇਦਾ ਜਾਂਚ ਹੋਈ ,ਪਰ ਕਿਸੇ ਵੀ ਦੋਸ਼ੀ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ । ਸ਼ਹੀਦ ਭਾਈ ਗੁਰਦੇਵ ਸਿੰਘ ਜੀ ਨੇ ਪੁਰਾਤਨ ਸ਼ਹੀਦ ਭਾਈ ਤਾਰੂ ਸਿੰਘ ਜੀ ਵਾਂਗ ਸਿੱਖ ਸੰਘਰਸ਼ ਦੌਰਾਨ ਜੂਝਣ ਵਾਲੇ ਯੋਧਿਆਂ ਨੂੰ ਪਿਆਰ ਦਿੱਤਾ ,ਉਹਨਾਂ ਦੀ ਯੋਗ ਮੱਦਦ ਕੀਤੀ , ਜੇਹਲਾਂ ਵਿੱਚ ਬੰਦ ਸਿੰਘਾਂ ਨੂੰ ਲੰਗਰ ਵਾਸਤੇ ਰਸਦ ਘੱਲਦੇ ਰਹੇ ,ਸ਼ਹੀਦ ਪਰਿਵਾਰਾਂ ਦੀ ਯੋਗ ਮੱਦਦ ਕੀਤੀ ,ਉਹਨਾਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਿਆ ਅਤੇ ਕੌਮ ਦੀ ਖਾਤਰ ਆਪਣੇ ਖੂਨ ਦਾ ਆਖਰੀ ਕਤਰਾ ਵਹਾ ਦਿੱਤਾ । ਯੁਨਾਈਟਿਡ ਖਾਲਸਾ ਦਲ ਯੂ ਕੇ ਵਲੋਂ ਸ਼ਹੀਦ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਨੂੰ ਸਾਲਨਾ ਬਰਸੀ ਤੇ ਹਾਰਦਿਕ ਪ੍ਰਣਾਮ ਹੈ ।ਅੱਜ ਇਸ ਕੌਮ ਦੇ ਸੋਚਣ ਅਤੇ ਵਿਚਾਰਨ ਵਾਸਤੇ ਸਵਾਲ ਹੈ ਕਿ ਅੱਜ ਕਲ ਗਲ ਵਿੱਚ ਜਥੇਦਾਰੀ ਦਾ ਸਿਰੋਪਾ ਪਵਾਉਣ ਲਈ ਹਰ ਕੋਈ ਕਾਹਲਾ ,ਪਰ ਕੀ ਉਹ ਇਸ ਦੇ ਯੋਗ ਹਨ ??

## ਪ੍ਰੈੱਸ ਦੀ ਆਜ਼ਾਦੀ 'ਤੇ 300 ਅਮਰੀਕੀ ਅਖ਼ਬਾਰਾਂ ਦੀ ਸੰਪਾਦਕੀ

ਵੱਲੋਂ ਇਹ ਸਿਗਨਲ ਲਗਾਤਾਰ ਦਿੱਤਾ ਜਾ ਰਿਹਾ ਹੈ ਕਿ ਪੱਤਰਕਾਰਾਂ ਨੂੰ ਜਨਤਾ ਦਾ ਦੁਸ਼ਮਣ ਐਲਾਨਿਆ ਜਾ ਸਕਦਾ ਹੈ। ਆਜ਼ਾਦ ਸਮਾਜ ਦੇ ਲਈ ਪ੍ਰੈੱਸ ਜ਼ਰੂਰੀ ਹੈ, ਕਿਉਂਕਿ ਇਹ ਨੇਤਾਵਾਂ 'ਤੇ ਅੱਖ ਬੰਦ ਕਰਕੇ ਭਰੋਸਾ ਨਹੀਂ ਕਰਦਾ ਹੈ। ਭਾਵੇਂ ਸਥਾਨਕ ਯੋਜਨਾ ਬੋਰਡ ਦੇ ਮੈਂਬਰ ਹੋਣ ਜਾਂ ਵਾਈਟ ਹਾਊਸ ਦੇ। ਇਹ ਸਿਰਫ ਸੰਯੋਗ ਨਹੀਂ ਹੈ, ਇਹ ਮੌਜੂਦਾ ਰਾਸ਼ਟਰਪਤੀ ਵਿੱਤੀ ਮਾਮਲਿਆਂ ਵਿਚ ਕਈ ਕਮਜ਼ੋਰੀਆਂ ਹਨ, ਜਿਹਨਾਂ ਦੇ ਸ਼ੱਕੀ ਵਿਹਾਰ ਦੇ ਕਾਰਨ ਉਹਨਾਂ ਦੇ ਜਸਟਿਸ ਡਿਪਾਰਟਮੈਂਟ ਨੇ ਉਹਨਾਂ ਦੀ ਜਾਂਚ ਦੇ ਲਈ ਇਕ ਸੁਤੰਤਰ ਵਕੀਲ ਦੀ ਨਿਯੁਕਤੀ ਕੀਤੀ। ਹੁਣ ਅਜਿਹੇ ਰਾਸ਼ਟਰਪਤੀ ਨੇ ਉਹਨਾਂ ਪੱਤਰਕਾਰਾਂ ਨੂੰ ਧਮਕਾਉਣ ਦੀ ਬਹੁਤ ਕੋਸ਼ਿਸ਼ ਕੀਤੀ ਜੋ ਸੁਤੰਤਰ ਤੌਰ 'ਤੇ ਕਈ ਤੱਥਾਂ ਨੂੰ ਸਾਹਮਣੇ ਲਿਆਏ ਹਨ।

ਅਮਰੀਕੀ ਸਮਾਜ ਵਿਚ ਇਕ ਸਥਾਪਿਤ ਤੇ ਨਿਰਪੱਖ ਸਹਿਮਤੀ ਰਹੀ ਹੈ ਕਿ ਪ੍ਰੈੱਸ ਦੀ ਆਜ਼ਾਦੀ ਮਹੱਤਵਪੂਰਨ ਹੈ। ਇਸ ਦੇ ਬਾਅਦ ਵੀ ਹੁਣ ਅਜਿਹੇ ਬਹੁਤ ਸਾਰੇ ਅਮਰੀਕਨ ਹਨ ਜੋ ਇਹਨਾਂ ਨੂੰ ਨਹੀਂ ਮੰਨਦੇ। ਇਸ ਮਹੀਨੇ ਇਪਸੋਸ ਨੇ ਇਕ ਸਰਵੇ ਕੀਤਾ ਜਿਸ ਵਿਚ 48 ਫੀਸਦੀ ਰਿਪਬਲਿਕ ਸਮਰਥਕਾਂ ਨੇ ਮੰਨਿਆ ਕਿ ਨਿਊਜ਼ ਮੀਡੀਆ ਅਮਰੀਕੀ ਜਨਤਾ ਦਾ ਦੁਸ਼ਮਣ ਹੈ। ਇਕ ਹੋਰ ਸਰਵੇ ਵਿਚ 51 ਫੀਸਦੀ ਰਿਪਬਲਿਕਨ ਨੇ ਪ੍ਰੈੱਸ ਦੀ ਤੁਲਨਾ ਜਨਤਾ ਦੇ ਦੁਸ਼ਮਣ ਨਾਲ ਕੀਤੀ ਹੈ ਤੇ ਪ੍ਰੈੱਸ ਨੂੰ ਲੋਕਤੰਤਰ ਦਾ ਅਹਿਮ ਹਿੱਸਾ ਨਹੀਂ ਮੰਨਿਆ। ਟਰੰਪ ਦੇ ਹਮਲੇ ਤੋਂ ਪਤਾ ਚੱਲਦਾ ਹੈ ਕਿਉਂਕਿ ਉਹਨਾਂ ਦੇ ਸਮਰਥਕ ਇਸ ਗ਼ੈਰ ਜਮਹੂਰੀਅਤ ਦੇ ਰਵੱਈਏ ਦਾ ਸਮਰਥਨ ਕਰਦੇ ਹਨ। ਇਕ ਚੌਥਾਈ ਅਮਰੀਕੀ ਕਹਿਣ ਲੱਗੇ ਹਨ ਕਿ ਰਾਸ਼ਟਰਪਤੀ ਦੇ ਕੋਲ ਖਰਾਬ ਵਰਤਾਅ ਕਰਨ ਵਾਲੇ ਇਸ ਪ੍ਰੈੱਸ ਨੂੰ ਬੰਦ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਇਸ ਸਰਵੇ ਵਿਚ ਸ਼ਾਮਲ 13 ਫੀਸਦੀ ਲੋਕਾਂ ਨੇ ਕਿਹਾ ਕਿ ਰਾਸ਼ਟਰਪਤੀ ਨੂੰ ਸੀਐਨਐਨ, ਦਾ ਵਾਸ਼ਿੰਗਟਨ ਪੋਸਟ ਅਤੇ ਨਿਊਯਾਰਕ ਟਾਈਮਜ਼ ਵਰਗੇ ਸਮਾਚਾਰ ਸਾਧਨਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ।

ਆਪਣੇ ਸਮਰਥਕਾਂ ਨੂੰ ਉਕਸਾਉਣ ਵਾਲਾ ਇਹ ਮਾਡਲ ਦਸ ਰਹੇ ਹਨ ਕਿ ਇਹ 21ਵੀਂ ਸਦੀ ਦੇ ਤਾਨਾਸ਼ਾਹ ਰੂਸ ਦੇ ਪੂਤਿਨ ਤੇ ਤੁਰਕੀ ਦੇ ਇਦਰੋਗਨ ਕਿਵੇਂ ਕੰਮ ਕਰਦੇ ਹਨ। ਤੁਹਾਨੂੰ ਸੂਚਨਾਵਾਂ ਨੂੰ ਰੋਕਣ ਦੇ ਲਈ ਅਧਿਕਾਰਕ ਤੌਰ 'ਤੇ ਸੈਂਸਰਸ਼ਿਪ ਦੇ ਐਲਾਨ ਦੀ ਜ਼ਰੂਰਤ ਹੀ ਨਹੀਂ ਹੈ। ਟਰੰਪ ਦੇ ਸਮਰਥਕ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਉਹਨਾਂ ਦਾ ਇਸ਼ਾਰਾ ਉਸ ਮੀਡੀਆ ਵਲ ਹੈ, ਜੋ ਵਿਚਾਰਾਂ ਦੀ ਆਜ਼ਾਦੀ ਨੂੰ ਤਰਜੀਹ ਦੇ ਰਹੇ ਹਨ। ਉਹ ਸਾਰੇ ਪ੍ਰੈੱਸ ਦੇ ਬਾਰੇ ਵਿਚ ਅਜਿਹੇ ਨਹੀਂ ਕਹਿੰਦੇ, ਪਰ ਰਾਸ਼ਟਰਪਤੀ ਦੇ ਆਪਣੇ ਹੀ ਸ਼ਬਦ ਤੇ ਉਹਨਾਂ ਦਾ ਰਿਕਾਰਡ ਵਾਰ-ਵਾਰ ਇਹੀ ਦਸਦਾ ਹੈ ਕਿ ਸਮਰਥਕਾਂ ਦੇ ਇਸ ਤਰਕ ਵਿਚ ਕਿੰਨੀ ਬੇਈਮਾਨੀ ਹੈ। ਅਮਰੀਕਾ ਦੇ ਸੰਸਥਾਪਕਾਂ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਕਿ ਪ੍ਰੈੱਸ ਲਾਪਰਵਾਹ ਨਹੀਂ ਹੋ ਸਕਦਾ। ਫਿਰ ਵੀ ਉਹਨਾਂ ਨੇ ਸੰਵਿਧਾਨ ਵਿਚ ਪਰੈੱਸ ਦੇ ਪੱਤਰਕਾਰਾਂ ਦੀ ਆਜ਼ਾਦੀ ਨੂੰ ਨਿਸ਼ਚਤ ਕੀਤਾ ਹੈ। ਥਾਮਸ ਜੈਫਰਸਨ ਨੇ ਲਿਖਿਆ ਹੈ ਕਿ ਸਾਡੀ ਸੁਤੰਤਰਤਾ ਪ੍ਰੈੱਸ ਦੀ ਆਜ਼ਾਦੀ 'ਤੇ ਨਿਰਭਰ ਕਰਦੀ ਹੈ। ਇਸ ਦੀ ਕੋਈ ਸੀਮਾ ਤੈਅ ਨਹੀਂ ਕੀਤੀ ਜਾ ਸਕਦੀ। ਸੰਵਿਧਾਨ ਦੇ ਸੰਸਥਾਪਕਾ ਨੂੰ ਲੈ ਕੇ ਸਾਰੇ ਦਲਾਂ ਦੇ ਨੇਤਾਵਾਂ ਨੂੰ ਮੀਡੀਆ ਤੋਂ ਸ਼ਿਕਾਇਤਾਂ ਰਹੀਆਂ ਹਨ। ਮੀਡੀਆ 'ਤੇ ਦੋਸ਼ ਲਗਦੇ ਰਹੇ ਹਨ। ਪਰ ਇਕ ਸੰਸਥਾ ਦੇ ਰੂਪ ਵਿਚ ਪ੍ਰੈੱਸ ਦਾ ਹਮੇਸ਼ਾ ਆਦਰ ਕੀਤਾ ਗਿਆ ਹੈ। ਬਹੁਤੇ ਲੰਮੇ ਸਮੇਂ ਦੀ ਗੱਲ ਨਹੀਂ ਜਦ ਕਿ ਰਿਬਲਕਿਨ ਰਾਸ਼ਟਰਪਤੀ ਰੋਨਾਲਡ ਰੇਗਨ ਨੇ ਕਿਹਾ ਸੀ ਕਿ ਮੁਕਤ ਪ੍ਰੈੱਸ ਹੀ ਸਾਡੀ ਪਰੰਪਰਾ ਸਾਡੇ ਲੋਕਤੰਤਰ ਦਾ ਵਿਸ਼ੇਸ਼ ਅੰਗ ਹੈ।

1971 ਦੌਰਾਨ ਸੁਪਰੀਮ ਕੋਰਟ ਦੇ ਜਸਟਿਸ ਹੋਗੋ ਬਲੇਕ ਨੇ ਲਿਖਿਆ ਕਿ ਪ੍ਰੈੱਸ ਦਾ ਕੰਮ ਰਾਜ ਦੀ ਸੇਵਾ ਕਰਨਾ ਹੈ, ਨਾ ਕਿ ਸ਼ਾਸ਼ਕ ਦੀ। ਅੱਜ ਟਰੰਪ ਆਪਣੇ ਨਾਲ ਉਸ ਮੀਡੀਆ ਨੂੰ ਲੈ ਕੇ ਜਾਂਦੇ ਹਨ, ਜੋ ਉਹਨਾਂ ਦੀ ਤਾਰੀਫ ਕਰਦਾ ਹੈ, ਸੁਆਲ ਨਹੀਂ ਕਰਦਾ। ਦੇਖਿਆ ਜਾਵੇ ਤਾਂ ਰਾਸ਼ਟਰਪਤੀ ਹੀ ਆਪਣੀ ਰਾਜਨੀਤੀ ਤੇ ਨਿੱਜੀ ਫਾਇਦੇ ਲਈ ਲੋਕਾਂ ਵਿਚ ਵੰਡੀਆਂ ਪਾ ਰਹੇ ਹਨ। ਉਹ ਆਪਣੇ ਸਮਰਥਕਾਂ ਨੂੰ ਵੀ ਕਹਿੰਦੇ ਹਨ ਕਿ ਉਹ ਜੋ ਕਹਿ ਰਹੇ ਹਨ ਉਸ ਵਲ ਧਿਆਨ ਦਿਓ। ਪਿਛਲੇ ਮਹੀਨੇ ਕੰਸਾਂਸ ਵਿਚ ਉਹਨਾਂ ਨੇ ਕਿਹਾ ਸੀ ਕਿ ਬਸ ਸਾਨੂੰ ਸੁਣੋ। ਇਹ ਲੋਕ ਪ੍ਰੈੱਸ ਜੋ ਬਕਵਾਸ ਦਿਖਾਉਂਦੇ ਹਨ, ਉਸ 'ਤੇ ਯਕੀਨ ਨਾ ਕਰੋ। ਆਪਣੇ ਕਾਰਜਕਾਰ ਦੇ 558 ਦਿਨਾਂ ਦੌਰਾਨ ਟਰੰਪ ਨੇ 4229 ਦਾਅਵੇ ਕੀਤੇ। ਵਾਸ਼ਿੰਗਟਨ ਪੋਸਟ ਨੇ ਇਹਨਾਂ ਝੂਠੇ ਦਾਅਵਿਆਂ ਦੀ ਸੂਚੀ ਬਣਾਈ ਫਿਰ ਵੀ ਟਰੰਪ ਦੇ ਸਮਰਥਕਾਂ ਨੇ ਸਿਰਫ 17 ਫੀਸਦੀ ਅਜਿਹੇ ਹਨ, ਜੋ ਮੰਨਦੇ ਹਨ ਕਿ ਅਮਰੀਕੀ ਪ੍ਰਸ਼ਾਸ਼ਣ ਲਗਾਤਾਰ ਝੂਠ ਬੋਲਦਾ ਰਹਿੰਦਾ ਹੈ। ਉਹਨਾਂ ਦਾ ਝੂਠ ਤੱਥ ਬਣਦਾ ਜਾ ਰਿਹਾ ਹੈ। ਸੂਚਨਾਵਾਂ ਨਾਲ ਲੈਸ ਨਾਗਰਿਕਾਂ ਦੇ ਲਈ ਝੂਠ ਤੇ ਉਸ ਦੇ ਵਜੂਦ ਨੂੰ ਨਕਾਰਦਾ ਹੈ। ਅਮਰੀਕਾ ਦੀ ਮਹਾਨਤਾ ਇਸ 'ਤੇ ਨਿਰਭਰ ਹੈ ਕਿ ਮੁਕਤ ਪ੍ਰੈੱਸ ਸੱਤਾ ਦੇ ਸਾਹਮਣੇ ਖੁੱਲ੍ਹ ਕੇ ਸੱਚ ਦਾ ਬਿਆਨ ਕਰੇ।

ਨੋਟ-ਚੰਗਾ ਹੁੰਦਾ ਕੋਈ ਸਾਰੇ 300 ਸੰਪਾਦਕੀ ਦਾ ਅਨੁਵਾਦ ਪੇਸ਼ ਕਰਦਾ, ਕਿਉਂਕਿ ਹਰ ਸੰਪਾਦਕੀ ਵਿਚ ਅਲਗ ਤੱਥ ਤੇ ਅਨੁਭਵ ਹੈ, ਇਸ ਵਿਚ ਪ੍ਰੈੱਸ ਦੀ ਆਜ਼ਾਦੀ ਨੂੰ ਲੈ ਕੇ ਸਾਡੀ ਸਮਝ ਵਿਸ਼ਾਲ ਹੁੰਦੀ ਹੈ। ਪਾਠਕਾਂ ਤੇ ਪੱਤਰਕਾਰਾਂ ਲਈ ਮੈਂ ਆਪਣੀ ਛੁੱਟੀ ਦੇ ਤਿੰਨ ਚਾਰ ਘੰਟੇ ਲਗਾ ਕੇ ਇਹ ਅਨੁਵਾਦ ਕੀਤੇ ਹਨ। ਇਹ ਇਸ ਲਈ ਵੀ ਲਿਖਿਆ ਹੈ ਕਿ ਤਾਂ ਕਿ ਤੁਹਾਨੂੰ ਪਤਾ ਲੱਗੇ ਕਿ ਇਸ ਤਰ੍ਹਾਂ ਦੇ ਕੰਮ ਵਿਚ ਮਿਹਨਤ ਲਗਦੀ ਹੈ। ਜੇਕਰ ਤੁਸੀਂ ਚਾਹੁੰਦੇ ਹੋ ਕਿ ਸਮਾਜ ਬਿਹਤਰ ਹੋਵੇ ਤਾਂ ਆਪਣੇ ਹਿੱਸੇ ਦਾ ਯੋਗਦਾਨ ਪਾਓ। ਆਉਣ ਵਾਲੇ ਦਿਨਾਂ ਵਿਚ ਕੁਝ ਸੰਪਾਦਕੀਆਂ ਦਾ ਅਨੁਵਾਦ ਕਰਾਂਗਾ।

## ਕੈਪਟਨ ਸਰਕਾਰ ਪੰਜਾਬ 'ਚ ਨਾਗਰਿਕਤਾ ਸੋਧ ਕਾਨੂੰਨ ਲਾਗੂ ਨਹੀਂ ਕਰੇਗੀ

ਉਨ੍ਹਾਂ ਕਿਹਾ ਕਿ ਇੱਥੋਂ ਤੱਕ ਕਿ ਸੰਯੁਕਤ ਰਾਸ਼ਟਰ ਨੇ ਵੀ ਸੀਏਏ ਨੂੰ ਪੱਖਪਾਤੀ ਕਦਮ ਕਰਾਰ ਦਿੱਤਾ ਹੈ।

ਉੱਤਰ ਪ੍ਰਦੇਸ਼ ਵਿੱਚ ਕਾਂਗਰਸ ਦੀ ਕੌਮੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨਾਲ ਦੁਰਵਿਹਾਰ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਕੈਪਟਨ ਨੇ ਕਿਹਾ ਕਿ ਉੱਥੋਂ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਇਜਾਜ਼ਤ ਤੋਂ ਬਿਨਾਂ ਪੁਲੀਸ ਅਜਿਹੀ ਕਾਰਵਾਈ ਨਹੀਂ ਕਰ ਸਕਦੀ। ਉਨ੍ਹਾਂ ਯੋਗੀ ਆਦਿਤਿਆਨਾਥ ਨੂੰ ਸਵਾਲ ਕੀਤਾ, "ਤੁਹਾਨੂੰ ਅਜਿਹੀ ਕਾਰਵਾਈ ਕਰਦਿਆਂ ਸ਼ਰਮ ਨਹੀਂ ਆਈ ?" ਉਨ੍ਹਾਂ ਚਿਤਾਵਨੀ ਦਿੱਤੀ ਕਿ ਕਾਂਗਰਸ ਇਸ ਘਟਨਾ ਨੂੰ ਕਦੇ ਨਹੀਂ ਭੁੱਲੇਗੀ ਤੇ ਇਕ ਦਿਨ ਲੋਕਾਂ ਦਾ ਸਮਾਂ ਜ਼ਰੂਰ ਆਵੇਗਾ।

ਐੱਮ.ਆਈ.ਟੀ. ਦੇ ਵਿਦਿਆਰਥੀਆਂ ਵੱਲੋਂ ਸੀਏਏ ਵਿਰੁੱਧ ਮਤਾ ਪਾਸ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਕਾਨੂੰਨ ਦੇ ਦੂਰਗਾਮੀ ਸਿੱਟਿਆਂ ਬਾਰੇ ਪੂਰਾ ਵਿਸ਼ਵ ਚਿੰਤਾ ਵਿੱਚ ਡੁੱਬਿਆ ਹੋਇਆ ਹੈ ਜਦਕਿ ਦਿੱਲੀ ਵਿੱਚ ਬੈਠੀ ਸੱਤਾ ਧਿਰ ਨੇ ਅੜੀਅਲ ਰਵੱਈਆ ਅਖ਼ਤਿਆਰ ਕੀਤਾ ਹੋਇਆ ਹੈ ਅਤੇ ਉਹ ਮੁਲਕ ਦੀ ਆਵਾਜ਼ ਸੁਣਨ ਤੋਂ ਵੀ ਇਨਕਾਰੀ ਹੈ। ਇਸ ਮੌਕੇ ਕੈਬਨਿਟ ਮੰਤਰੀ ਓ.ਪੀ. ਸੋਨੀ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁੰਦਰ ਸ਼ਾਮ ਅਰੋੜਾ ਅਤੇ ਵਿਧਾਇਕ ਰਾਣਾ ਗੁਰਜੀਤ ਸਿੰਘ, ਰਾਕੇਸ਼ ਪਾਂਡੇ, ਅਮਰੀਕ ਸਿੰਘ ਢਿੱਲੋਂ, ਅਮਰਿੰਦਰ ਸਿੰਘ ਰਾਜਾ ਵੜਿੰਗ, ਸੁਰਿੰਦਰ ਡਾਵਰ, ਪ੍ਰਗਟ ਸਿੰਘ, ਕੁਲਬੀਰ ਸਿੰਘ ਜ਼ੀਰਾ, ਲਖਬੀਰ ਸਿੰਘ ਲੱਖਾ, ਗੁਰਕੀਰਤ ਸਿੰਘ ਕੋਟਲੀ, ਕੁਲਦੀਪ ਸਿੰਘ ਵੈਦ, ਗੁਰਪ੍ਰੀਤ ਸਿੰਘ ਜੀ.ਪੀ., ਹਰਦੇਵ ਸਿੰਘ ਲਾਡੀ, ਚੇਅਰਮੈਨ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਡਾ. ਰਾਜ ਕੁਮਾਰ ਵੇਰਕਾ, ਅਮਰਜੀਤ ਸਿੰਘ ਟਿੱਕਾ,ਪਵਨ ਦੀਵਾਨ, ਜ਼ਿਲ੍ਹਾ ਪ੍ਰਧਾਨ ਅਸ਼ਵਨੀ ਸ਼ਰਮਾ, ਚੇਅਰਮੈਨ ਪੀ.ਆਰ.ਟੀ.ਸੀ. ਕੇ.ਕੇ. ਸ਼ਰਮਾ ਅਤੇ ਗੁਰਸਿਮਰਨ ਸਿੰਘ ਮੰਡ ਆਦਿ ਮੌਜੂਦ ਸਨ।




# ਪੰਜਾਬੀਆਂ ਨੂੰ ਸੰਤੁਸ਼ਟ ਨਾ ਕਰ ਸਕੀਆਂ

ਢੀਂਡਸਾ ਨੇ ਮੌਜੂਦਾ ਖ਼ਜ਼ਾਨਾ ਮੰਤਰੀ ਨੂੰ ਇਹ ਕਹਿ ਕੇ ਅਸਫ਼ਲ ਕਰਾਰ ਦੇ ਦਿੱਤਾ ਕਿ ਜੇਕਰ ਉਨਾਂ ਨੇ ਕੇਂਦਰ ਵਲੋਂ 2 ਮਹੀਨੇ ਜੀ.ਐੱਸ.ਟੀ. ਦਾ ਰਿਫੰਡ ਨਾ ਆਉਣ ਕਾਰਨ ਹੱਥ ਖੜੇ ਕਰ ਦਿੱਤੇ ਸਨ ਤਾਂ ਉਦੋਂ ਸਰਕਾਰ ਕੀ ਕਰੇਗੀ ਜਦੋਂ ਜੀ.ਐੱਸ.ਟੀ ਰਿਫੰਡ ਆਉਣਾ ਹੀ ਬੰਦ ਹੋ ਜਾਵੇਗਾ।

ਉੱਧਰ ਇਸ ਮਾਮਲੇ ਵਿਚ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਅਕਾਲੀ ਆਗੂ ਅਤੇ ਸਾਬਕਾ ਖ਼ਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਭੁੱਲ ਗਏ ਕਿ ਪੰਜਾਬ ਦੀਆਂ ਆਰਥਿਕ ਮੁਸ਼ਕਿਲਾਂ ਦੀ ਜੜ ਬਾਦਲ ਸਰਕਾਰ ਦੇ 10 ਸਾਲ ਦਾ ਰਾਜ ਹੀ ਹੈ ਅਤੇ ਉਕਤ ਸਰਕਾਰ ਵਲੋਂ ਸੱਤਾ ਛੱਡਣ ਤੋਂ ਐਨ ਪਹਿਲਾਂ ਅਨਾਜ ਖ਼ਰੀਦ ਸਬੰਧੀ ਸੂਬੇ ਸਿਰ 31000 ਕਰੋੜ ਦਾ ਕਰਜ਼ਾ ਲੈਣਾ ਗੱਠਜੋੜ ਸਰਕਾਰ ਵਲੋਂ ਪੰਜਾਬ ਨਾਲ ਕਮਾਇਆ ਸਭ ਤੋਂ ਵੱਡਾ ਧ੍ਰੋਹ ਸੀ। ਜਾਖੜ ਅਨੁਸਾਰ 2007 ਵਿਚ ਜਦ ਅਕਾਲੀ ਭਾਜਪਾ ਗਠਜੋੜ ਨੇ ਸੱਤਾ ਸੰਭਾਲੀ ਸੀ ਤਾਂ ਪੰਜਾਬ ਸਿਰ ਕਰਜ਼ਾ 46000 ਕਰੋੜ ਸੀ ਅਤੇ ਇਸ ਸਰਕਾਰ ਦੀਆਂ ਗ਼ਲਤ ਆਰਥਿਕ ਨੀਤੀਆਂ ਅਤੇ ਮਾੜੇ ਆਰਥਿਕ ਪ੍ਰਬੰਧਨ ਕਾਰਨ 10 ਸਾਲ ਵਿਚ ਰਾਜ ਸਿਰ ਕਰਜ਼ਾ ਤਕਰੀਬਨ 2.25 ਲੱਖ ਕਰੋੜ ਤੱਕ ਪੁੱਜ ਗਿਆ।

ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਇੰਨੀ ਬੁਰੀ ਤਰਾਂ ਫੁੱਟ ਦਾ ਸ਼ਿਕਾਰ ਹੋ ਗਈ ਕਿ ਤੂੜੀ ਦੀ ਪੰਡ ਵਾਂਗ ਚੁਰਾਹੇ ਵਿਚ ਹੀ ਖਿੰਡ ਗਈ। ਸੁਖਪਾਲ ਸਿੰਘ ਖਹਿਰਾ, ਬਸਪਾ ਅਤੇ ਬੈਂਸ ਭਰਾ ਆਪਸ ਵਿਚ ਮਿਲ ਕੇ ਵੀ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਸਕੇ।

## ਅਕਾਲੀ ਲੀਡਰਸ਼ਿਪ ਢਹਿ ਢੇਰੀ

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਜਿਹਾ ਮਾਮਲ ਹੈ ਜਿਸ ਨੇ ਅਕਾਲੀ ਲੀਡਰਸ਼ਿਪ ਨੂੰ ਤਾਂ ਹਾਸ਼ੀਏ 'ਤੇ ਧੱਕ ਰੱਖਿਆ ਹੈ ਪਰ ਇਸ ਭਾਵੁਕ ਅਤੇ ਅਤਿ ਸੰਵੇਦਨਸ਼ੀਲ ਮੁੱਦੇ 'ਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੀ ਕਟਿਹਰੇ ਵਿਚ ਹੈ। ਵਿਧਾਨ ਸਭਾ ਵਿਚ ਝੋਲੀਆਂ ਅੱਡ ਕੇ ਗੁਰੂ ਗ੍ਰੰਥ ਸਾਹਿਬ ਦੇ ਮੁੱਦੇ 'ਤੇ ਇਨਸਾਫ ਮੰਗਣ ਵਾਲੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ ਅਤੇ ਕੈਬਨਿਟ ਮੰਤਰੀ ਤੋਂ ਮੁੜ ਵਿਧਾਇਕ ਬਣੇ ਨਵਜੋਤ ਸਿੰਘ ਸਿੱਧੂ ਪਤਾ ਨਹੀਂ ਕਿਧਰ ਨੂੰ ਤੁਰ ਗਏ? ਕਾਂਗਰਸੀ ਵਿਧਾਇਕ ਅਫਸਰਸ਼ਾਹੀ ਤੋਂ ਨਿਰਾਸ਼ ਹਨ। ਵਿੱਤੀ ਸਥਿਤੀ ਨੂੰ ਲੈ ਕੇ ਕਾਂਗਰਸੀ ਆਪਸ ਵਿਚ ਹੀ ਇੱਕ-ਦੂਜੇ ਨਾਲ ਮੇਹਣੋ-ਮੇਹਣੀ ਹੋ ਰਹੇ ਹਨ।

ਇੱਥੇ ਜ਼ਿਕਰਯੋਗ ਹੈ ਕਿ ਸਾਲ 2017 ਵਿੱਚ ਅਕਾਲੀ ਦਲ ਦਾ ਸਿਆਸੀ ਤੌਰ 'ਤੇ ਪੈਰ ਉਖੜਨ ਦਾ ਦੌਰ ਸ਼ੁਰੂ ਹੋਇਆ ਸੀ, ਜੋ ਸਾਲ 2019 ਵਿਚ ਵੀ ਜਾਰੀ ਰਿਹਾ। ਕੈਪਟਨ ਸਰਕਾਰ ਵਿਰੁੱਧ ਲੋਕਾਂ ਦੀ ਨਾਰਾਜ਼ਗੀ ਦਾ ਸਿਆਸੀ ਲਾਹਾ ਲੈਣ ਵਿਚ ਵੀ ਅਕਾਲੀ ਕਾਮਯਾਬ ਨਹੀਂ ਹੋਏ। ਸਾਲ 2019 ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੀ ਸਾਖ ਬਹਾਲੀ ਲਈ ਤਿੰਨ ਵੱਡੇ ਮੌਕੇ ਮਿਲੇ ਸਨ ਪਰ ਪਾਰਟੀ ਨੂੰ ਇਨਾਂ ਵਿਚ ਖਾਸ ਕਾਮਯਾਬੀ ਨਹੀਂ ਮਿਲ ਸਕੀ। ਪਹਿਲਾ ਮੌਕੇ ਸੰਸਦੀ ਚੋਣਾਂ, ਦੂਜਾ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਅਤੇ ਤੀਜਾ ਸ਼੍ਰੋਮਣੀ ਅਕਾਲੀ ਦਲ ਦੇ 99ਵੇਂ ਸਥਾਪਨਾ ਦਿਵਸ ਮੌਕੇ ਸ਼ਤਾਬਦੀ ਜਸ਼ਨਾਂ ਦੀ ਸ਼ੁਰੂਆਤ ਕਰਨਾ ਸੀ। ਗੁਰਦੁਆਰਾ ਸੁਧਾਰ ਲਹਿਰ ਵਿਚੋਂ ਨਿਕਲੇ ਸ਼੍ਰੋਮਣੀ ਅਕਾਲੀ ਦਲ ਲਈ ਸਭ ਤੋਂ ਵੱਡਾ ਸੰਕਟ ਇਹ ਹੈ ਕਿ ਪਾਰਟੀ ਦੇ ਆਗੂਆਂ 'ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਲੱਗੇ ਹਨ। ਇਹ ਦੋਸ਼ ਅਕਾਲੀਆਂ 'ਤੇ ਸੱਤਾਧਾਰੀ ਹੁੰਦਿਆਂ ਲੱਗੇ, ਜੋ ਹੁਣ ਤੱਕ ਪਿੱਛਾ ਨਹੀਂ ਛੱਡ ਰਹੇ। ਅਕਾਲੀ ਦਲ ਨੇ ਜੰਮੂ ਕਸ਼ਮੀਰ ਵਿੱਚ ਧਾਰਾ 370 ਖ਼ਤਮ ਕਰਨ ਅਤੇ 'ਰਿਆਸਤ' ਨੂੰ ਦੋ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ ਵੰਡਣ 'ਤੇ ਮੋਦੀ ਸਰਕਾਰ ਦੇ ਫੈਸਲੇ ਦੀ ਡਟਵੀਂ ਹਮਾਇਤ ਕੀਤੀ। ਅਕਾਲੀ ਦਲ ਨੇ ਨਾਗਰਿਕਤਾ ਸੋਧ ਕਾਨੂੰਨ ਦੀ ਵੀ ਹਮਾਇਤ ਕੀਤੀ। ਸ਼੍ਰੋਮਣੀ ਅਕਾਲੀ ਦਲ ਮੁੱਢੋਂ ਰਾਜਾਂ ਨੂੰ ਵੱਧ ਅਧਿਕਾਰਾਂ ਅਤੇ ਘੱਟ ਗਿਣਤੀਆਂ ਦੇ ਹੱਕਾਂ ਖਾਤਰ ਡਟਦਾ ਰਿਹਾ ਹੈ। ਅਕਾਲੀ ਦਲ ਦੇ ਮੂਲ ਸਿਧਾਂਤਾਂ ਤੋਂ ਪਿਛੇ ਹਟਣ ਨੂੰ ਸਿਆਸੀ ਵਿਸਲੇਸ਼ਕਾਂ ਨੇ ਪਾਰਟੀ ਲਈ ਨਾਂਹ ਪੱਖੀ ਕਰਾਰ ਦਿੱਤਾ ਹੈ।

ਸੁਖਬੀਰ ਬਾਦਲ ਭਾਵੇਂ ਇਸ ਨਾਗਰਿਕਤਾ ਕਾਨੂੰਨ ਵਿੱਚ ਸੋਧ ਕਰਕੇ ਮੁਸਲਮਾਨਾਂ ਨੂੰ ਵੀ ਸ਼ਾਮਲ ਕਰਨ ਦੀ ਮੰਗ ਕਰ ਰਹੇ ਹਨ ਪਰ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਖੁੱਲੀ ਹਮਾਇਤ ਵਿਚ ਨਿੱਤਰੇ ਹੋਏ ਹਨ। ਇਸ ਸਾਲ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ ਨੇ 10 ਸੀਟਾਂ 'ਤੇ ਉਮੀਦਵਾਰ ਖੜੇ ਕੀਤੇ ਸਨ ਪਰ ਜਿੱਤ ਸਿਰਫ਼ ਦੋ ਉਮੀਦਵਾਰਾਂ (ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ) ਨੂੰ ਹੀ ਨਸੀਬ ਹੋਈ। ਪੰਜਾਬ ਵਿਚ ਚਾਰ ਸੀਟਾਂ 'ਤੇ ਜ਼ਿਮਨੀ ਚੋਣਾਂ ਹੋਈਆਂ, ਜਿਨਾਂ ਵਿਚ ਅਕਾਲੀ ਦਲ ਦਾ ਗੜ ਮੰਨੇ ਜਾਂਦੇ ਜਲਾਲਾਬਾਦ ਸੀਟ ਵੀ ਪਾਰਟੀ ਕੋਲੋਂ ਖੁਸ ਗਈ। ਪਾਰਟੀ ਨੇ ਦਾਖਾ ਹਲਕੇ ਦੀ ਸੀਟ ਜਿੱਤ ਤਾਂ ਲਈ ਪਰ ਜਨਤਕ ਉਭਾਰ ਨਾ ਹੋਇਆ। ਇਸ ਵਰੇ ਬਾਦਲ ਪਰਿਵਾਰ ਅਤੇ ਕੈਪਟਨ ਦਰਮਿਆਨ ਗੁਪਤ ਸਮਝੌਤਾ ਹੋਣ ਦੇ ਦੋਸ਼ ਵੀ ਭਾਰੂ ਰਹੇ। ਬਾਦਲ ਦਲ ਵਿਚ ਸੱਤਾਹੀਣ ਹੋਣ ਤੋਂ ਬਾਅਦ ਛਿੜਿਆ ਗ੍ਰਹਿ ਯੁੱਧ ਠੰਢਾ ਨਹੀਂ ਹੋ ਰਿਹਾ। ਪਾਰਟੀ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ ਅਤੇ ਸੇਵਾ ਸਿੰਘ ਸੇਖਵਾਂ ਵੱਲੋਂ ਕੀਤੀ ਬਗਾਵਤ ਦਾ ਪ੍ਰਭਾਵ ਬੇਅਸਰ ਨਹੀਂ ਹੋਇਆ। ਇਸ ਦੇ ਉਲਟ ਸੁਖਦੇਵ ਸਿੰਘ ਢੀਂਡਸਾ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਵੀ ਆਪਣੇ ਪਿਤਾ ਦੇ ਰਾਹ ਚੱਲਦੇ ਦਿਖਾਈ ਦੇ ਰਹੇ ਹਨ। ਇਸ ਤਰਾਂ ਨਾਲ ਪਾਰਟੀ ਅੰਦਰਲਾ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਅਕਾਲੀ ਦਲ ਵਿਚ ਨਿੱਕਲੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵੱਲੋਂ ਵੀ ਇਸ ਸਾਲ ਦੌਰਾਨ ਆਪਣੀਆਂ ਗਤੀਵਿਧੀਆਂ ਤੇਜ਼ ਕਰਕੇ ਬਾਦਲ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਗਿਆ। 'ਟਕਸਾਲੀਆਂ' ਦੀ ਇਸ ਸਾਲ ਦੌਰਾਨ ਸਭ ਤੋਂ ਵੱਡੀ ਕਾਮਯਾਬੀ ਇਹੀ ਰਹੀ ਕਿ ਅਕਾਲੀ ਦਲ ਤੋਂ ਬਾਗੀ ਚੱਲੇ ਆ ਰਹੇ ਸੁਖਦੇਵ ਸਿੰਘ ਢੀਂਡਸਾ ਨੂੰ ਆਪਣੇ ਨਾਲ 'ਤੋਰਨ' ਵਿੱਚ ਕਾਮਯਾਬ ਹੋ ਗਏ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਾਲ 2017 ਤੋਂ ਬਾਅਦ ਜਿਵੇਂ ਆਪਣੀਆਂ ਸਰਗਰਮੀਆਂ ਘਟਾਈਆਂ ਗਈਆਂ ਸਨ, ਇਸ ਸਾਲ ਉਨਾਂ ਆਪਣੀਆਂ ਗਤੀਵਿਧੀਆਂ ਹੋਰ ਵੀ ਸੀਮਤ ਕਰ ਲਈਆਂ ਹਨ। ਪਾਰਟੀ ਦੀ ਮੁਕੰਮਲ ਕਮਾਂਡ ਸੁਖਬੀਰ ਬਾਦਲ ਦੇ ਹੱਥ ਹੈ। ਪਾਰਟੀ ਦੇ ਸੀਨੀਅਰ ਆਗੂ ਮੰਨਦੇ ਹਨ ਕਿ ਇਸ ਸਮੇਂ ਸੁਖਬੀਰ ਬਾਦਲ, ਹਰਸਿਮਰਤ ਕੌਰ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਦਾ ਹੀ ਅਕਾਲੀ ਦਲ 'ਤੇ ਕੰਟਰੋਲ ਹੈ।

## ਪੰਜਾਬ ਵਿੱਚ ਪੈਰਾਂ-ਸਿਰ ਨਾ ਹੋਈ ਭਾਜਪਾ

ਪੰਜਾਬ ਵਿੱਚ ਭਾਜਪਾ ਕੋਈ ਖਾਸ ਕ੍ਰਿਸ਼ਮਾ ਨਹੀਂ ਦਿਖਾ ਸਕੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਲਵੇ ਕਾਰਨ ਸੰਸਦੀ ਦੌਰਾਨ ਪਾਰਟੀ ਭਾਵੇਂ ਤਿੰਨ ਸੰਸਦੀ ਸੀਟਾਂ ਵਿੱਚੋਂ ਦੋ ਸੀਟਾਂ 'ਤੇ ਜਿੱਤ ਹਾਸਲ ਕਰਨ ਵਿੱਚ ਕਾਮਯਾਬ ਰਹੀ ਪਰ ਜਥੇਬੰਦਕ ਤੌਰ 'ਤੇ ਪਾਰਟੀ ਵਿਚ ਹੋਈ ਪਾਟੋਧਾੜ ਨੇ ਪਾਰਟੀ ਦੇ ਸਿਆਸੀ ਪ੍ਰਭਾਵ ਨੂੰ ਸੱਟ ਮਾਰੀ ਹੈ। ਸਾਲ 2019 ਦੀਆਂ ਸੰਸਦੀ ਚੋਣਾਂ ਦੌਰਾਨ ਦੇਸ਼ ਵਚ ਨਰਿੰਦਰ ਮੋਦੀ ਦਾ ਜਾਦੂ ਵੋਟਰਾਂ ਦੇ ਸਿਰ ਚੜ ਕੇ ਬੋਲਿਆ ਪਰ ਪੰਜਾਬ ਵਿਚ ਲਗਾਤਾਰ ਦੂਜੀ ਵਾਰ ਭਾਜਪਾ ਪੈਰਾਂ-ਸਿਰ ਨਹੀਂ ਹੋ ਸਕੀ। ਪੰਜਾਬ ਵਿਚ ਅੱਜ ਵੀ ਭਾਜਪਾ ਦਾ ਅਕਸ ਅਕਾਲੀਆਂ ਦੀ ਪਿਛਲੱਗ ਪਾਰਟੀ ਵਾਲਾ ਹੀ ਬਣਿਆ ਹੋਇਆ ਹੈ। ਜ਼ਿਮਨੀ ਚੋਣਾਂ ਦੌਰਾਨ ਭਾਜਪਾ ਨੇ ਆਪਣੀ ਹਿੱਸੇ ਦੀਆਂ ਦੋ ਸੀਟਾਂ ਫਗਵਾੜਾ ਅਤੇ ਮੁਕੇਰੀਆਂ ਤੋਂ ਚੋਣ ਲੜੀ ਪਰ ਦੋਹਾਂ ਹਲਕਿਆਂ ਤੋਂ ਹਾਰ ਗਈ।

## ਪਾਖੰਡੀ ਸਾਧਾਂ ਦਾ ਇਕ ਯੁੱਗ ਸਮਾਪਤ

ਪਾਖੰਡੀ ਸਾਧਾਂ ਦਾ ਇਕ ਯੁੱਗ 2019 ਨੂੰ ਸਮਾਪਤ ਹੋ ਗਿਆ ਹੈ, ਕਿਉਂਕਿ ਸੌਦਾ ਸਾਧ ਤੇ ਬਾਬਾ ਪਿਆਰਾ ਸਿੰਘ ਭਨਿਆਰੇ ਨੇ ਲਗਾਤਾਰ ਖਾਲਸਾ ਪੰਥ ਨੂੰ ਚੁਣੌਤੀ ਦਿੱਤੀਆਂ ਰੱਖੀਆਂ, ਇਸ ਕਾਰਨ ਹਿੰਸਾ ਵੀ ਫੈਲੀ। ਪੰਚਕੂਲਾ ਵਿਚਲੀ ਸੀਬੀਆਈ ਅਦਾਲਤ ਛੇਤੀ ਹੀ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਉੱਤੇ ਚਲ ਰਹੇ ਕਤਲ ਦੇ ਮੁਕੱਦਮੇ ਬਾਰੇ ਫੈਸਲਾ ਸੁਣਾਉਣ ਜਾ ਰਹੀ ਹੈ। ਇਹ ਮੁਕੱਦਮਾ ਵੀ ਸੀਬੀਆਈ ਜੱਜ ਜਗਦੀਪ ਸਿੰਘ ਵਲੋਂ ਸੁਣਿਆ ਜਾ ਰਿਹਾ ਹੈ ਜਿਹਨਾਂ ਵਲੋਂ 20 17 ਵਿਚ ਜਬਰ-ਜਨਾਹ ਮਾਮਲੇ ਵਿਚ ਗੁਰਮੀਤ ਰਾਮ ਰਹੀਮ ਨੂੰ 14 ਸਾਲਾਂ ਦੀ ਸਜਾ ਸੁਣਾਈ ਗਈ ਸੀ। ਇਹ ਮੁਕੱਦਮਾ ਪੱਤਰਕਾਰ ਰਾਮਚੰਦਰ ਛੱਤਰਪਤੀ ਦੀ 2002 ਵਿਚ ਹੋਈ ਮੌਤ ਨਾਲ ਸੰਬੰਧਿਤ ਹੈ। ਇਸ ਕੇਸ ਵਿਚ ਸੌਦਾ ਸਾਧ ਅਤੇ 3 ਹੋਣ ਜਣੇ ਮੁੱਖ ਦੋਸ਼ੀ ਹਨ। ਰਾਮ ਚੰਦਰ ਛੱਤਰਪਤੀ, ਜੋ ਕਿ ਪੂਰਾ ਸੱਚ ਅਖਬਾਰ ਦੇ ਸੰਪਾਦਕ ਸਨ, ਨੂੰ ਉਹਨਾਂ ਦੇ ਸਿਰਸਾ ਵਿਚਲੇ ਘਰ ਵਿਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਰਾਮ ਚੰਦਰ ਛੱਤਰਪਤੀ ਨੇ ਆਪਣੀ ਅਖਬਾਰ ਵਿਚ ਇੱਕ ਬੇਨਾਮੀ ਚਿੱਠੀ ਛਾਪੀ ਜਿਹੜੀ ਕਿ ਇਸ ਗੱਲ ਦਾ ਖੁਲਾਸਾ ਕਰਦੀ ਸੀ ਕਿ ਡੇਰਾ ਮੁਖੀ ਵਲੋਂ ਡੇਰੇ ਅੰਦਰ ਬੀਬੀਆਂ ਨਾਲ ਬਲਾਤਕਾਰ ਕੀਤਾ ਜਾ ਰਿਹਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਸਲਾਬਤਪੁਰਾ ਵਿਚ ਸੌਦਾ ਸਾਧ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਾ ਕੇ ਅੰਮ੍ਰਿਤ ਛਕਾਉਣ ਵਰਗਾ ਬਾਣਾ ਤਿਆਰ ਕਰਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ, ਜਿਸ ਕਰਕੇ ਹਿੰਸਾ ਭੜਕੀ ਸੀ। ਜੇਲ ਜਾਣ ਮਗਰੋਂ ਸਿਰਸਾ ਡੇਰੇ ਤੇ ਸਿੱਖ ਪੰਥ ਦਾ ਤਣਾਅ ਹਾਲ ਦੀ ਘੜੀ ਖਤਮ ਹੈ।

ਵਿਵਾਦਤ ਧਾਰਮਿਕ ਆਗੂ 61 ਸਾਲਾ ਪਿਆਰਾ ਸਿੰਘ ਭਨਿਆਰਾਂਵਾਲੇ ਬੀਤੇ ਸੋਮਵਾਰ ਸਵੇਰੇ ਚਲ ਵਸਿਆ। ਪਿਆਰਾ ਸਿੰਘ ਦਾ ਜਨਮ 23 ਅਗਸਤ 1957 ਨੂੰ ਰੋਪੜ ਜ਼ਿਲੇ ਦੇ ਧੀਮਾਨਾ ਪਿੰਡ ਵਿਚ ਹੋਇਆ ਸੀ। ਪਿਆਰਾ ਸਿੰਘ ਨੇ ਆਪਣੇ ਕਥਿਤ ਕੌਤਕਾਂ ਬਾਰੇ 2001 ਵਿਚ ਭਵ-ਸਾਗਰ ਸਮੁੰਦਰ ਗ੍ਰੰਥ ਲਿਖਵਾਇਆ। ਜਿਸ ਵਿਚ ਬਹੁਤ ਸਾਰੇ ਸਿਆਸੀ ਆਗੂਆਂ ਤੇ ਅਫਸਰਾਂ ਦੀਆਂ ਤਸਵੀਰਾਂ ਪਿਆਰਾ ਸਿੰਘ ਨਾਲ ਛਪੀਆਂ ਸਨ। ਖਾਲਸਾ ਪੰਥ ਨਾਲ ਵਿਵਾਦ ਹੋਣ ਤੋਂ ਬਾਅਦ ਕਈ ਪੰਥਕ ਆਗੂਆਂ ਨੂੰ ਅਕਾਲ ਤਖ਼ਤ ਜਾ ਕੇ ਤਨਖ਼ਾਹ ਲਗਵਾਉਣੀ ਪਈ।

ਪਿਆਰਾ ਸਿੰਘ ਦੇ ਗ੍ਰੰਥ ਉੱਤੇ ਵਿਵਾਦ ਹੋਣ ਤੇ ਪਾਬੰਦੀ ਦੀ ਮੰਗ ਉੱਠਣ ਤੋਂ ਬਾਅਦ ਉਸਦੇ ਪੈਰੋਕਾਰਾਂ ਉੱਤੇ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਪਾੜਨ ਤੇ ਬੇਅਦਬੀ ਕਰਨ ਦੇ ਇਲਜ਼ਾਮ ਲੱਗੇ। ਇਨਾਂ ਘਟਨਾਵਾਂ ਨੇ ਪੰਜਾਬ ਦੀ ਸ਼ਾਂਤੀ ਲਈ ਖਤਰਾ ਖੜਾ ਕਰ ਦਿੱਤਾ। ਇਸੇ ਦੌਰਾਨ ਪਿਆਰਾ ਸਿੰਘ ਨੂੰ ਨੈਸ਼ਨਲ ਸਕਿਉਰਿਟੀ ਐਕਟ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਸਿਤੰਬਰ 2001 ਨੂੰ ਆਪਣੀ ਗ੍ਰਿਫ਼ਤਾਰੀ ਤੋਂ ਬਾਅਦ ਉਹ 9 ਮਹੀਨੇ ਜੇਲ ਵਿਚ ਰਿਹਾ। ਉਸ ਉੱਤੇ ਕਈ ਜਾਨਲੇਵਾ ਹਮਲੇ ਵੀ ਕੀਤੇ ਗਏ ਪਰ ਸੀਆਰਪੀਐੱਫ ਦੀ ਸਖ਼ਤ ਸੁਰੱਖਿਆ ਤੇ ਡੇਰਾ ਪੈਰੋਕਾਰਾਂ ਦੇ ਸੁਰੱਖਿਆ ਘੇਰੇ ਕਾਰਨ ਉਹ ਬਚ ਗਿਆ। ਭਨਿਆਰਾਂਵਾਲਾ ਨੇ ਆਪਣੇ ਭਵ ਸਾਗਰ ਸਮੁੰਦਰ ਗ੍ਰੰਥ ਤੋਂ ਪਾਬੰਦੀ ਹਟਾਉਣ ਲਈ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਪਾਕੇ ਲੰਬੀ ਕਾਨੂੰਨੀ ਲੜਾਈ ਵੀ ਲੜੀ ਪਰ ਅਦਾਲਤ ਨੇ ਇਸ ਦੀ ਆਗਿਆ ਨਹੀਂ ਦਿੱਤੀ।

# ਨਗਰ ਕੀਰਤਨ ਸਜਾਉਣ 'ਤੇ ਲੱਗੀਆਂ ਰੋਕਾਂ

ਕਿ ਸਿੱਖਾਂ ਦੀ ਧਾਰਮਿਕ ਆਜ਼ਾਦੀ ਵਿਰੁੱਧ ਉੱਤਰ ਪ੍ਰਦੇਸ਼ ਪੁਲਿਸ ਦੇ ਸਿੱਖ ਵਿਰੋਧੀ ਫੈਸਲੇ ਨਾਲ ਸਿੱਖਾਂ ਅੰਦਰ ਭਾਰੀ ਰੋਸ ਹੈ। ਪੁਲਿਸ ਦੀ ਕਾਰਵਾਈ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜੀ ਹੈ। ਉਨਾਂ ਕਿਹਾ ਕਿ ਨਗਰ ਕੀਰਤਨ ਕੱਢਣ 'ਤੇ ਰੋਕ ਲਗਾਉਣ ਦੀ ਕੋਈ ਤੁਕ ਨਹੀਂ ਸੀ ਬਣਦੀ, ਕਿਉਂਕਿ ਸਿੱਖ ਕੌਮ ਵੱਲੋਂ ਸਜਾਏ ਜਾਂਦੇ ਨਗਰ ਕੀਰਤਨ ਆਪਣੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਉਣ ਦੇ ਨਾਲ ਨਾਲ ਮਨੁੱਖੀ ਭਾਈਚਾਰੇ ਨੂੰ ਜੋੜਦੇ ਹਨ। ਇਸ ਸਮੇਂ ਹਰ ਧਰਮ ਦੇ ਲੋਕ ਰਲ ਮਿਲ ਕੇ ਗੁਰੂਘਰਾਂ ਅੰਦਰ ਸ਼ਮੂਲੀਅਤ ਕਰਦੇ ਹਨ, ਪਰ ਹੈਰਾਨੀਜਨਕ ਗੱਲ ਹੈ ਕਿ ਉਤਰ ਪ੍ਰਦੇਸ਼ ਪੁਲਿਸ ਵੱਲੋਂ ਨਗਰ ਕੀਰਤਨ ਸਜਾਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਸਬੰਧੀ ਯੂ.ਪੀ. ਸਰਕਾਰ ਨੂੰ ਦੋਸ਼ੀ ਪੁਲਿਸ ਕਰਮੀਆਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ। ਉਨਾਂ ਆਖਿਆ ਕਿ ਸਿੱਖ ਕੌਮ ਅਜਿਹਾ ਧੱਕਾ ਹਰਗਿਜ਼ ਬਰਦਾਸ਼ਤ ਨਹੀਂ ਕਰੇਗੀ ਕਿ ਉਸ ਨੂੰ ਆਪਣੇ ਧਾਰਮਿਕ ਦਿਹਾੜੇ ਮਨਾਉਣ ਤੋਂ ਰੋਕਿਆ ਜਾਵੇ।

ਨਗਰ ਕੀਰਤਨ ਕੱਢਦੇ ਸਿੱਖਾਂ ਖਿਲਾਫ ਦਰਜ ਕੀਤੇ ਕੇਸਾਂ 'ਤੇ ਮੁੜ ਵਿਚਾਰ ਕਰਨ ਯੋਗੀ: ਕੈਪਟਨ

ਉੱਤਰ ਪ੍ਰਦੇਸ਼ ਅੰਦਰ ਪੀਲੀਭੀਤ ਦੇ ਪਿੰਡ ਖੇੜੀ ਨੌਬਰਾਮਦ ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ ਵਿੱਚ ਨਗਰ ਕੀਰਤਨ ਸਜਾ ਰਹੀਆਂ ਸਿੱਖ ਸੰਗਤਾਂ ਖਿਲਾਫ ਉੱਤਰ ਪ੍ਰਦੇਸ਼ ਪੁਲਿਸ ਵੱਲੋਂ ਕੇਸ ਦਰਜ ਕਰਨ ਦੇ ਮਾਮਲੇ 'ਚ ਦਖਲ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੂੰ ਕਿਹਾ ਹੈ ਕਿ ਉਹ ਇਨਾਂ ਕੇਸਾਂ 'ਤੇ ਮੁੜ ਵਿਚਾਰ ਕਰਨ।

ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰਦਿਆਂ ਯੋਗੀ ਅਦਿਆਨਾਥ ਦੇ ਖਾਤੇ ਨੂੰ ਨਾਲ ਨੱਥੀ ਕਰਦਿਆਂ ਲਿਖਿਆ ਕਿ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ 'ਚ ਸ਼ਾਮਿਲ ਸਿੱਖਾਂ 'ਤੇ ਦਰਜ ਕੀਤੇ ਮਾਮਲੇ 'ਤੇ ਮੁੜ ਵਿਚਾਰ ਕੀਤੀ ਜਾਵੇ।

## ਨਿਸ਼ਾਨ ਸਾਹਿਬ ਤੁਰੰਤ ਵਾਪਸ ਕੀਤਾ ਜਾਵੇ: ਬਾਬਾ ਬਲਬੀਰ ਸਿੰਘ

ਬੁੱਢਾ ਦਲ ਦੇ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਪੁਲਿਸ ਦੀ ਕਾਰਵਾਈ ਵਿਰੁੱਧ ਸਖਤ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਇਹ ਸਿੱਧੇ ਰੂਪ ਵਿੱਚ ਸਿੱਖ ਧਰਮ ਅੰਦਰ ਦਖਲ-ਅੰਦਾਜ਼ੀ ਅਤੇ ਸਿੱਖਾਂ ਨੂੰ ਬੇਪੱਤ ਕਰਨ ਵਾਲੀ ਕਾਰਵਾਈ ਹੈ। ਉਨਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਪੁਲਿਸ ਵੱਲੋਂ ਕਬਜ਼ੇ ਵਿਚ ਲਿਆ ਨਿਸ਼ਾਨ ਸਾਹਿਬ ਅਤੇ ਪਾਲਕੀ ਤੁਰੰਤ ਸਤਿਕਾਰ ਸਹਿਤ ਵਾਪਸ ਕੀਤੀ ਜਾਵੇ। ਉਨਾਂ ਮੰਗ ਕੀਤੀ ਕਿ ਨਗਰ ਕੀਰਤਨ ਨੂੰ ਰੋਕਣ ਵਾਲੇ ਪੁਲਿਸ ਮੁਲਾਜ਼ਮਾਂ ਖਿਲਾਫ ਸਰਕਾਰ ਤੁਰੰਤ ਕਾਰਵਾਈ ਕਰੇ।

# ਮੋਗਾ ਜ਼ਿਲੇ ਦੇ ਮਾਛੀਕੇ ਪਿੰਡ 'ਚ

ਸੜਕ ਚੌੜੀ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ ਤਾਂ ਮੁਸਲਿਮ ਭਾਈਚਾਰੇ ਨੇ ਅਫਸਰਾਂ ਨੂੰ ਬੇਨਤੀ ਵੀ ਕੀਤੀ ਸੀ ਕਿ ਇਸ ਮਸਜਿਦ ਨੂੰ ਬਚਾ ਲਿਆ ਜਾਵੇ। ਪਰ ਇਹ ਬੇਨਤੀ ਪ੍ਰਵਾਨ ਨਾ ਚੜੀ। ਪਿੰਡ ਵਿੱਚ ਮਹਿਜ਼ 14-15 ਘਰ ਹੀ ਮੁਸਲਮਾਨਾਂ ਦੇ ਦੱਸੇ ਜਾਂਦੇ ਹਨ ਤੇ ਪਿੰਡ ਦੀ ਉਂਝ ਅਬਾਦੀ 7000 ਤੋਂ ਵੱਧ ਹੈ।

ਮੁਸਲਿਮ ਭਾਈਚਾਰੇ ਦਾ ਕਹਿਣਾ ਹੈ ਕਿ ਉਹਨਾਂ ਦੀ ਮਸਜਿਦ ਢੱਠਣ ਤੋਂ ਬਾਅਦ ਉਹਨਾਂ ਕੋਲ ਇਬਾਦਤ ਕਰਨ ਦੀ ਕੋਈ ਥਾਂ ਨਹੀਂ ਰਹਿ ਗਈ ਸੀ। ਤਾਂ ਦਰਸ਼ਨ ਸਿੰਘ ਦੇ ਪਰਿਵਾਰ ਨੇ ਮੁਸਲਿਮ ਭਾਈਚਾਰੇ ਦੀ ਬਾਂਹ ਫੜੀ ਤੇ ਮਸਜਿਦ ਅਤੇ ਧਰਮਸ਼ਾਲਾ ਬਣਾਉਣ ਲਈ 16 ਮਰਲੇ ਜ਼ਮੀਨ ਦਾਨ ਦੇ ਦਿੱਤੀ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com